ਰਜਿਸਟਰਡ ਪੋਸਟਲ ਰਜਿ: ਨੰ.
Pb/PTA(0274)/2024-26,
ਸਾਲ (Year) 58
ਅੰਕ ਨੰਬਰ (Volume No.) 157
ਫ਼ੋਨ: +91- 92168-07500
E-mail: news@charhdikala.com
www.charhdikala.com

ਨਾਨਕ ਨਾਮ ਚੜ੍ਹਦੀਕਲਾ ਤੇਰੇ ਭਾਣੇ ਸਰਬਤ ਦਾ ਭਲਾ

# ਚੜ੍ਹਦੀਕਲਾ ***

DAILY CHARHDIKALA, PATIALA

ਬਾਨੀ : (ਸਵ.) ਗਿ. ਹਰਨਾਮ ਸਿੰਘ ਜੀ | ਮੁੱਖ ਸੰਪਾਦਕ : ਡਾ. ਜਗਜੀਤ ਸਿੰਘ ਦਰਦੀ | ਸੰਪਾਦਕ : ਹਰਪ੍ਰੀਤ ਸਿੰਘ ਦਰਦੀ

ਕੁੱਲ ਪੰਨੇ: 12 (Monday, 8 June, 2026) ਸੋਮਵਾਰ, 8 ਜੂਨ, 2026, 25 ਜੇਠ, ਨਾਨਕਸ਼ਾਹੀ ਸੰਮਤ 558, ਬਿਕ੍ਰਮੀ 2083/ PRGI (RNI) Regd. No. 22972/1972/ ਮੁੱਲ: 2 ਰੁਪਏ

## ਨੀਟ-ਯੂਜੀ ਪ੍ਰੀਖਿਆ ਕੇਂਦਰਾਂ ਦੀ ਐਨ.ਟੀ.ਏ. ਵੱਲੋਂ ਸੂਚੀ ਜਾਰੀ

ਨਵੀਂ ਦਿੱਲੀ, 7 ਜੂਨ (ਚੜ੍ਹਦੀਕਲਾ ਬਿਊਰੋ) : ਨੈਸ਼ਨਲ ਟੈਸਟਿੰਗ ਏਜੰਸੀ (ਐਨਟੀਏ) ਨੇ ਐਤਵਾਰ ਨੂੰ 21 ਜੂਨ ਨੂੰ ਹੋਣ ਵਾਲੀ ਨੀਟ-ਯੂਜੀ 2026 ਰੀ-ਪ੍ਰੀਖਿਆ ਲਈ ਪ੍ਰੀਖਿਆ ਸ਼ਹਿਰ ਜਾਣਕਾਰੀ ਸਲਿੱਪ ਜਾਰੀ ਕੀਤੀ। ਐਨ.ਟੀ.ਏ. ਨੇ ਇੱਕ ਪੋਸਟ ਵਿੱਚ ਕਿਹਾ ਕਿ ਉਮੀਦਵਾਰ ਹੁਣ ਨੀਟ-ਯੂਜੀ 2026 ਲਈ ਆਪਣੀ ਨਿਰਧਾਰਤ ਪ੍ਰੀਖਿਆ ਸ਼ਹਿਰ ਜਾਣਕਾਰੀ ਦੇਖ ਸਕਦੇ ਹਨ। ਆਪਣੀ ਸਲਿੱਪ ਦੇਖਣ ਅਤੇ ਡਾਊਨਲੋਡ ਕਰਨ ਲਈ ਆਪਣੇ ਐਪਲੀਕੇਸ਼ਨ ਨੰਬਰ ਅਤੇ ਪਾਸਵਰਡ ਨਾਲ ਲੌਗਇਨ ਕਰੋ।

(ਬਾਕੀ ਸਫਾ 2 'ਤੇ)




### ਆਮ ਆਦਮੀ ਨੂੰ ਮਹਿੰਗਾਈ ਦਾ ਇੱਕ ਹੋਰ ਵੱਡਾ ਝਟਕਾ !

## 29 ਰੁਪਏ ਮਹਿੰਗਾ ਹੋਇਆ ਘਰੇਲੂ ਐਲ.ਪੀ.ਜੀ. ਸਿਲੰਡਰ

ਚੜ੍ਹਦੀਕਲਾ ਬਿਊਰੋ
=============

ਨਵੀਂ ਦਿੱਲੀ, 7 ਜੂਨ : ਦੇਸ਼ ਵਿੱਚ ਮਹਿੰਗਾਈ ਨੇ ਆਮ ਆਦਮੀ ਦਾ ਦਮ ਘੁੱਟ ਦਿੱਤਾ ਹੈ।



ਜ਼ਰੂਰੀ ਚੀਜ਼ਾਂ ਦਿਨੋਂ-ਦਿਨ ਮਹਿੰਗੀਆਂ ਹੁੰਦੀਆਂ ਜਾ ਰਹੀਆਂ ਹਨ। ਦੁੱਧ, ਪੈਟਰੋਲ, ਡੀਜ਼ਲ ਅਤੇ ਸੀਐਨਜੀ ਤੋਂ ਬਾਅਦ, ਘਰੇਲੂ ਰਸੋਈ ਗੈਸ ਸਿਲੰਡਰਾਂ ਦੀਆਂ ਕੀਮਤਾਂ ਵਿੱਚ ਵੀ ਵਾਧਾ ਕੀਤਾ ਗਿਆ ਹੈ। ਗੈਸ ਕੰਪਨੀਆਂ ਨੇ ਰਸੋਈ ਗੈਸ ਸਿਲੰਡਰਾਂ ਦੀ ਕੀਮਤ ਵਿੱਚ 29 ਰੁਪਏ ਦਾ ਵਾਧਾ ਕੀਤਾ ਹੈ, ਜਿਸ ਨਾਲ ਘਰੇਲੂ ਸਿਲੰਡਰ ਦੀ ਕੀਮਤ 942 ਰੁਪਏ ਹੋ ਗਈ ਹੈ।

ਦਿੱਲੀ-ਐਨ.ਸੀ.ਆਰ. ਵਿੱਚ, 14.2 ਕਿਲੋਗ੍ਰਾਮ ਘਰੇਲੂ ਐਲ.ਪੀ.ਜੀ. ਸਿਲੰਡਰ ਦੀ ਕੀਮਤ ਹੁਣ 942 ਰੁਪਏ ਹੈ। 5 ਕਿਲੋਗ੍ਰਾਮ ਵਾਲੇ ਸਿਲੰਡਰ ਦੀ ਕੀਮਤ 339 ਰੁਪਏ ਹੈ। 19 ਕਿਲੋਗ੍ਰਾਮ ਵਾਲੇ ਵਪਾਰਕ ਸਿਲੰਡਰ ਦੀ ਕੀਮਤ 3,113.50 ਰੁਪਏ ਤੇ ਬਰਕਰਾਰ ਹੈ।ਇਹ ਤਿੰਨ ਮਹੀਨਿਆਂ ਵਿੱਚ ਐਲ.ਪੀ.ਜੀ. ਦੀਆਂ ਕੀਮਤਾਂ ਵਿੱਚ ਦੂਜਾ ਵਾਧਾ ਹੈ। ਇਸ ਤੋਂ ਪਹਿਲਾਂ, 7 ਮਾਰਚ ਨੂੰ, ਐਲ.ਪੀ.ਜੀ. ਸਿਲੰਡਰ ਦੀ ਕੀਮਤ ਵਿੱਚ 60 ਰੁਪਏ ਦਾ ਵਾਧਾ ਕੀਤਾ ਗਿਆ ਸੀ। ਇਸ ਤਰ੍ਹਾਂ, ਤਿੰਨ ਮਹੀਨਿਆਂ ਦੇ ਅੰਦਰ, ਇੱਕ ਘਰੇਲੂ ਸਿਲੰਡਰ ਦੀ ਕੀਮਤ 89 ਰੁਪਏ ਮਹਿੰਗੀ ਹੋ ਗਈ ਹੈ।

(ਬਾਕੀ ਸਫਾ 2 'ਤੇ)

## 'ਇੰਡੀਆ' ਦੀ ਦਿੱਲੀ 'ਚ ਅਹਿਮ ਬੈਠਕ ਅੱਜ, 23 ਦਲ ਹੋਣਗੇ ਸ਼ਾਮਲ

ਨਵੀਂ ਦਿੱਲੀ, 7 ਜੂਨ (ਚੜ੍ਹਦੀਕਲਾ ਬਿਊਰੋ) : ਦੇਸ਼ ਦੀਆਂ 23 ਪ੍ਰਮੁੱਖ ਸਿਆਸੀ ਪਾਰਟੀਆਂ ਨੇ ਸੋਮਵਾਰ ਨੂੰ ਨਵੀਂ ਦਿੱਲੀ ਦੇ



ਕਾਂਸਟੀਚਿਊਸ਼ਨ ਕਲੱਬ 'ਚ ਹੋਣ ਵਾਲੀ 'ਇੰਡੀਆ' ਦੀ ਵਿਸ਼ੇਸ਼ ਬੈਠਕ ਚ ਸ਼ਾਮਲ ਹੋਣ ਦੀ ਪੁਸ਼ਟੀ ਕੀਤੀ ਹੈ। ਇਹ ਬੈਠਕ ਦੁਪਹਿਰ 12 ਵਜੇ ਸ਼ੁਰੂ ਹੋਵੇਗੀ, ਜਿਸ ਦਾ ਮੁੱਖ ਉਦੇਸ਼ ਮੋਦੀ ਸਰਕਾਰ ਦੀਆਂ ਕਥਿਤ ਲੋਕ-ਵਿਰੋਧੀ

(ਬਾਕੀ ਸਫਾ 2 'ਤੇ)

### ਵਿਜੀਲੈਂਸ ਮੁਖੀ ਦੇ ਰੀਡਰ ਨੇ ਖੋਲ੍ਹੇ ਭੇਤ

## 'ਰਿਸ਼ਵਤ ਕਾਂਡ' ਮਾਮਲੇ 'ਚ ਸੀ.ਬੀ.ਆਈ. ਹੁਣ ਵਿਜੀਲੈਂਸ ਅਫ਼ਸਰਾਂ ਵੱਲ ਵਧੀ

### ਅੱਜ ਮੁਲਜ਼ਮਾਂ ਨੂੰ ਆਹਮੋ-ਸਾਹਮਣੇ ਬਿਠਾ ਕੇ ਹੋਵੇਗੀ ਪੁੱਛ-ਗਿੱਛ

ਚੜ੍ਹਦੀਕਲਾ ਬਿਊਰੋ
=============

ਚੰਡੀਗੜ੍ਹ, 7 ਜੂਨ :ਸੀ.ਬੀ.ਆਈ. ਹੁਣ ਮਲੋਟ ਦੀ ਤਿੱਕੜੀ ਨਾਲ ਸਬੰਧਿਤ 'ਰਿਸ਼ਵਤ ਕਾਂਡ' ਮਾਮਲੇ 'ਚ ਵਿਜੀਲੈਂਸ ਬਿਊਰੋ ਦੇ ਉੱਚ ਅਫ਼ਸਰਾਂ ਵੱਲ ਵਧਣ ਲੱਗੀ ਹੈ। ਹਾਲਾਂਕਿ ਵਿਜੀਲੈਂਸ ਬਿਊਰੋ ਦੇ ਮੁਖੀ ਸ਼ਰਦ ਸੱਤਿਆ ਚੌਹਾਨ ਦੇ ਨਾਮ ਦੀ ਸੀ.ਬੀ.ਆਈ. ਵੱਲੋਂ ਦਰਜ ਐੱਫ.ਆਈ.ਆਰ. 'ਚ ਗੂੰਜ ਤਾਂ ਪਈ ਹੈ ਪਰ ਸਿੱਧੇ ਤੌਰ 'ਤੇ ਉਨ੍ਹਾਂ ਖ਼ਿਲਾਫ਼ ਕੋਈ ਇਲਜ਼ਾਮ ਪੁਲਿਸ ਕੇਸ 'ਚ ਸਾਹਮਣੇ ਨਹੀਂ ਆਏ। ਵਿਜੀਲੈਂਸ ਮੁਖੀ ਦੇ ਰੀਡਰ ਓਮ ਪ੍ਰਕਾਸ਼ ਸਿੰਘ ਰਾਣਾ ਇਸ ਵੇਲੇ ਪੁਲਿਸ ਰਿਮਾਂਡ 'ਤੇ ਹਨ ਅਤੇ 8 ਜੂਨ ਨੂੰ ਰੀਡਰ ਰਾਣਾ ਦਾ ਪੁਲਿਸ ਰਿਮਾਂਡ ਖ਼ਤਮ ਹੋ ਰਿਹਾ ਹੈ। ਸੀ.ਬੀ.ਆਈ. ਨੂੰ ਰੀਡਰ ਰਾਣਾ ਤੋਂ ਪੁੱਛ-ਗਿੱਛ ਦੌਰਾਨ ਅਹਿਮ ਸੁਰਾਗ ਹੱਥ ਲੱਗੇ ਹਨ ਜੋ ਵਿਜੀਲੈਂਸ ਦੇ ਉੱਚ ਅਫ਼ਸਰਾਂ ਦੀਆਂ ਮੁਸ਼ਕਲਾਂ ਵਧਾ ਸਕਦੇ ਹਨ ਅਤੇ ਰਿਸ਼ਵਤ ਕਾਂਡ ਨੂੰ ਨਵਾਂ ਮੋੜਾ ਦੇ ਸਕਦੇ ਹਨ। ਸੰਘੀ ਏਜੰਸੀ ਨੂੰ ਪੁਲਿਸ ਰਿਮਾਂਡ ਦੌਰਾਨ ਰੀਡਰ ਰਾਣਾ ਕੋਲੋਂ ਇੱਕ ਮੋਬਾਈਲ ਫ਼ੋਨ ਬਰਾਮਦ ਹੋਇਆ ਹੈ। ਇਸ ਡਿਵਾਈਸ ਦੀ ਜਾਂਚ ਦੌਰਾਨ ਮੁਲਜ਼ਮਾਂ ਵਿਚਾਲੇ ਰਿਸ਼ਵਤ ਦੀ ਮੰਗ ਤੇ ਅਪਰਾਧਿਕ ਸਾਜਿਸ਼ ਬਾਰੇ ਸੀ.ਬੀ.ਆਈ. ਨੂੰ ਅਹਿਮ ਭੇਤ ਹੱਥ ਲੱਗੇ ਹਨ।




ਅਹਿਮ ਸੂਤਰਾਂ ਅਨੁਸਾਰ ਵਿਜੀਲੈਂਸ ਦੇ ਇੱਕ ਉੱਚ ਅਧਿਕਾਰੀ

(ਬਾਕੀ ਸਫਾ 2 'ਤੇ)

## ਦੇਸ਼ ਦੇ ਕਈ ਸੂਬਿਆਂ 'ਚ ਮਾਨਸੂਨ ਤੋਂ ਪਹਿਲਾਂ ਦੀ ਬਾਰਿਸ਼ ਜਾਰੀ

### ਬਿਜਲੀ ਡਿੱਗਣ ਕਾਰਨ 6 ਮੌਤਾਂ

ਅਹਿਮਦਾਬਾਦ, 7 ਜੂਨ (ਚੜ੍ਹਦੀਕਲਾ ਬਿਊਰੋ) : ਗੁਜਰਾਤ ਨੂੰ ਛੱਡ ਕੇ ਦੇਸ਼ ਦੇ ਸਾਰੇ ਸੂਬਿਆਂ ਵਿੱਚ ਮਾਨਸੂਨ ਤੋਂ ਪਹਿਲਾਂ ਦੀ ਬਾਰਿਸ਼ ਹੋ ਰਹੀ ਹੈ। ਸ਼ਨੀਵਾਰ ਨੂੰ ਦੱਖਣੀ ਅਤੇ ਉੱਤਰ-ਪੂਰਬੀ ਰਾਜਾਂ, ਜਿਨ੍ਹਾਂ ਵਿੱਚ ਮੱਧ ਪ੍ਰਦੇਸ਼, ਉੱਤਰ ਪ੍ਰਦੇਸ਼, ਰਾਜਸਥਾਨ, ਬਿਹਾਰ, ਝਾਰਖੰਡ, ਹਰਿਆਣਾ ਅਤੇ ਹਿਮਾਚਲ ਪ੍ਰਦੇਸ਼ ਸ਼ਾਮਲ ਹਨ, ਵਿੱਚ ਭਾਰੀ ਬਾਰਿਸ਼ ਹੋਈ। ਬਿਹਾਰ ਦੇ ਜਮੂਈ, ਮੁੰਗੇਰ, ਬਾਂਕਾ ਅਤੇ ਬਕਸਰ ਵਿੱਚ ਬਿਜਲੀ ਡਿੱਗਣ ਨਾਲ ਚਾਰ ਅਤੇ ਝਾਰਖੰਡ ਵਿੱਚ ਦੋ ਲੋਕਾਂ ਦੀ ਮੌਤ ਹੋ ਗਈ। ਮੱਧ ਪ੍ਰਦੇਸ਼ ਦੇ ਚਾਰ ਜ਼ਿਲ੍ਹਿਆਂ ਵਿੱਚ ਤੂਫ਼ਾਨ ਨਾਲ ਮੀਂਹ ਪਿਆ। ਸ਼ਾਜਾਪੁਰ

(ਬਾਕੀ ਸਫਾ 2 'ਤੇ)

### ਮੌਸਮ ਵਿਭਾਗ ਵੱਲੋਂ ਵੱਡੀ ਅਪਡੇਟ

## ਪੰਜਾਬ ਦੇ ਜ਼ਿਆਦਾਤਰ ਜ਼ਿਲ੍ਹਿਆਂ 'ਚ ਹੀਟ ਵੇਵ ਦਾ ਕਹਿਰ



ਚੜ੍ਹਦੀਕਲਾ ਬਿਊਰੋ
=============

ਚੰਡੀਗੜ੍ਹ, 7 ਜੂਨ : ਪੰਜਾਬ ਦੇ ਮੌਸਮ ਦੀ ਨਵੀਂ ਅਪਡੇਟ ਸਾਹਮਣੇ ਆਈ ਹੈ। ਮੌਸਮ ਵਿਭਾਗ ਨੇ 12 ਜੂਨ ਤੱਕ ਪੰਜਾਬ ਦੇ ਮੌਸਮ ਸਬੰਧੀ ਵੱਡੀ ਭਵਿੱਖਬਾਣੀ ਕੀਤੀ ਹੈ। ਮੌਸਮ ਵਿਭਾਗ ਵੱਲੋਂ ਕੀਤੀ ਗਈ ਭਵਿੱਖਬਾਣੀ ਮੁਤਾਬਕ 8 ਜੂਨ ਨੂੰ ਪੰਜਾਬ ਵਿਚ ਮੌਸਮ ਖ਼ੁਸ਼ਕ ਰਹੇਗਾ। ਵਿਭਾਗ ਨੇ ਫ਼ਿਰੋਜ਼ਪੁਰ, ਫਾਜ਼ਿਲਕਾ,

(ਬਾਕੀ ਸਫਾ 2 'ਤੇ)

## ਦੇਸ਼ ਦੇ 17 ਸੂਬਿਆਂ 'ਚ ਹਨ੍ਹੇਰੀ-ਝੱਖੜ ਦੇ ਨਾਲ-ਨਾਲ ਭਾਰੀ ਮੀਂਹ ਦਾ ਅਲਰਟ

ਨਵੀਂ ਦਿੱਲੀ, 7 ਜੂਨ (ਚੜ੍ਹਦੀਕਲਾ ਬਿਊਰੋ) : ਦੇਸ਼ ਦੇ ਕਈ ਹਿੱਸਿਆਂ ਵਿੱਚ ਭਿਆਨਕ ਗਰਮੀ ਪੈ ਰਹੀ ਹੈ, ਜਿਸ ਤੋਂ ਲੋਕਾਂ ਨੂੰ ਜਲਦੀ ਰਾਹਤ ਮਿਲ ਸਕਦੀ ਹੈ। ਭਾਰਤੀ ਮੌਸਮ ਵਿਭਾਗ ਨੇ 8 ਜੂਨ ਨੂੰ ਉੱਤਰ ਪ੍ਰਦੇਸ਼, ਬਿਹਾਰ ਅਤੇ ਮਹਾਰਾਸ਼ਟਰ ਸਮੇਤ 17 ਰਾਜਾਂ ਵਿੱਚ ਤੇਜ਼ ਹਨ੍ਹੇਰੀ-ਝੱਖੜ ਆਉਣ, ਮੀਂਹ ਪੈਣ ਅਤੇ ਬਿਜਲੀ ਡਿੱਗਣ ਦੀ ਚੇਤਾਵਨੀ ਜਾਰੀ ਕੀਤੀ ਹੈ।

(ਬਾਕੀ ਸਫਾ 2 'ਤੇ)

## ਕੋਲਕਾਤਾ ਨਗਰ ਨਿਗਮ ਦਾ ਕੌਂਸਲਰ ਮੁਹੰਮਦ ਜਾਸਿਮੁਦੀਨ ਪੋਕਸੋ ਤਹਿਤ ਗ੍ਰਿਫ਼ਤਾਰ

ਕੋਲਕਾਤਾ, 7 ਜੂਨ (ਚੜ੍ਹਦੀਕਲਾ ਬਿਊਰੋ) : ਕੋਲਕਾਤਾ ਨਗਰ ਨਿਗਮ ਦੇ ਵਾਰਡ ਨੰਬਰ 39 (ਜੋਰਾਸਾਂਕੋ) ਦੇ ਕੌਂਸਲਰ ਮੁਹੰਮਦ ਜਾਸਿਮੁਦੀਨ ਨੂੰ ਐਤਵਾਰ ਨੂੰ ਬੱਚਿਆਂ ਦੇ ਜਿਨਸੀ ਅਪਰਾਧਾਂ ਤੋਂ ਸੁਰੱਖਿਆ (ਪੋਕਸੋ) ਐਕਟ ਤਹਿਤ ਗ੍ਰਿਫ਼ਤਾਰ ਕੀਤਾ ਗਿਆ। ਤ੍ਰਿਣਮੂਲ ਨੇਤਾ ਵਿਰੁੱਧ ਇਸ ਤਾਜ਼ਾ ਕਾਰਵਾਈ ਨਾਲ ਪਿਛਲੇ 24 ਘੰਟਿਆਂ ਵਿੱਚ ਗ੍ਰਿਫ਼ਤਾਰ ਕੀਤੇ ਗਏ ਕੌਂਸਲਰਾਂ ਦੀ ਗਿਣਤੀ ਦੋ ਹੋ ਗਈ ਹੈ। ਇਸ ਤੋਂ ਪਹਿਲਾਂ, ਸ਼ਨੀਵਾਰ ਦੇਰ ਰਾਤ, ਵਾਰਡ ਨੰਬਰ 101 ਦੇ ਕੌਂਸਲਰ ਬੱਪਾਦਿੱਤਿਆ ਦਾਸਗੁਪਤਾ ਨੂੰ ਜਬਰੀ ਵਸੂਲੀ ਅਤੇ ਜ਼ਬਰਦਸਤੀ ਦੇ ਦੋਸ਼ਾਂ ਵਿੱਚ ਗ੍ਰਿਫ਼ਤਾਰ ਕੀਤਾ ਗਿਆ ਸੀ।

ਪੁਲਿਸ ਦੇ ਅਨੁਸਾਰ

(ਬਾਕੀ ਸਫਾ 2 'ਤੇ)

### ਰੱਖਿਆ ਮੰਤਰੀ ਨੇ ਸੰਵਾਦ ਪ੍ਰੋਗਰਾਮ ਨੂੰ ਕੀਤਾ ਸੰਬੋਧਨ

## ਵਿਦੇਸ਼ਾਂ 'ਤੇ ਨਿਰਭਰਤਾ ਹੋ ਰਹੀ ਹੈ ਖ਼ਤਮ: ਰਾਜਨਾਥ

ਚੜ੍ਹਦੀਕਲਾ ਬਿਊਰੋ
=============

ਨਵੀਂ ਦਿੱਲੀ, 7 ਜੂਨ : ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਐਤਵਾਰ ਨੂੰ ਕਿਹਾ ਕਿ ਦੇਸ਼ ਦਾ ਰੱਖਿਆ ਉਤਪਾਦਨ ਲਗਾਤਾਰ ਵਧ ਰਿਹਾ ਹੈ ਅਤੇ ਜ਼ਿਆਦਾਤਰ ਉਪਕਰਣ ਹੁਣ ਦੇਸ਼ ਵਿੱਚ ਹੀ ਬਣਾਏ ਜਾ ਰਹੇ ਹਨ। ਲਖਨਊ ਤੋਂ ਸੰਸਦ ਮੈਂਬਰ ਰਾਜਨਾਥ ਸਿੰਘ ਨੇ ਇਹ ਬਿਆਨ ਕੈਂਟ ਵਿਧਾਨ ਸਭਾ ਹਲਕੇ ਦੇ ਕੈਂਟ ਡਿਵੀਜ਼ਨ-1 ਵਿੱਚ ਆਯੋਜਿਤ ਬੁੱਧੀਜੀਵੀਆਂ ਅਤੇ ਸੀਨੀਅਰ ਨਾਗਰਿਕਾਂ ਦੇ ਸੰਵਾਦ ਪ੍ਰੋਗਰਾਮ ਵਿੱਚ ਦਿੱਤਾ। ਉਨ੍ਹਾਂ ਕਿਹਾ ਕਿ 2014 ਵਿੱਚ ਸੰਸਦ ਮੈਂਬਰ ਬਣਨ ਤੋਂ ਬਾਅਦ ਲਖਨਊ ਦੀ ਵੱਡੀ ਸਮੱਸਿਆ ਟ੍ਰੈਫਿਕ ਭੀੜ ਸੀ ਅਤੇ ਇਸ ਨੂੰ ਹੱਲ ਕਰਨ ਲਈ, ਰਿੰਗ ਰੋਡ ਪ੍ਰੋਜੈਕਟ ਨੂੰ ਤਰਜੀਹ ਦਿੱਤੀ ਗਈ ਸੀ, ਜਿਸਦਾ ਲਾਭ ਅੱਜ ਸ਼ਹਿਰ ਦੇ ਵਸਨੀਕ ਲੈ ਰਹੇ ਹਨ। ਇੱਕ ਬਿਆਨ ਦੇ ਅਨੁਸਾਰ ਭਾਰਤੀ ਜਨਤਾ ਪਾਰਟੀ (ਭਾਜਪਾ) ਦੀ ਲਖਨਊ ਮੈਟਰੋਪੋਲੀਟਨ ਯੂਨਿਟ ਦੁਆਰਾ ਆਯੋਜਿਤ ਇਸ ਸਮਾਗਮ ਵਿੱਚ ਉਪ ਮੁੱਖ ਮੰਤਰੀ ਬ੍ਰਿਜੇਸ਼ ਪਾਠਕ ਅਤੇ ਮੈਟਰੋਪੋਲੀਟਨ ਪ੍ਰਧਾਨ ਆਨੰਦ ਦਿਵੇਦੀ ਵੀ ਮੌਜੂਦ ਸਨ।

ਰੱਖਿਆ ਮੰਤਰੀ ਨੇ ਕਿਹਾ,ਲਖਨਊ ਹੁਣ



ਰੱਖਿਆ ਉਤਪਾਦਨ ਅਤੇ ਖੋਜ ਲਈ ਇੱਕ ਮਹੱਤਵਪੂਰਨ ਕੇਂਦਰ ਬਣ ਰਿਹਾ ਹੈ। ਬ੍ਰਹਮੋਸ ਮਿਜ਼ਾਈਲ ਪ੍ਰੋਜੈਕਟ ਸਮੇਤ

(ਬਾਕੀ ਸਫਾ 2 'ਤੇ)

## ਏ.ਆਰ. ਰਹਿਮਾਨ ਨੇ ਅਟਾਰੀ ਸਰਹੱਦ 'ਤੇ ਰਚਿਆ ਇਤਿਹਾਸ, ਬਾਰਡਰ ਉੱਤੇ ਗੂੰਜਿਆ 'ਮਾਂ ਤੁਝੇ ਸਲਾਮ'

ਚੜ੍ਹਦੀਕਲਾ ਬਿਊਰੋ
=============

ਅੰਮ੍ਰਿਤਸਰ, 7 ਜੂਨ : ਅੰਮ੍ਰਿਤਸਰ ਦੇ ਅਟਾਰੀ ਬਾਰਡਰ ਸਥਿਤ ਜੇ.ਸੀ.ਪੀ. ਸਟੇਡੀਅਮ ਵਿੱਚ ਕਰਵਾਏ ਗਏ ਵਿਸ਼ੇਸ਼ ਸਮਾਗਮ "Jai Ho – A Tribute to the Bravehearts" ਦੌਰਾਨ ਵਿਸ਼ਵ ਪ੍ਰਸਿੱਧ ਸੰਗੀਤਕਾਰ ਏ.ਆਰ. Rahman ਨੇ ਪਹਿਲੀ ਵਾਰ ਬੀਟਿੰਗ ਦ ਰਿਟਰੀਟ ਸਮਾਰੋਹ ਵਿੱਚ ਲਾਈਵ ਪਰਫਾਰਮੈਂਸ ਕਰਕੇ ਸਮਾਗਮ ਨੂੰ ਯਾਦਗਾਰੀ ਬਣਾ ਦਿੱਤਾ। ਇਸ ਮੌਕੇ ਫਿਲਮ ਨਿਰਦੇਸ਼ਕ ਇਮਤਿਆਜ਼ ਅਲੀ, ਗਾਇਕ ਮੋਹਿਤ ਚੌਹਾਨ, ਨਿਲਾਂਜਨਾ ਘੋਸ਼, ਪੂਜਾ ਤਿਵਾਰੀ ਅਤੇ



(ਬਾਕੀ ਸਫਾ 2 'ਤੇ)

## ਸੀ.ਜੇ.ਪੀ. ਦੇ ਪ੍ਰਦਰਸ਼ਨ 'ਚ 7000 ਲੋਕਾਂ ਨੇ ਲਿਆ ਹਿੱਸਾ: ਦੀਪਕੇ

ਚੜ੍ਹਦੀਕਲਾ ਬਿਊਰੋ
=============

ਛਤਰਪਤੀ ਸੰਭਾਜੀਨਗਰ, 7 ਜੂਨ : ਕਾਕਰੋਚ ਜਨਤਾ ਪਾਰਟੀ (ਸੀ.ਜੇ.ਪੀ.) ਦੇ ਸੰਸਥਾਪਕ ਅਭਿਜੀਤ ਦੀਪਕੇ ਨੇ ਐਤਵਾਰ ਨੂੰ ਕਿਹਾ ਕਿ ਪ੍ਰੀਖਿਆਵਾਂ ਅਤੇ ਭਰਤੀ ਪ੍ਰੀਖਿਆਵਾਂ ਵਿੱਚ ਕਥਿਤ ਬੇਨਿਯਮੀਆਂ ਵਿਰੁੱਧ ਉਨ੍ਹਾਂ ਦਾ ਅੰਦੋਲਨ ਉਦੋਂ ਤੱਕ ਜਾਰੀ ਰਹੇਗਾ, ਜਦੋਂ ਤੱਕ ਕੇਂਦਰੀ ਸਿੱਖਿਆ ਮੰਤਰੀ ਧਰਮਿੰਦਰ ਪ੍ਰਧਾਨ ਅਸਤੀਫਾ ਨਹੀਂ ਦਿੰਦੇ। ਦੀਪਕ ਨੇ ਇਹ ਵੀ ਕਿਹਾ ਕਿ ਸ਼ਨੀਵਾਰ ਨੂੰ ਨਵੀਂ ਦਿੱਲੀ ਦੇ ਜੰਤਰ-ਮੰਤਰ 'ਤੇ ਉਨ੍ਹਾਂ ਦਾ ਵਿਰੋਧ ਪ੍ਰਦਰਸ਼ਨ ਕਾਫ਼ੀ ਹੱਦ ਤੱਕ ਸਫਲ ਰਿਹਾ, ਜਿਸ ਵਿੱਚ ਲਗਭਗ 7,000 ਲੋਕਾਂ ਨੇ ਹਿੱਸਾ ਲਿਆ। ਇਹ ਅੰਦੋਲਨ ਹੁਣ ਦੇਸ਼ ਭਰ ਵਿੱਚ ਫੈਲ ਜਾਵੇਗਾ।

ਸੀ.ਜੇ.ਪੀ. ਦੇ ਸੰਸਥਾਪਕ ਐਤਵਾਰ ਸਵੇਰੇ ਮਹਾਰਾਸ਼ਟਰ ਦੇ ਛਤਰਪਤੀ ਸੰਭਾਜੀਨਗਰ ਜ਼ਿਲ੍ਹੇ ਦੇ ਐਮ.ਆਈ.ਡੀ.ਸੀ. ਵਲੂਜ ਖੇਤਰ ਵਿੱਚ ਆਪਣੀ ਰਿਹਾਇਸ਼ ਤੇ ਪਹੁੰਚੇ, ਜਿੱਥੇ ਉਨ੍ਹਾਂ ਦਾ ਪਰਿਵਾਰਕ ਮੈਂਬਰਾਂ ਨੇ ਸਵਾਗਤ ਕੀਤਾ। ਬਾਅਦ ਵਿੱਚ ਪੱਤਰਕਾਰਾਂ ਨਾਲ ਗੱਲ ਕਰਦੇ ਹੋਏ ਦੀਪਕ ਨੇ ਕਿਹਾ ਕਿ,ਅਸੀਂ ਇਸ ਅੰਦੋਲਨ ਨੂੰ ਦੇਸ਼




ਵਿਆਪੀ ਬਣਾਉਣ ਲਈ ਇੱਕ ਹੋਰ ਕਾਰਜ ਯੋਜਨਾ

(ਬਾਕੀ ਸਫਾ 2 'ਤੇ)

## ਬੰਗਾਲ ਸਰਕਾਰ ਵੱਲੋਂ ਮਦਰੱਸਿਆਂ ਦੇ ਕੰਮਕਾਜ ਅਤੇ ਕਾਨੂੰਨੀ ਸਥਿਤੀ ਬਾਰੇ ਸਰਵੇਖਣ ਸ਼ੁਰੂ

ਚੜ੍ਹਦੀਕਲਾ ਬਿਊਰੋ
=============

ਕੋਲਕਾਤਾ, 7 ਜੂਨ : ਪੱਛਮੀ ਬੰਗਾਲ ਸਰਕਾਰ ਨੇ ਮਦਰੱਸਿਆਂ ਦੇ ਕੰਮਕਾਜ, ਉਨ੍ਹਾਂ ਦੇ ਬੁਨਿਆਦੀ ਢਾਂਚੇ ਅਤੇ ਉਨ੍ਹਾਂ ਦੀ ਕਾਨੂੰਨੀ ਸਥਿਤੀ ਬਾਰੇ ਵਿਆਪਕ ਜਾਣਕਾਰੀ ਇਕੱਠੀ ਕਰਨ ਲਈ ਇੱਕ ਰਾਜ ਵਿਆਪੀ ਸਰਵੇਖਣ ਸ਼ੁਰੂ ਕੀਤਾ ਹੈ। ਇਕ ਅਧਿਕਾਰੀ ਨੇ ਇਸ ਦੀ ਜਾਣਕਾਰੀ ਦਿੱਤੀ। ਉਨ੍ਹਾਂ ਕਿਹਾ ਕਿ ਸਾਰੇ ਜ਼ਿਲ੍ਹਾ ਮੈਜਿਸਟ੍ਰੇਟਾਂ ਨੂੰ ਇਸ ਸਬੰਧੀ 5 ਜੁਲਾਈ ਤੱਕ ਵਿਸਥਾਰਤ ਰਿਪੋਰਟ ਪੇਸ਼ ਕਰਨ ਦੇ ਨਿਰਦੇਸ਼ ਦਿੱਤੇ ਗਏ ਹਨ। ਅਧਿਕਾਰੀਆਂ ਨੇ ਕਿਹਾ ਕਿ ਇਹ ਸਰਵੇਖਣ ਸਰਕਾਰ ਨੂੰ ਇਹ ਪੁਸ਼ਟੀ



(ਬਾਕੀ ਸਫਾ 2 'ਤੇ)

## ਨਹਿਰ 'ਚ ਨਹਾਉਂਦੇ ਸਮੇਂ ਤਿੰਨ ਭਰਾ ਡੁੱਬੇ

ਲਖਨਊ, 7 ਜੂਨ (ਚੜ੍ਹਦੀਕਲਾ ਬਿਊਰੋ) : ਉੱਤਰ ਪ੍ਰਦੇਸ਼ ਦੇ ਕਾਸਗੰਜ ਜ਼ਿਲ੍ਹੇ 'ਚ ਨਾਦਰਾਈ ਹਜ਼ਾਰਾ ਨਹਿਰ 'ਚ ਨਹਾਉਂਦੇ ਸਮੇਂ ਡੁੱਬਣ ਵਾਲੇ ਹਾਥਰਸ ਦੇ 3 ਭਰਾਵਾਂ ਦੀਆਂ ਲਾਸ਼ਾਂ ਲਗਭਗ 20 ਘੰਟੇ ਦੀ ਖੋਜ ਤੇ ਬਚਾਅ ਮੁਹਿੰਮ ਤੋਂ ਬਾਅਦ ਬਰਾਮਦ ਕਰ ਲਈਆਂ ਗਈਆਂ ਹਨ। ਪੁਲਿਸ ਅਨੁਸਾਰ ਪੀਏਸੀ ਹੜ੍ਹ ਯੂਨਿਟ ਅਤੇ ਪੁਲਸ ਦੀ ਇੱਕ ਸਾਂਝੀ ਟੀਮ ਨੇ ਲਾਸ਼ਾਂ ਨੂੰ ਕੱਢਿਆ ਅਤੇ ਪੋਸਟਮਾਰਟਮ ਲਈ ਭੇਜ ਦਿੱਤਾ। ਪੁਲਸ ਨੇ ਦੱਸਿਆ ਕਿ ਹਾਥਰਸ ਜ਼ਿਲ੍ਹੇ ਦੇ ਸਿਕੰਦਰਰਾਓ ਥਾਣਾ ਖੇਤਰ ਦੇ ਟਿੱਕਰੀ ਨਾਗਲਾ ਪਿੰਡ ਦੇ ਰਹਿਣ ਵਾਲੇ ਜੈਪ੍ਰਕਾਸ਼ (25), ਅਜੈ (24)

(ਬਾਕੀ ਸਫਾ 2 'ਤੇ)

## ਘੱਟਣ ਲੱਗੀ ਭਾਰਤ ਦੀ ਆਬਾਦੀ, ਰਿਪਲੇਸਮੈਂਟ ਲੈਵਲ ਤੋਂ ਵੀ ਹੇਠਾਂ ਡਿੱਗੀ ਜਨਮ ਦਰ !

ਚੜ੍ਹਦੀਕਲਾ ਬਿਊਰੋ
=============

ਨਵੀਂ ਦਿੱਲੀ, 7 ਜੂਨ : ਭਾਰਤ, ਜੋ ਕਿ ਇਸ ਸਮੇਂ ਦੁਨੀਆ ਦਾ ਸਭ ਤੋਂ ਵੱਧ ਆਬਾਦੀ ਵਾਲਾ ਦੇਸ਼ ਹੈ, 'ਚ ਜਨਮ ਦਰ ਹੁਣ ਘਟਣ ਲੱਗ ਪਈ ਹੈ। ਭਾਰਤ 'ਚ ਘੱਟਣ ਲੱਗੀ ਜਨਮ ਦਰ 'ਤੇ ਦੁਨੀਆਂ ਦੇ ਸਭ ਤੋਂ ਅਮੀਰ ਵਿਅਕਤੀ ਤੇ ਸਪੇਸਐਕਸ ਦੇ ਸੀ.ਈ.ਓ. ਐਲਨ ਮਸਕ ਨੇ ਸ਼ਨੀਵਾਰ ਨੂੰ ਇੱਕ ਸੋਸ਼ਲ ਮੀਡੀਆ ਪੋਸਟ ਰਾਹੀਂ ਚਿੰਤਾ ਪ੍ਰਗਟਾਈ ਹੈ। ਉਨ੍ਹਾਂ ਕਿਹਾ ਕਿ ਭਾਰਤ 'ਚ ਜਨਮ ਦਰ ਹੁਣ ਰਿਪਲੇਸਮੈਂਟ



(ਬਾਕੀ ਸਫਾ 2 'ਤੇ)

### ਯਾਦਾਂ ਦੇ ਝਰੋਖੇ 'ਚੋਂ

## 8 ਜੂਨ ਨੂੰ 90 ਸਾਲ ਦੀ ਯਾਤਰਾ ਪੂਰੀ ਹੋਣ 'ਤੇ ਮੇਰੀਆਂ ਯਾਦਾਂ ਵਿੱਚ ਆਕਾਸ਼ਵਾਣੀ ਭਾਰਤ ਨੂੰ ਜੋੜਨ ਦਾ ਇੱਕ ਸਭ ਤੋਂ ਵੱਡਾ ਸੰਵਾਦ ਹੈ

ਪ੍ਰੋ. ਡਾ. ਕ੍ਰਿਸ਼ਨ ਕੁਮਾਰ ਰੱਤੂ

**ਭਾਰਤੀ ਪ੍ਰਸਾਰਣ ਸੇਵਾ ਦੇ ਸੀਨੀਅਰ ਅਫ਼ਸਰ ਰਹੇ ਅਤੇ ਆਕਾਸ਼ਵਾਣੀ ਨਾਲ ਆਪਣ 56 ਸਾਲ ਯਾਦਾਂ ਦੇ ਸਫ਼ਰ ਨੂੰ ਡਾ. ਕ੍ਰਿਸ਼ਨ ਕੁਮਾਰ ਰੱਤੂ ਨੇ ਆਕਾਸ਼ਵਾਣੀ ਨੂੰ ਭਾਰਤ ਦੀ ਸਾਹ ਰੱਗ ਦਸਿਆ**

ਅੱਜ ਜਦੋਂ 8 ਜੂਨ 2026 ਨੂੰ ਭਾਰਤ ਦਾ ਜਨ-ਪ੍ਰਸਾਰਣ ਮਾਧਿਅਮ ਆਕਾਸ਼ਵਾਣੀ ਆਪਣੇ 90 ਸਾਲ ਪੂਰੇ ਕਰ ਰਿਹਾ ਹੈ ਮੈਨੂੰ ਪਿੱਛੇ ਮੁੜ ਕੇ ਵੇਖਦੇ ਯਾਦ ਆਉਂਦਾ ਹੈ ਕਿ 1970 ਤੋਂ ਲੈ ਕੇ ਪਿਛਲੇ ਸਾਲਾਂ ਦੀ ਯਾਤਰਾ ਕਿਸ ਤਰਾਂ ਪੂਰੀ ਹੋਈ ਇਹ ਅਦਭੁੱਤ ਅਹਿਸਾਸ ਆਕਾਸ਼ਵਾਣੀ ਜਿਸਨੇ ਪੂਰੇ ਭਾਰਤ ਨੂੰ ਜੋੜਿਆ ਹੈ। ਇਹ ਇਕ ਸੰਵਾਦ ਹੈ ਰੂਹ ਦਾ ਆਕਾਸ਼ਵਾਣੀ ਦਾ ਭਾਰਤ ਦੇ 140 ਕਰੋੜ ਲੋਕਾਂ ਦੀ ਵਸੋਂ ਨਾਲ।

ਅੱਜ ਇਹ ਕੇਵਲ ਇੱਕ ਸੰਸਥਾ ਦੀ ਵਰ੍ਹੇਗੰਢ ਨਹੀਂ, ਸਗੋਂ ਭਾਰਤ ਦੀ ਸਮਾਜਿਕ, ਸੱਭਿਆਚਾਰਕ ਅਤੇ ਲੋਕਤਾਂਤਰਿਕ ਯਾਤਰਾ ਦਾ ਇੱਕ ਮਹੱਤਵਪੂਰਨ ਪੜਾਅ ਹੈ। ਨੱਬੇ ਸਾਲ ਪਹਿਲਾਂ ਸ਼ੁਰੂ ਹੋਈ ਇਹ ਆਵਾਜ਼ ਅੱਜ ਵੀ ਕਰੋੜਾਂ ਭਾਰਤੀਆਂ ਦੇ ਦਿਲਾਂ ਦੀ ਧੜਕਣ ਬਣੀ ਹੋਈ ਹੈ। ਰੇਡੀਓ ਦੀਆਂ ਤਰੰਗਾਂ ਉੱਤੇ ਗੂੰਜੀ ਇਹ ਆਵਾਜ਼ ਪੀੜ੍ਹੀਆਂ ਨੂੰ ਜੋੜਦੀ ਰਹੀ ਹੈ ਅਤੇ ਦੇਸ਼ ਦੇ ਕੋਨੇ-ਕੋਨੇ ਤੱਕ ਜਾਣਕਾਰੀ, ਸਿੱਖਿਆ, ਮਨੋਰੰਜਨ ਅਤੇ ਸੱਭਿਆਚਾਰ ਪਹੁੰਚਾਉਂਦੀ ਰਹੀ ਹੈ।

ਅੱਜ ਆਕਾਸ਼ਵਾਣੀ ਦਾ ਇਤਿਹਾਸ ਭਾਰਤ ਦੇ ਆਧੁਨਿਕ ਇਤਿਹਾਸ ਨਾਲ ਜੁੜਿਆ ਹੋਇਆ ਹੈ। ਆਜ਼ਾਦੀ ਦੀ ਲੜਾਈ ਦੇ ਦਿਨਾਂ ਤੋਂ ਲੈ ਕੇ ਆਜ਼ਾਦ ਭਾਰਤ ਦੇ ਨਿਰਮਾਣ ਤੱਕ, ਜੰਗਾਂ ਦੇ ਸਮੇਂ ਤੋਂ ਲੈ ਕੇ ਕੁਦਰਤੀ ਆਫ਼ਤਾਂ ਤੱਕ, ਅਤੇ ਪਿੰਡਾਂ ਦੀਆਂ ਸੱਥਾਂ ਤੋਂ ਲੈ ਕੇ ਮਹਾਨਗਰਾਂ ਦੇ ਘਰਾਂ ਤੱਕ, ਆਕਾਸ਼ਵਾਣੀ ਨੇ ਹਰ ਮੋੜ 'ਤੇ ਆਪਣੀ ਜ਼ਿੰਮੇਵਾਰੀ ਨਿਭਾਈ ਹੈ। ਇੱਕ ਸਮਾਂ ਸੀ ਜਦੋਂ ਰੇਡੀਓ ਹੀ ਲੋਕਾਂ ਲਈ ਖ਼ਬਰਾਂ ਦਾ ਸਭ ਤੋਂ ਭਰੋਸੇਯੋਗ ਸਰੋਤ ਹੁੰਦਾ ਸੀ। ਸਵੇਰ ਦੀਆਂ ਖ਼ਬਰਾਂ, ਦੁਪਹਿਰ ਦੇ ਖੇਤੀਬਾੜੀ

(ਬਾਕੀ ਸਫਾ 2 'ਤੇ)

## ਪੰਜਾਬ 'ਚ ਕਿਸਾਨਾਂ ਵੱਲੋਂ ਅੱਜ ਅੰਦੋਲਨ ਦਾ ਐਲਾਨ



ਚੜ੍ਹਦੀਕਲਾ ਬਿਊਰੋ
=============

ਚੰਡੀਗੜ੍ਹ, 7 ਜੂਨ : ਦੇਸ਼ ਭਰ ਦੇ ਕਿਸਾਨ ਸੰਗਠਨਾਂ ਨੇ ਇਕ ਵਾਰ ਫਿਰ ਸਰਕਾਰੀ ਨੀਤੀਆਂ ਵਿਰੁੱਧ ਅੰਦੋਲਨ ਦਾ ਬਿਗਲ ਵਜਾ ਦਿੱਤਾ ਹੈ। 8 ਜੂਨ ਨੂੰ ਕੇਂਦਰ ਅਤੇ ਵੱਖ-ਵੱਖ ਰਾਜ ਸਰਕਾਰਾਂ ਵਿਰੁੱਧ ਵਿਰੋਧ ਪ੍ਰਦਰਸ਼ਨ ਕਰਨ ਲਈ ਪੰਜਾਬ ਸਮੇਤ ਕਈ ਸੂਬਿਆਂ ਵਿੱਚ ਵਿਸ਼ਾਲ ਪ੍ਰਦਰਸ਼ਨ ਅਤੇ ਪੁਤਲੇ ਸਾੜਨ ਦੀ ਯੋਜਨਾ ਬਣਾਈ ਗਈ ਹੈ। ਪੇਂਡੂ ਖੇਤਰਾਂ ਵਿੱਚ ਇਸ ਲਈ ਮੀਟਿੰਗਾਂ ਅਤੇ ਤਿਆਰੀਆਂ ਤੇਜ਼ ਹੋ ਗਈਆਂ ਹਨ।

ਕਿਸਾਨ ਆਗੂ ਸਰਵਣ ਸਿੰਘ ਪੰਧੇਰ ਨੇ ਦੱਸਿਆ ਕਿ ਇਸ ਰਣਨੀਤੀ ਨੂੰ ਹਾਲ ਹੀ ਵਿੱਚ ਗਵਾਲੀਅਰ 'ਚ ਹੋਈ ਆਲ ਇੰਡੀਆ ਕਿਸਾਨ ਮਜ਼ਦੂਰ ਮੋਰਚਾ ਦੀ ਰਾਸ਼ਟਰੀ ਮੀਟਿੰਗ 'ਚ ਅੰਤਿਮ ਰੂਪ ਦਿੱਤਾ ਗਿਆ ਸੀ। ਯੋਜਨਾਬੱਧ ਪ੍ਰੋਗਰਾਮ ਮੁਤਾਬਕ ਹਰਿਆਣਾ,

(ਬਾਕੀ ਸਫਾ 2 'ਤੇ)

### ਨੀਟ-ਯੂਜੀ ਪ੍ਰੀਖਿਆ ਕੇਂਦਰਾਂ ਦੀ ਐਨ.ਟੀ.ਏ. ...

ਏਜੰਸੀ ਦੁਆਰਾ ਜਾਰੀ ਕੀਤੇ ਗਏ ਇੱਕ ਜਨਤਕ ਨੋਟਿਸ ਦੇ ਅਨੁਸਾਰ, ਮੁੜ-ਪ੍ਰੀਖਿਆ ਭਾਰਤ ਭਰ ਦੇ 551 ਸ਼ਹਿਰਾਂ ਅਤੇ ਵਿਦੇਸ਼ਾਂ ਦੇ 14 ਸ਼ਹਿਰਾਂ ਵਿੱਚ ਦੁਪਹਿਰ 2:00 ਵਜੇ ਤੋਂ ਸ਼ਾਮ 5:15 ਵਜੇ ਤੱਕ ਪੈੱਨ-ਐਂਡ-ਪੇਪਰ ਮੋਡ ਵਿੱਚ ਲਈ ਜਾਵੇਗੀ।

### 29 ਰੁਪਏ ਮਹਿੰਗਾ ਹੋਇਆ ਘਰੇਲੂ ਐਲ.ਪੀ.ਜੀ. ...

ਸੂਤਰਾਂ ਦਾ ਕਹਿਣਾ ਹੈ ਕਿ ਇਸ ਵਾਧੇ ਨਾਲ ਘਰੇਲੂ ਐਲ.ਪੀ.ਜੀ. ਦੀ ਵਿਕਰੀ ਤੇ ਹੋ ਰਹੇ ਨੁਕਸਾਨ ਦੀ ਸਿਰਫ਼ ਕੁਝ ਹੱਦ ਤੱਕ ਹੀ ਭਰਪਾਈ ਹੋਈ ਹੈ। ਇਸ ਤਾਜ਼ਾ ਬਦਲਾਅ ਤੋਂ ਪਹਿਲਾਂ, ਸਰਕਾਰੀ ਤੇਲ ਮਾਰਕੀਟਿੰਗ ਕੰਪਨੀਆਂ ਨੂੰ ਹਰ ਐਲ.ਪੀ.ਜੀ. ਸਿਲੰਡਰ ਦੀ ਵਿਕਰੀ ਤੇ ਲਗਪਗ 703 ਰੁਪਏ ਦਾ ਨੁਕਸਾਨ ਹੋ ਰਿਹਾ ਸੀ।

ਇਹ ਵਾਧਾ ਬਾਕੀ ਬਾਲਣਾਂ ਦੀਆਂ ਵਧ ਰਹੀਆਂ ਕੀਮਤਾਂ ਦੇ ਵਿਚਕਾਰ ਹੋਇਆ ਹੈ। ਮਈ ਦੇ ਅੱਧ ਤੋਂ ਹੁਣ ਤੱਕ ਪੈਟਰੋਲ ਅਤੇ ਡੀਜ਼ਲ ਦੀਆਂ ਕੀਮਤਾਂ ਵਿੱਚ ਕੁੱਲ 7.5 ਰੁਪਏ ਪ੍ਰਤੀ ਲੀਟਰ ਦਾ ਵਾਧਾ ਹੋਇਆ ਹੈ, ਜਦੋਂ ਕਿ ਸੀ.ਐਨ.ਜੀ. ਦੀਆਂ ਦਰਾਂ ਵੀ ਲਗਪਗ 6 ਰੁਪਏ ਪ੍ਰਤੀ ਕਿੱਲੋ ਵਧੀਆਂ ਹਨ।

ਇਸ ਵਾਧੇ ਦੇ ਬਾਵਜੂਦ, ਤੇਲ ਕੰਪਨੀਆਂ ਪੈਟਰੋਲ ਅਤੇ ਡੀਜ਼ਲ ਨੂੰ ਲਾਗਤ (ਕਾਸਟ) ਤੋਂ ਘੱਟ ਕੀਮਤ ਤੇ ਵੇਚ ਰਹੀਆਂ ਹਨ। ਸੂਤਰਾਂ ਮੁਤਾਬਕ ਕੰਪਨੀਆਂ ਨੂੰ ਪੈਟਰੋਲ ਤੇ ਲਗਪਗ 11 ਰੁਪਏ ਪ੍ਰਤੀ ਲੀਟਰ ਅਤੇ ਡੀਜ਼ਲ ਤੇ 33.6 ਰੁਪਏ ਪ੍ਰਤੀ ਲੀਟਰ ਦਾ ਨੁਕਸਾਨ ਝੱਲਣਾ ਪੈ ਰਿਹਾ ਹੈ। ਫਿਲਹਾਲ, ਸਰਕਾਰ ਨੇ ਅੰਤਰਰਾਸ਼ਟਰੀ ਪੱਧਰ ਤੇ ਵਧੀਆਂ ਕੀਮਤਾਂ ਦਾ ਪੂਰਾ ਬੋਝ ਗਾਹਕਾਂ ਤੇ ਪਾਉਣ ਤੋਂ ਗੁਰੇਜ਼ ਕੀਤਾ ਹੈ ਅਤੇ ਗਲੋਬਲ ਕੱਚੇ ਤੇਲ ਦੇ ਬਾਜ਼ਾਰ ਵਿੱਚ ਉਤਾਰ-ਚੜ੍ਹਾਅ ਦੇ ਚੱਲਦਿਆਂ, ਇਸ ਨੁਕਸਾਨ ਦਾ ਕੁਝ ਹਿੱਸਾ ਸਰਕਾਰੀ ਤੇਲ ਕੰਪਨੀਆਂ ਰਾਹੀਂ ਖੁਦ ਸਹਿਣ ਕੀਤਾ ਹੈ।

### 'ਇੰਡੀਆ' ਦੀ ਦਿੱਲੀ 'ਚ ਅਹਿਮ ਬੈਠਕ ਅੱਜ, 23 ..

ਨੀਤੀਆਂ ਵਿਰੁੱਧ ਸਾਂਝੀ ਰਣਨੀਤੀ ਤਿਆਰ ਕਰਨਾ ਹੈ। ਇਹ ਜਾਣਕਾਰੀ ਕਾਂਗਰਸ ਪਾਰਟੀ ਦੇ ਜਨਰਲ ਸਕੱਤਰ ਜੈਰਾਮ ਰਮੇਸ਼ ਨੇ ਦਿੱਤੀ। ਸੋਸ਼ਲ ਮੀਡੀਆਂ 'ਚ ਪੋਸਟ ਕਰਦਿਆਂ ਜੈਰਾਮ ਰਮੇਸ਼ ਨੇ ਕਿਹਾ ਹੈ ਕਿ ਸਰਕਾਰ ਅਜਿਹੀਆਂ ਕਾਰਵਾਈਆਂ ਕਰ ਰਹੀ ਹੈ ਜੋ ਲੱਖਾਂ ਭਾਰਤੀਆਂ ਤੋਂ ਉਨ੍ਹਾਂ ਦਾ ਵੋਟ ਪਾਉਣ ਦਾ ਅਧਿਕਾਰ ਖੋਹ ਰਹੀਆਂ ਹਨ ਅਤੇ ਸੰਵਿਧਾਨ 'ਤੇ ਰੋਜ਼ਾਨਾ ਹਮਲੇ ਕੀਤੇ ਜਾ ਰਹੇ ਹਨ। ਵਿਰੋਧੀ ਧਿਰਾਂ ਅਨੁਸਾਰ ਸਰਕਾਰੀ ਜਾਂਚ ਏਜੰਸੀਆਂ ਰਾਹੀਂ ਵਿਰੋਧੀ ਨੇਤਾਵਾਂ ਨੂੰ ਲਗਾਤਾਰ ਨਿਸ਼ਾਨਾ ਬਣਾਇਆ ਜਾ ਰਿਹਾ ਹੈ।

ਬੈਠਕ ਤੋਂ ਪਹਿਲਾਂ ਜਾਰੀ ਕੀਤੇ ਗਏ ਰੁਖ਼ 'ਚ ਕਿਹਾ ਗਿਆ ਹੈ ਕਿ ਸਰਕਾਰ ਦੀਆਂ ਨੀਤੀਆਂ ਕਰੋੜਾਂ ਭਾਰਤੀਆਂ ਦੀ ਰੋਜ਼ੀ-ਰੋਟੀ ਨੂੰ ਗੰਭੀਰ ਨੁਕਸਾਨ ਪਹੁੰਚਾ ਰਹੀਆਂ ਹਨ। ਲਗਾਤਾਰ ਵੱਧ ਰਹੀ ਮਹਿੰਗਾਈ ਕਾਰਨ ਆਮ ਲੋਕਾਂ ਦਾ ਘਰੇਲੂ ਬਜਟ ਵਿਗੜ ਰਿਹਾ ਹੈ ਅਤੇ ਲੱਖਾਂ ਨੌਜਵਾਨਾਂ ਦੀਆਂ ਉਮੀਦਾਂ ਨਾਲ ਵਿਸ਼ਵਾਸਘਾਤ ਹੋ ਰਿਹਾ ਹੈ। ਇਸ ਤੋਂ ਇਲਾਵਾ ਸਰਕਾਰ ਤੇ ਨਿਵੇਸ਼ ਦੇ ਮਾਹੌਲ ਨੂੰ ਕਮਜ਼ੋਰ ਕਰਨ ਅਤੇ ਆਪਣੀ ਵਿਦੇਸ਼ ਨੀਤੀ ਰਾਹੀਂ ਰਾਸ਼ਟਰੀ ਹਿੱਤਾਂ ਨਾਲ ਸਮਝੌਤਾ ਕਰਨ ਦੇ ਇਲਜ਼ਾਮ ਵੀ ਲਗਾਏ ਗਏ ਹਨ। ਭਾਵੇਂ ਕੁਝ ਪਾਰਟੀਆਂ ਨਿੱਜੀ ਕਾਰਨਾਂ ਕਰਕੇ ਇਸ ਬੈਠਕ ਵਿੱਚ ਸ਼ਾਮਲ ਨਹੀਂ ਹੋ ਸਕੀਆਂ ਪਰ ਉਨ੍ਹਾਂ ਨੇ ਸਰਕਾਰ ਦੀਆਂ ਨੀਤੀਆਂ ਵਿਰੁੱਧ ਆਪਣਾ ਸਖ਼ਤ ਵਿਰੋਧ ਦਰਜ ਕਰਵਾਇਆ ਹੈ।

### 'ਰਿਸ਼ਵਤ ਕਾਂਡ' ਮਾਮਲੇ 'ਚ ਸੀ.ਬੀ.ਆਈ. ਹੁਣ ...

ਨਾਲ ਵੀ ਮੁਲਜ਼ਮਾਂ ਦੀ ਅਹਿਮ ਚੈਟ ਸਾਹਮਣੇ ਆਈ ਹੈ। ਨਵੇਂ ਭੇਤ ਮਿਲਣ ਮਗਰੋਂ ਸੀ.ਬੀ.ਆਈ. ਹੁਣ ਸੋਮਵਾਰ ਨੂੰ ਮਾਡਲ ਜੇਲ੍ਹ ਚੰਡੀਗੜ੍ਹ 'ਚ ਬੰਦ ਮਲੋਟ ਦੇ ਰਾਘਵ ਗੋਇਲ ਅਤੇ ਡਰਾਈਵਰ ਅੰਕਿਤ ਵਧਵਾ ਨੂੰ ਪ੍ਰੋਡਕਸ਼ਨ ਵਾਰੰਟ 'ਤੇ ਲਿਆ ਰਹੀ ਹੈ। ਸੀ.ਬੀ.ਆਈ. ਰਾਘਵ ਗੋਇਲ, ਅੰਕਿਤ ਵਧਵਾ ਅਤੇ ਰੀਡਰ ਰਾਣਾ ਨੂੰ ਆਹਮੋ ਸਾਹਮਣੇ ਬਿਠਾ ਕੇ ਪੁੱਛ-ਗਿੱਛ ਕਰੇਗੀ। ਮਲੋਟ ਦੇ ਵਿਕਾਸ ਗੋਇਲ, ਉਸ ਦਾ ਪੁੱਤਰ ਰਾਘਵ ਗੋਇਲ ਅਤੇ ਅੰਕਿਤ ਵਧਵਾ 20 ਜੂਨ ਤੱਕ ਨਿਆਇਕ ਹਿਰਾਸਤ 'ਚ ਹਨ।

ਕੇਂਦਰੀ ਏਜੰਸੀ ਅਨੁਸਾਰ ਮਲੋਟ ਦੇ ਇਹ ਪਿਉ ਪੁੱਤ ਵਿਜੀਲੈਂਸ ਦੇ ਵਿਚੋਲੇ ਵਜੋਂ ਕੰਮ ਕਰਦੇ ਸਨ। ਸੂਤਰਾਂ ਅਨੁਸਾਰ ਵਿਜੀਲੈਂਸ ਬਿਊਰੋ ਪੰਜਾਬ ਦੇ ਅਫ਼ਸਰਾਂ 'ਚ ਸੀ.ਬੀ.ਆਈ. ਦੀ ਅੱਗੇ ਵਧ ਰਹੀ ਜਾਂਚ ਨੂੰ ਲੈ ਕੇ ਕਾਫ਼ੀ ਘਬਰਾਹਟ ਹੈ। ਸਿਆਸੀ ਵਿਸ਼ਲੇਸ਼ਕ ਆਖਦੇ ਹਨ ਕਿ ਅਗਰ ਕੇਂਦਰੀ ਏਜੰਸੀ ਨੇ ਵਿਜੀਲੈਂਸ ਬਿਊਰੋ ਦੇ ਅਫ਼ਸਰਾਂ ਨੂੰ ਲਪੇਟੇ 'ਚ ਲੈ ਲਿਆ ਤਾਂ ਇਸ ਨਾਲ ਪੰਜਾਬ ਸਰਕਾਰ ਦੀ 'ਭ੍ਰਿਸ਼ਟਾਚਾਰ ਵਿਰੋਧੀ ਮੁਹਿੰਮ' ਨੂੰ ਸਿੱਧੀ ਸੱਟ ਵੱਜੇਗੀ।

ਦੱਸਣਯੋਗ ਹੈ ਕਿ ਸੀ.ਬੀ.ਆਈ ਨੇ 11 ਮਈ ਨੂੰ ਮਲੋਟ ਦੇ ਪਿਉ ਪੁੱਤ ਵਿਕਾਸ ਗੋਇਲ ਤੇ ਰਾਘਵ ਗੋਇਲ ਦੇ ਡਰਾਈਵਰ ਅੰਕਿਤ ਵਧਵਾ ਨੂੰ ਚੰਡੀਗੜ੍ਹ ਦੇ ਇੱਕ ਹੋਟਲ 'ਚ 13 ਲੱਖ ਰੁਪਏ ਦੀ ਨਗਦੀ ਤੇ ਮੋਬਾਈਲ ਫੋਨ ਸਮੇਤ ਦਬੋਚਿਆ ਸੀ। ਸੀ ਬੀ ਆਈ ਨੇ ਟਰੈਪ ਕੇਸ 'ਚ ਥੋੜ੍ਹੇ ਸਮੇਂ ਮਗਰੋਂ ਵਿਕਾਸ ਗੋਇਲ ਤੇ ਰਾਘਵ ਗੋਇਲ ਨੂੰ ਅੰਬਾਲਾ ਲਾਗਿਓ ਗ੍ਰਿਫ਼ਤਾਰ ਕਰ ਲਿਆ ਸੀ ਜਦੋਂ ਕਿ ਰੀਡਰ ਰਾਣਾ ਫ਼ਰਾਰ ਹੋਣ 'ਚ ਕਾਮਯਾਬ ਹੋ ਗਿਆ ਸੀ। ਥੋੜ੍ਹੇ ਦਿਨ ਪਹਿਲਾਂ ਰੀਡਰ ਰਾਣਾ ਨੇ ਸੀ ਬੀ ਆਈ ਦੀ ਚੰਡੀਗੜ੍ਹ ਅਦਾਲਤ 'ਚ ਆਤਮ ਸਮਰਪਣ ਕਰ ਦਿੱਤਾ ਸੀ।

ਸੰਘੀ ਏਜੰਸੀ ਦੀ ਪੁੱਛ-ਗਿੱਛ ਦੌਰਾਨ ਰੀਡਰ ਰਾਣਾ ਨੇ ਕਈ ਤੱਥ ਬੇਪਰਦ ਕੀਤੇ ਹਨ। ਚੇਤੇ ਰਹੇ ਕਿ ਰੀਡਰ ਰਾਣਾ ਦੀ ਵਿਜੀਲੈਂਸ ਮੁਖੀ ਦੇ ਰੀਡਰ ਵਜੋਂ ਤਾਇਨਾਤੀ ਗੈਰ ਕਾਨੂੰਨੀ ਸੀ ਕਿਉਂਕਿ ਰਾਣਾ ਦੇ 29 ਜੁਲਾਈ, 2020 ਨੂੰ ਆਖ਼ਰੀ ਆਰਡਰ ਏ.ਡੀ.ਜੀ.ਪੀ. ਟਰੈਫ਼ਿਕ ਐੱਸ.ਐੱਸ.ਚੌਹਾਨ ਨਾਲ ਬਤੌਰ ਰੀਡਰ ਹੋਏ ਸਨ। ਸਰਕਾਰੀ ਰਿਕਾਰਡ ਅਨੁਸਾਰ ਰਾਣਾ ਏ.ਡੀ.ਜੀ.ਪੀ. ਟਰੈਫ਼ਿਕ ਦਾ ਰੀਡਰ ਸੀ ਪ੍ਰੰਤੂ ਉਹ ਇਸ ਵੇਲੇ ਵਿਜੀਲੈਂਸ ਮੁਖੀ ਦੇ ਰੀਡਰ ਵਜੋਂ ਕੰਮ ਕਰ ਰਿਹਾ ਸੀ। ਪੰਜਾਬ ਸਰਕਾਰ ਨੇ 18 ਮਈ ਨੂੰ ਰੀਡਰ ਰਾਣਾ ਨੂੰ ਮੁਅੱਤਲ ਕਰ ਦਿੱਤਾ ਸੀ।

### ਦੇਸ਼ ਦੇ ਕਈ ਸੂਬਿਆਂ 'ਚ ਮਾਨਸੂਨ ਤੋਂ ਪਹਿਲਾਂ ਦੀ ਬਾਰਿਸ਼ ਜਾਰੀ

ਵਿਚ ਗੜੇਮਾਰੀ ਹੋਈ। ਨਰਮਦਾਪੁਰਮ ਜ਼ਿਲ੍ਹੇ ਵਿਚ ਇਕ ਮੁੰਡਿਆਂ ਦੇ ਹੋਸਟਲ ਦੀ ਛੱਤ ਤੇ ਇੱਕ ਦਰੱਖਤ ਡਿੱਗ ਗਿਆ।

ਰਾਜਸਥਾਨ ਦੇ ਬੀਕਾਨੇਰ ਵਿੱਚ ਮੀਂਹ ਅਤੇ ਗੜੇ ਪਏ। ਸ਼੍ਰੀਦੂੰਗਰਗੜ੍ਹ ਵਿੱਚ ਇੱਕ ਗੋਦਾਮ ਦਾ ਇੱਕ ਟੀਨ ਸ਼ੈੱਡ ਅਤੇ ਕੋਟਪੁਤਲੀ-ਬਹਿਰੋਰ ਵਿੱਚ ਇੱਕ ਟੈਂਟ ਉੱਡ ਗਿਆ। ਸ਼ਨੀਵਾਰ ਨੂੰ ਉੱਤਰ ਪ੍ਰਦੇਸ਼ ਦੇ ਮਾਊ ਅਤੇ ਗਾਜ਼ੀਪੁਰ ਵਿੱਚ 50 ਕਿਲੋਮੀਟਰ ਪ੍ਰਤੀ ਘੰਟਾ ਦੀ ਰਫ਼ਤਾਰ ਨਾਲ ਹਵਾਵਾਂ ਅਤੇ ਮੀਂਹ ਪਿਆ। ਗੋਰਖਪੁਰ ਵਿੱਚ ਵੀ ਧੂੜ ਭਰੀ ਹਨੇਰੀ ਆਈ। ਕੇਰਲ ਦੇ ਤ੍ਰਿਸੂਰ ਵਿੱਚ ਇੱਕ ਦਰੱਖਤ ਡਿੱਗਣ ਕਾਰਨ ਇੱਕ ਵਿਅਕਤੀ ਦੀ ਮੌਤ ਹੋ ਗਈ।

ਇਸ ਦੌਰਾਨ, ਸ਼ਨੀਵਾਰ ਨੂੰ, ਮਾਨਸੂਨ ਗੋਆ ਨੂੰ ਪਾਰ ਕਰਕੇ ਮਹਾਰਾਸ਼ਟਰ ਦੇ ਤੱਟਵਰਤੀ ਸ਼ਹਿਰ ਦੇਵਗੜ੍ਹ ਪਹੁੰਚ ਗਿਆ। ਇਹ ਉੱਤਰ-ਪੂਰਬੀ ਖੇਤਰ ਦੇ ਮਿਜ਼ੋਰਮ ਅਤੇ ਮਨੀਪੁਰ ਤੱਕ ਵੀ ਪਹੁੰਚ ਗਿਆ ਹੈ। ਮੌਸਮ ਵਿਭਾਗ ਦਾ ਅਨੁਮਾਨ ਹੈ ਕਿ ਇਹ ਅਗਲੇ ਦੋ ਦਿਨਾਂ ਦੇ ਅੰਦਰ ਮਹਾਰਾਸ਼ਟਰ, ਕਰਨਾਟਕ, ਆਂਧਰਾ ਪ੍ਰਦੇਸ਼, ਤੇਲੰਗਾਨਾ ਅਤੇ ਹੋਰ ਉੱਤਰ-ਪੂਰਬੀ ਰਾਜਾਂ ਦੇ ਬਾਕੀ ਹਿੱਸਿਆਂ ਵਿੱਚ ਪਹੁੰਚ ਸਕਦਾ ਹੈ।

ਦੇਸ਼ ਵਿਚ ਤਿੰਨ ਦਿਨ ਦੇਰੀ ਨਾਲ ਪਹੁੰਚਣ ਤੋਂ ਬਾਅਦ, ਮਾਨਸੂਨ ਨੇ ਤੇਜ਼ੀ ਫੜ ਲਈ ਹੈ। ਸ਼ਨੀਵਾਰ ਨੂੰ, ਇਹ ਆਂਧਰਾ ਪ੍ਰਦੇਸ਼, ਮਹਾਰਾਸ਼ਟਰ, ਮਿਜ਼ੋਰਮ ਅਤੇ ਮਨੀਪੁਰ ਵਿੱਚ ਦਾਖਲ ਹੋਇਆ। ਇਸ ਤੋਂ ਪਹਿਲਾਂ, ਇਹ ਸ਼ੁੱਕਰਵਾਰ ਨੂੰ ਕਰਨਾਟਕ, ਤਾਮਿਲਨਾਡੂ ਅਤੇ ਗੋਆ ਪਹੁੰਚਿਆ ਸੀ। ਮਾਨਸੂਨ 4 ਜੂਨ ਨੂੰ ਕੇਰਲ ਪਹੁੰਚਿਆ ਸੀ।

ਆਈ.ਐਮ.ਡੀ. ਦੇ ਅਨੁਸਾਰ, ਮਾਨਸੂਨ ਦੇ ਅਗਲੇ ਤਿੰਨ ਦਿਨਾਂ ਦੇ ਅੰਦਰ ਸਾਰੇ ਉੱਤਰ-ਪੂਰਬੀ ਰਾਜਾਂ ਅਤੇ ਪੱਛਮੀ ਬੰਗਾਲ ਦੇ ਕੁਝ ਹਿੱਸਿਆਂ ਵਿੱਚ ਪਹੁੰਚਣ ਦੀ ਉਮੀਦ ਹੈ। ਅਗਲੇ 10 ਦਿਨਾਂ ਦੇ ਅੰਦਰ ਇਹ ਬਿਹਾਰ, ਝਾਰਖੰਡ ਅਤੇ ਓਡੀਸ਼ਾ ਵਿੱਚ ਪਹੁੰਚਣ ਦੀ ਉਮੀਦ ਹੈ। ਸਕਾਈਮੇਟ ਮੌਸਮ ਮਾਹਿਰ ਜੀਪੀ ਸ਼ਰਮਾ ਦੇ ਅਨੁਸਾਰ, ਮੌਨਸੂਨ ਦੀ ਗਤੀ ਫਿਲਹਾਲ ਐਮਪੀ, ਛੱਤੀਸਗੜ੍ਹ, ਓਡੀਸ਼ਾ ਅਤੇ ਬੰਗਾਲ ਵਿੱਚ ਹੌਲੀ ਰਹਿ ਸਕਦੀ ਹੈ, ਕਿਉਂਕਿ ਬੰਗਾਲ ਦੀ ਖਾੜੀ ਵਿੱਚ ਇਸਨੂੰ ਅੱਗੇ ਵਧਾਉਣ ਲਈ ਕੋਈ ਮਜ਼ਬੂਤ ਮੌਸਮ ਪ੍ਰਣਾਲੀ ਸਰਗਰਮ ਨਹੀਂ ਹੈ।

### ਪੰਜਾਬ ਦੇ ਜ਼ਿਆਦਾਤਰ ਜ਼ਿਲ੍ਹਿਆਂ 'ਚ ਹੀਟ ..

ਮੁਕਤਸਰ ਸਾਹਿਬ, ਬਠਿੰਡਾ, ਮਾਨਸਾ ਵਿਚ ਹੀਟ ਵੇਵ ਦੀ ਚਿਤਾਵਨੀ ਜਾਰੀ ਕੀਤੀ ਹੈ। ਇਨ੍ਹਾਂ ਜ਼ਿਲ੍ਹਿਆਂ ਯੈਲੋ ਅਲਰਟ ਜਾਰੀ ਕੀਤਾ ਗਿਆ ਹੈ।

ਉਥੇ ਹੀ 9 ਜੂਨ ਲਈ ਵਿਭਾਗ ਨੇ ਪੰਜਾਬ ਚ ਮੌਸਮ ਖ਼ੁਸ਼ਕ ਰਹਿਣ ਦੀ ਹੀ ਭਵਿੱਖਬਾਣੀ ਕੀਤੀ ਹੈ। ਹੀਟ ਵੇਵ ਦਾ ਕਹਿਰ ਪੰਜਾਬ ਦੇ ਜ਼ਿਆਦਾਤਰ ਜ਼ਿਲ੍ਹਿਆਂ ਵਿਚ ਵੇਖਣ ਨੂੰ ਮਿਲੇਗਾ। 10 ਜੂਨ ਨੂੰ ਪੂਰੇ ਸੂਬੇ ਲਈ ਮੌਸਮ ਵਿਭਾਗ ਨੇ ਹੀਟ ਵੇਵ ਦੀ ਚਿਤਾਵਨੀ ਜਾਰੀ ਕੀਤੀ ਹੈ। 11 ਜੂਨ ਨੂੰ ਜ਼ਿਆਦਾਤਰ ਜ਼ਿਲ੍ਹਿਆਂ ਵਿਚ ਹੀਟ ਵੇਵ ਰਹੇਗੀ ਅਤੇ ਕੁਝ ਜ਼ਿਲ੍ਹਿਆਂ ਵਿਚ ਮੌਸਮ ਵਿਚ ਤਬਦੀਲੀ ਵੇਖਣ ਨੂੰ ਮਿਲੇਗੀ। ਪਠਾਨਕੋਟ, ਹੁਸ਼ਿਆਰਪੁਰ, ਰੂਪਨਗਰ, ਮੋਹਾਲੀ ਵਿਚ ਮੌਸਮ ਖ਼ਰਾਬ ਰਹਿਣ ਦੇ ਸੰਕੇਤ ਮਿਲੇ ਹਨ। ਇਨ੍ਹਾਂ ਜ਼ਿਲ੍ਹਿਆਂ ਵਿਚ ਬੱਦਲ ਗਰਜਣ ਦੇ ਨਾਲ-ਨਾਲ ਬਿਜਲੀ ਚਮਕੇਗੀ ਅਤੇ ਬਾਰਿਸ਼ ਦੀ ਵੀ ਸੰਭਾਵਨਾ ਜਤਾਈ ਗਈ ਹੈ।

ਫਿਲਹਾਲ 8 ਜੂਨ ਤੋਂ ਲੈ ਕੇ 10 ਜੂਨ ਤੱਕ ਗਰਮੀ ਕਹਿਰ ਵਰ੍ਹਾਏਗੀ ਅਤੇ ਹੀਟ ਵੇਵ ਦੀ ਚਿਤਾਵਨੀ ਰਹੇਗੀ। 12 ਤਾਰੀਖ਼ ਨੂੰ ਫਿਰ ਮੌਸਮ ਚ ਬਦਲਾਅ ਆਉਣਗੇ। ਵਿਭਾਗ ਮੁਤਾਬਕ ਜੰਮੂ-ਕਸ਼ਮੀਰ ਅਤੇ ਆਸ-ਪਾਸ ਦੇ ਇਲਾਕਿਆਂ ਵਿੱਚ ਇਕ ਪੱਛਮੀ ਗੜਬੜੀ ਸਰਗਰਮ ਹੈ। ਇਸ ਨਾਲ ਉੱਤਰੀ ਭਾਰਤ ਦੇ ਪਹਾੜੀ ਇਲਾਕਿਆਂ ਅਤੇ ਆਸ-ਪਾਸ ਦੇ ਇਲਾਕਿਆਂ ਵਿੱਚ ਮੌਸਮ ਵਿੱਚ ਤਬਦੀਲੀ ਆ ਸਕਦੀ ਹੈ।

### ਦੇਸ਼ ਦੇ 17 ਸੂਬਿਆਂ 'ਚ ਹਨ੍ਹੇਰੀ-ਝੱਖੜ ਦੇ ਨਾਲ-ਨਾਲ ਭਾਰੀ ਮੀਂਹ ...

ਕਈ ਖੇਤਰਾਂ ਵਿੱਚ 80 ਤੋਂ 90 ਕਿਲੋਮੀਟਰ ਪ੍ਰਤੀ ਘੰਟਾ ਦੀ ਰਫ਼ਤਾਰ ਨਾਲ ਹਵਾਵਾਂ ਚੱਲਣ ਦੀ ਸੰਭਾਵਨਾ ਹੈ। ਰਾਜਸਥਾਨ, ਦਿੱਲੀ, ਹਰਿਆਣਾ, ਪੰਜਾਬ ਅਤੇ ਪੱਛਮੀ ਉੱਤਰ ਪ੍ਰਦੇਸ਼ ਦੇ ਕਈ ਇਲਾਕਿਆਂ ਵਿੱਚ 8 ਤੋਂ 12 ਜੂਨ ਦੇ ਵਿਚਕਾਰ ਗਰਮੀ ਦੀ ਲਹਿਰ ਦੀ ਸਥਿਤੀ ਵੀ ਹੋਣ ਦੀ ਸੰਭਾਵਨਾ ਹੈ।

ਮੌਸਮ ਵਿਭਾਗ ਦੇ ਅਨੁਸਾਰ ਦੱਖਣ-ਪੱਛਮੀ ਮਾਨਸੂਨ ਮਹਾਰਾਸ਼ਟਰ, ਗੋਆ, ਕਰਨਾਟਕ, ਤਾਮਿਲਨਾਡੂ, ਆਂਧਰਾ ਪ੍ਰਦੇਸ਼ ਅਤੇ ਉੱਤਰ-ਪੂਰਬੀ ਭਾਰਤ ਦੇ ਕਈ ਹਿੱਸਿਆਂ ਵਿੱਚ ਪਹੁੰਚ ਗਿਆ ਹੈ। ਅਗਲੇ ਕੁਝ ਦਿਨਾਂ ਵਿੱਚ ਤੇਲੰਗਾਨਾ, ਛੱਤੀਸਗੜ੍ਹ, ਓਡੀਸ਼ਾ ਅਤੇ ਹੋਰ ਖੇਤਰਾਂ ਵਿੱਚ ਇਸ ਦੇ ਅੱਗੇ ਵਧਣ ਦੀ ਸੰਭਾਵਨਾ ਹੈ। ਉੱਤਰ ਪ੍ਰਦੇਸ਼ ਦੇ ਪੂਰਵਾਂਚਲ ਖੇਤਰ ਦੇ ਕਈ ਜ਼ਿਲ੍ਹਿਆਂ ਵਿੱਚ ਗਰਜ-ਚਮਕ ਦੇ ਨਾਲ ਮੀਂਹ ਪੈਣ ਦੀ ਸੰਭਾਵਨਾ ਹੈ। ਬਿਹਾਰ ਦੇ ਕਈ ਜ਼ਿਲ੍ਹਿਆਂ, ਜਿਨ੍ਹਾਂ ਵਿੱਚ ਪਟਨਾ, ਗਯਾ, ਨਾਲੰਦਾ ਅਤੇ ਵੈਸ਼ਾਲੀ ਸ਼ਾਮਲ ਹਨ, ਚ ਹਨ੍ਹੇਰੀ-ਤੂਫ਼ਾਨ ਅਤੇ ਮੀਂਹ ਦਾ ਆਰੇਂਜ ਅਲਰਟ ਜਾਰੀ ਹੈ। ਭਾਗਲਪੁਰ ਅਤੇ ਬਾਂਕਾ ਵਿੱਚ ਭਾਰੀ ਮੀਂਹ ਪੈਣ ਦੀ ਸੰਭਾਵਨਾ ਹੈ।

ਰਾਸ਼ਟਰੀ ਰਾਜਧਾਨੀ ਦਿੱਲੀ ਵਿੱਚ ਅਗਲੇ ਦੋ ਦਿਨਾਂ ਵਿੱਚ ਤਾਪਮਾਨ 42 ਡਿਗਰੀ ਸੈਲਸੀਅਸ ਤੱਕ ਵੱਧ ਸਕਦਾ ਹੈ। ਹਿਮਾਚਲ ਪ੍ਰਦੇਸ਼ ਅਤੇ ਉੱਤਰਾਖੰਡ ਵਿੱਚ ਅਗਲੇ ਕੁਝ ਦਿਨਾਂ ਤੱਕ ਮੀਂਹ, ਗਰਜ-ਚਮਕ ਅਤੇ ਤੇਜ਼ ਹਵਾਵਾਂ ਚੱਲ ਸਕਦੀਆਂ ਹਨ। ਮੌਸਮ ਵਿਭਾਗ ਨੇ ਲੋਕਾਂ ਨੂੰ ਚੌਕਸ ਰਹਿਣ ਦੀ ਸਲਾਹ ਦਿੱਤੀ ਹੈ। ਆਈ.ਐਮ.ਡੀ. ਨੇ ਉੱਤਰ ਪ੍ਰਦੇਸ਼, ਬਿਹਾਰ, ਝਾਰਖੰਡ, ਮਹਾਰਾਸ਼ਟਰ, ਗੋਆ, ਕਰਨਾਟਕ, ਕੇਰਲ, ਓਡੀਸ਼ਾ, ਪੱਛਮੀ ਬੰਗਾਲ, ਸਿੱਕਮ, ਉੱਤਰਾਖੰਡ, ਹਿਮਾਚਲ ਪ੍ਰਦੇਸ਼, ਤ੍ਰਿਪੁਰਾ, ਮਨੀਪੁਰ, ਪੁਡੂਚੇਰੀ, ਅੰਡੇਮਾਨ ਅਤੇ ਨਿਕੋਬਾਰ ਟਾਪੂ ਅਤੇ ਲੱਦਾਖ ਸਮੇਤ 17 ਰਾਜਾਂ ਵਿੱਚ ਗਰਜ, ਮੀਂਹ ਅਤੇ ਬਿਜਲੀ ਡਿੱਗਣ ਦੀ ਚੇਤਾਵਨੀ ਜਾਰੀ ਕੀਤੀ ਹੈ।

### ਕੋਲਕਾਤਾ ਨਗਰ ਨਿਗਮ ਦਾ ਕੌਂਸਲਰ ਮੁਹੰਮਦ ...

ਜੋਰਾਸਾਂਕੋ ਪੁਲਸ ਸਟੇਸ਼ਨ ਦੀ ਇੱਕ ਟੀਮ ਨੇ ਕੇਂਦਰੀ ਸੁਰੱਖਿਆ ਬਲਾਂ ਦੇ ਨਾਲ ਐਤਵਾਰ ਸਵੇਰੇ 6:00 ਵਜੇ ਦੇ ਕਰੀਬ ਜਾਸਿਮੁਦੀਨ ਦੇ ਘਰ ਛਾਪਾ ਮਾਰਿਆ। ਲਗਭਗ ਛੇ ਘੰਟੇ ਚੱਲੀ ਇਸ ਕਾਰਵਾਈ ਦੌਰਾਨ, ਕੌਂਸਲਰ ਨੇ ਪੁਲਸ ਵੱਲੋਂ ਵਾਰ-ਵਾਰ ਬੇਨਤੀਆਂ ਕਰਨ ਦੇ ਬਾਵਜੂਦ ਦਰਵਾਜ਼ਾ ਖੋਲ੍ਹਣ ਤੋਂ ਇਨਕਾਰ ਕਰ ਦਿੱਤਾ। ਕਾਫ਼ੀ ਸਮਾਂ ਇੰਤਜ਼ਾਰ ਕਰਨ ਤੋਂ ਬਾਅਦ, ਪੁਲਸ ਨੇ ਬਾਹਰੋਂ ਦਰਵਾਜ਼ਾ ਖੋਲ੍ਹਿਆ, ਘਰ ਵਿੱਚ ਦਾਖਲ ਹੋਇਆ ਅਤੇ ਜਾਸੀਮੁਦੀਨ ਨੂੰ ਹਿਰਾਸਤ ਵਿੱਚ ਲੈ ਲਿਆ। ਗ੍ਰਿਫ਼ਤਾਰੀ ਦੀ ਖ਼ਬਰ ਨਾਲ ਇਲਾਕੇ ਵਿੱਚ ਤਣਾਅ ਪੈਦਾ ਹੋ ਗਿਆ। ਕੌਂਸਲਰ ਦੇ ਸਮਰਥਕਾਂ ਨੇ ਘਰ ਦੇ ਬਾਹਰ ਵਿਰੋਧ ਪ੍ਰਦਰਸ਼ਨ ਸ਼ੁਰੂ ਕਰ ਦਿੱਤਾ, ਉੱਥੇ ਹੀ ਭਾਜਪਾ ਵਰਕਰ ਵੀ ਮੌਕੇ ਤੇ ਇਕੱਠੇ ਹੋ ਗਏ ਅਤੇ ਨਾਅਰੇਬਾਜ਼ੀ ਸ਼ੁਰੂ ਕਰ ਦਿੱਤੀ।

ਹਾਲਾਂਕਿ, ਤੇਜ਼ੀ ਨਾਲ ਕਾਰਵਾਈ ਕਰਦੇ ਹੋਏ ਪੁਲਸ ਨੇ ਤੁਰੰਤ ਜਾਸੀਮੁਦੀਨ ਨੂੰ ਇੱਕ ਗੱਡੀ ਵਿੱਚ ਬਿਠਾ ਲਿਆ, ਜਿਸ ਨਾਲ ਦੋਵਾਂ ਧੜਿਆਂ ਵਿਚਕਾਰ ਝੜਪ ਨਹੀਂ ਹੋਈ। ਜਾਸੀਮੁਦੀਨ ਵਿਰੁੱਧ ਪੋਕਸੋ ਐਕਟ ਅਤੇ ਭਾਰਤੀ ਨਿਆਏ ਸੰਹਿਤਾ (ਬੀ.ਐਨ.ਐਸ.) ਦੀਆਂ ਕਈ ਗੰਭੀਰ ਧਾਰਾਵਾਂ ਤਹਿਤ ਮਾਮਲਾ ਦਰਜ ਕੀਤਾ ਗਿਆ ਹੈ। ਸਥਾਨਕ ਲੋਕਾਂ ਦਾ ਕਹਿਣਾ ਹੈ ਕਿ ਕੌਂਸਲਰ ਦੇ ਕੁਝ ਸਾਥੀਆਂ ਦੇ ਨਾਮ ਪਹਿਲਾਂ ਤਿੰਨ ਸਾਲ ਪਹਿਲਾਂ ਇੱਕ ਨਾਬਾਲਗ ਲੜਕੀ ਨਾਲ ਛੇੜਛਾੜ ਦੇ ਇੱਕ ਮਾਮਲੇ ਵਿੱਚ ਸਾਹਮਣੇ ਆਏ ਸਨ। ਲੜਕੀ, ਜੋ ਹੁਣ ਕਾਲਜ ਦੀ ਵਿਦਿਆਰਥਣ ਹੈ, ਨੂੰ ਕਥਿਤ ਤੌਰ ਤੇ ਡਰਾਇਆ ਗਿਆ ਸੀ ਅਤੇ ਸ਼ਨੀਵਾਰ ਨੂੰ ਪੁਰਾਣੀ ਸ਼ਿਕਾਇਤ ਵਾਪਸ ਲੈਣ ਲਈ ਦਬਾਅ ਪਾਇਆ ਗਿਆ ਸੀ। ਇਸ ਤੋਂ ਬਾਅਦ, ਪੁਲਸ ਨੇ ਪੀੜਤ ਪਰਿਵਾਰ ਦੁਆਰਾ ਦਾਇਰ ਕੀਤੀ ਗਈ ਇੱਕ ਨਵੀਂ ਸ਼ਿਕਾਇਤ ਦੇ ਆਧਾਰ ਤੇ ਜਾਸੀਮੁਦੀਨ ਵਿਰੁੱਧ ਐੱਫ.ਆਈ.ਆਰ. ਦਰਜ ਕੀਤੀ।

ਐੱਫ.ਆਈ.ਆਰ. ਵਿੱਚ ਅਪਰਾਧਿਕ ਸਾਜ਼ਿਸ਼, ਧਮਕੀ, ਇੱਕ ਔਰਤਾਂ ਖਿਲਾਫ ਅਪਰਾਧ ਤੇ ਪੀੜਤ ਦੀ ਪਛਾਣ ਜ਼ਾਹਰ ਕਰਨ ਵਰਗੇ ਗੰਭੀਰ ਦੋਸ਼ ਸ਼ਾਮਲ ਹਨ। ਜਾਸੀਮੁਦੀਨ ਪਹਿਲਾਂ ਭਾਰਤੀ ਕਮਿਊਨਿਸਟ ਪਾਰਟੀ (ਮਾਰਕਸਵਾਦੀ) (ਸੀ.ਪੀ.ਆਈ. (ਐੱਮ)) ਨਾਲ ਸਨ ਪਰ 2015 ਦੀਆਂ ਨਗਰ ਨਿਗਮ ਚੋਣਾਂ ਤੋਂ ਪਹਿਲਾਂ ਉਹ ਤ੍ਰਿਣਮੂਲ ਕਾਂਗਰਸ ਵਿੱਚ ਸ਼ਾਮਲ ਹੋ ਗਏ, ਜਿਸ ਤੋਂ ਬਾਅਦ ਉਹ ਲਗਾਤਾਰ ਦੋ ਵਾਰ ਕੌਂਸਲਰ ਚੁਣੇ ਗਏ। 2026 ਦੀਆਂ ਵਿਧਾਨ ਸਭਾ ਚੋਣਾਂ ਤੋਂ ਬਾਅਦ ਪਾਰਟੀ ਅੰਦਰ ਉਨ੍ਹਾਂ ਦਾ ਪ੍ਰਭਾਵ ਘਟਣਾ ਸ਼ੁਰੂ ਹੋ ਗਿਆ ਸੀ ਤੇ ਉਨ੍ਹਾਂ ਨੂੰ ਸਥਾਨਕ ਨਿਵਾਸੀਆਂ ਦੀ ਨਾਰਾਜ਼ਗੀ ਦਾ ਵੀ ਸਾਹਮਣਾ ਕਰਨਾ ਪੈ ਰਿਹਾ ਸੀ। ਜਾਸੀਮੁਦੀਨ ਦੀ ਗ੍ਰਿਫ਼ਤਾਰੀ ਪਟੌਲੀ ਦੇ ਵਾਰਡ ਨੰਬਰ 101 ਦੇ ਕੌਂਸਲਰ ਬੱਪਾਦਿੱਤਿਆ ਦਾਸਗੁਪਤਾ ਦੀ ਗ੍ਰਿਫ਼ਤਾਰੀ ਤੋਂ ਕੁਝ ਘੰਟੇ ਬਾਅਦ ਹੋਈ ਹੈ। ਦਾਸਗੁਪਤਾ 2010 ਵਿੱਚ ਤ੍ਰਿਣਮੂਲ ਕਾਂਗਰਸ ਵਿੱਚ ਸ਼ਾਮਲ ਹੋਣ ਅਤੇ ਨਗਰ ਨਿਗਮ ਵਿੱਚ ਪਾਰਟੀ ਦੇ ਮੁੱਖ ਵ੍ਹਿਪ ਵਜੋਂ ਸੇਵਾ ਨਿਭਾਉਣ ਤੋਂ ਪਹਿਲਾਂ ਭਾਰਤੀ ਜਨਤਾ ਪਾਰਟੀ (ਭਾਜਪਾ) ਨਾਲ ਵੀ ਰਹਿ ਚੁੱਕੇ ਹਨ। ਇਨ੍ਹਾਂ ਦੋ ਪ੍ਰਮੁੱਖ ਨਗਰ ਨਿਗਮ ਹਸਤੀਆਂ ਦੀਆਂ ਲਗਾਤਾਰ ਗ੍ਰਿਫ਼ਤਾਰੀਆਂ ਨੇ ਰਾਜ ਵਿੱਚ ਸਿਆਸਤਦਾਨਾਂ ਵਿੱਚ ਭ੍ਰਿਸ਼ਟਾਚਾਰ ਅਤੇ ਅਪਰਾਧਿਕ ਮਿਲੀਭੁਗਤ ਬਾਰੇ ਇੱਕ ਨਵੀਂ ਸਿਆਸੀ ਬਹਿਸ ਛੇੜ ਦਿੱਤੀ ਹੈ.

# ਸਫ਼ਾ ਇੱਕ ਦੀ ਬਾਕੀ

### ਵਿਦੇਸ਼ਾਂ 'ਤੇ ਨਿਰਭਰਤਾ ਹੋ ਰਹੀ ਹੈ ਖ਼ਤਮ : ਰਾਜਨਾਥ

ਕਈ ਰੱਖਿਆ ਇਕਾਈਆਂ ਨੂੰ ਉਤਸ਼ਾਹਿਤ ਕੀਤਾ ਗਿਆ ਹੈ। ਉਨ੍ਹਾਂ ਅੱਗੇ ਕਿਹਾ ਕਿ ਡੀ.ਆਰ.ਡੀ.ਓ. ਪ੍ਰਯੋਗਸ਼ਾਲਾਵਾਂ ਦਾ ਵਿਸਥਾਰ ਨੌਜਵਾਨਾਂ ਲਈ ਖੋਜ ਅਤੇ ਨਵੀਨਤਾ ਲਈ ਨਵੇਂ ਮੌਕੇ ਪ੍ਰਦਾਨ ਕਰ ਰਿਹਾ ਹੈ। ਸਿੰਘ ਨੇ ਕਿਹਾ ਕਿ ਦੇਸ਼ ਦਾ ਰੱਖਿਆ ਉਤਪਾਦਨ ਲਗਾਤਾਰ ਵਧ ਰਿਹਾ ਹੈ, ਅਤੇ ਜ਼ਿਆਦਾਤਰ ਉਪਕਰਣ ਹੁਣ ਸਵਦੇਸ਼ੀ ਤੌਰ ਤੇ ਬਣਾਏ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਹੇਠ, ਭਾਰਤ ਦੀ ਵਿਸ਼ਵ ਪੱਧਰੀ ਸਾਖ ਵਧੀ ਹੈ ਅਤੇ ਯੋਜਨਾਵਾਂ ਦੇ ਲਾਭ ਆਖ਼ਰੀ ਵਿਅਕਤੀ ਤੱਕ ਪਹੁੰਚ ਰਹੇ ਹਨ। ਉੱਤਰ ਪ੍ਰਦੇਸ਼ ਸਰਕਾਰ ਦੀ ਪ੍ਰਸ਼ੰਸਾ ਕਰਦੇ ਹੋਏ ਸਿੰਘ ਨੇ ਕਿਹਾ ਕਿ ਰਾਜ ਵਿੱਚ ਕਾਨੂੰਨ ਵਿਵਸਥਾ ਵਿੱਚ ਕਾਫ਼ੀ ਸੁਧਾਰ ਹੋਇਆ ਹੈ।

ਉਨ੍ਹਾਂ ਕਿਹਾ, ਰਾਜ ਵਿੱਚ ਪੰਜ ਅੰਤਰਰਾਸ਼ਟਰੀ ਹਵਾਈ ਅੱਡੇ ਬਣਾਏ ਗਏ ਹਨ। ਲਖਨਊ-ਕਾਨਪੁਰ ਐਕਸਪ੍ਰੈਸਵੇਅ ਵਰਗੇ ਮਹੱਤਵਪੂਰਨ ਪ੍ਰੋਜੈਕਟ ਵੀ ਜਲਦੀ ਹੀ ਕਾਰਜਸ਼ੀਲ ਹੋਣਗੇ। ਲਖਨਊ ਵਿੱਚ ਇੱਕ ਅੰਤਰਰਾਸ਼ਟਰੀ ਸੰਮੇਲਨ ਕੇਂਦਰ ਸਮੇਤ ਹੋਰ ਬੁਨਿਆਦੀ ਢਾਂਚਾ ਵਿਕਸਤ ਕੀਤਾ ਜਾ ਰਿਹਾ ਹੈ। ਰੱਖਿਆ ਮੰਤਰੀ ਨੇ ਕਿਹਾ ਕਿ ਅੱਜ ਦੇਸ਼ ਵਿੱਚ ਲਗਭਗ ਦੋ ਲੱਖ ਸਟਾਰਟਅੱਪ ਹਨ। ਸਿੰਘ ਨੇ ਕਿਹਾ ਕਿ ਨੌਜਵਾਨਾਂ ਦੀ ਪ੍ਰਤਿਭਾ ਅਤੇ ਨਵੀਨਤਾ ਦੇਸ਼ ਨੂੰ ਨਵੀਆਂ ਉਚਾਈਆਂ ਤੇ ਲੈ ਜਾ ਰਹੀ ਹੈ। ਉਨ੍ਹਾਂ ਕਿਹਾ, ਵਿਸ਼ਵਵਿਆਪੀ ਚੁਣੌਤੀਆਂ ਦੇ ਬਾਵਜੂਦ, ਭਾਰਤ ਇੱਕ ਮਜ਼ਬੂਤ ਸਥਿਤੀ ਵਿੱਚ ਹੈ, ਅਤੇ ਪ੍ਰਧਾਨ ਮੰਤਰੀ ਦੀ ਅਗਵਾਈ ਹੇਠ, ਦੇਸ਼ ਦਾ ਸਿਰ ਕਿਸੇ ਵੀ ਹਾਲਤ ਵਿੱਚ ਝੁਕਣ ਨਹੀਂ ਦਿੱਤਾ ਜਾਵੇਗਾ।

### ਏ.ਆਰ. ਰਹਿਮਾਨ ਨੇ ਅਟਾਰੀ ਸਰਹੱਦ 'ਤੇ ਰਚਿਆ ਇਤਿਹਾਸ, ..

ਨਰਗਿਸ ਸਮੇਤ ਫਿਲਮ ਅਤੇ ਸੰਗੀਤ ਜਗਤ ਦੀਆਂ ਕਈ ਪ੍ਰਸਿੱਧ ਸ਼ਖ਼ਸੀਅਤਾਂ ਮੌਜੂਦ ਰਹੀਆਂ। ਮੀਡੀਆ ਨਾਲ ਗੱਲਬਾਤ ਕਰਦਿਆਂ ਡਾਇਰੈਕਟਰ ਇਮਤਿਆਜ਼ ਅਲੀ ਨੇ ਕਿਹਾ ਕਿ ਇਹ ਉਨ੍ਹਾਂ ਲਈ ਬੇਹੱਦ ਮਾਣ ਅਤੇ ਖ਼ੁਸ਼ੀ ਦੀ ਗੱਲ ਹੈ ਕਿ ਪਹਿਲੀ ਵਾਰ ਏ.ਆਰ.ਰਹਿਮਾਨ ਨੇ ਪੰਜਾਬ ਦੀ ਧਰਤੀ ਤੇ ਪਰਫਾਰਮ ਕੀਤਾ ਹੈ। ਉਨ੍ਹਾਂ ਕਿਹਾ ਕਿ ਅਟਾਰੀ ਬਾਰਡਰ ਵਰਗੀ ਇਤਿਹਾਸਕ ਅਤੇ ਭਾਵਨਾਤਮਕ ਥਾਂ ਤੇ ਸੰਗੀਤ ਪੇਸ਼ ਕਰਨਾ ਇੱਕ ਵਿਲੱਖਣ ਅਨੁਭਵ ਰਿਹਾ ਹੈ ਅਤੇ ਸ਼ਾਇਦ ਹੀ ਕਿਸੇ ਕਲਾਕਾਰ ਨੂੰ ਇਸ ਤਰ੍ਹਾਂ ਦਾ ਸਨਮਾਨ ਪਹਿਲਾਂ ਮਿਲਿਆ ਹੋਵੇ।

ਇਮਤਿਆਜ਼ ਅਲੀ ਨੇ ਆਪਣੀ ਆਉਣ ਵਾਲੀ ਫਿਲਮ ਮੈਂ ਵਾਪਸ ਆਵਾਂਗਾ ਬਾਰੇ ਦੱਸਦਿਆਂ ਕਿਹਾ ਕਿ ਇਸ ਫਿਲਮ ਦੀ ਸ਼ੂਟਿੰਗ ਅਟਾਰੀ ਬਾਰਡਰ ਸਮੇਤ ਪੰਜਾਬ ਦੇ 14 ਜ਼ਿਲ੍ਹਿਆਂ ਅਤੇ ਕਈ ਪਿੰਡਾਂ ਵਿੱਚ ਕੀਤੀ ਗਈ ਹੈ। ਫਿਲਮ ਦਾ ਵਿਸ਼ਾ ਦੇਸ਼ ਦੀ ਵੰਡ ਸਮੇਂ ਪਾਕਿਸਤਾਨ ਤੋਂ ਭਾਰਤ ਆਏ ਲੋਕਾਂ ਦੀਆਂ ਭਾਵਨਾਵਾਂ ਤੇ ਆਧਾਰਿਤ ਹੈ, ਜਿਨ੍ਹਾਂ ਦੇ ਦਿਲਾਂ ਵਿੱਚ ਆਪਣੇ ਜਨਮ ਸਥਾਨ ਅਤੇ ਪਿੰਡਾਂ ਵਿੱਚ ਵਾਪਸ ਜਾਣ ਦੀ ਤਾਂਘ ਜ਼ਿੰਦਾ ਰਹੀ। ਫਿਲਮ ਇਸੇ ਭਾਵਨਾ ਨੂੰ ਪਰਦੇ ਤੇ ਪੇਸ਼ ਕਰੇਗੀ।

ਉਨ੍ਹਾਂ ਅੱਗੇ ਕਿਹਾ ਕਿ ਫਿਲਮ ਦਾ ਸੰਗੀਤ ਏ.ਆਰ. ਰਹਿਮਾਨ ਨੇ ਤਿਆਰ ਕੀਤਾ ਹੈ ਅਤੇ ਅੱਜ ਅਟਾਰੀ ਬਾਰਡਰ ਤੇ ਇਸ ਨਾਲ ਸਬੰਧਿਤ ਸੰਗੀਤਕ ਪੇਸ਼ਕਾਰੀ ਕੀਤੀ ਗਈ। ਇਮਤਿਆਜ਼ ਅਲੀ ਨੇ ਕਿਹਾ ਕਿ ਇਹ ਗੀਤ ਦੇਸ਼ ਦੀਆਂ ਸਸ਼ਸਤ੍ਰ ਫੌਜਾਂ, ਬੀ.ਐਸ.ਐਫ., ਫੌਜ ਅਤੇ ਹਵਾਈ ਸੈਨਾ ਦੇ ਜਵਾਨਾਂ ਨੂੰ ਸਮਰਪਿਤ ਹਨ, ਜੋ ਆਪਣੇ ਪਰਿਵਾਰਾਂ ਤੋਂ ਦੂਰ ਰਹਿ ਕੇ ਦੇਸ਼ ਦੀ ਸੁਰੱਖਿਆ ਲਈ ਡਿਊਟੀ ਨਿਭਾਉਂਦੇ ਹਨ। ਉਨ੍ਹਾਂ ਨੇ ਕਿਹਾ ਕਿ ਜਵਾਨਾਂ ਦੀਆਂ ਕੁਰਬਾਨੀਆਂ ਨੂੰ ਸਲਾਮ ਕਰਨ ਲਈ ਇਹ ਸੰਗੀਤਕ ਸ਼ਰਧਾਂਜਲੀ ਪੇਸ਼ ਕੀਤੀ ਗਈ ਹੈ। ਨਾਲ ਹੀ ਉਨ੍ਹਾਂ ਨੇ ਬੀ.ਐਸ.ਐਫ. ਨੂੰ ਉਸ ਦੀ 60ਵੀਂ ਵਰ੍ਹੇਗੰਢ ਮੌਕੇ ਵਧਾਈ ਦਿੰਦਿਆਂ ਕਿਹਾ ਕਿ ਦੇਸ਼ ਦੀ ਸੁਰੱਖਿਆ ਵਿੱਚ ਬੀ.ਐਸ.ਐਫ. ਦਾ ਯੋਗਦਾਨ ਬੇਮਿਸਾਲ ਹੈ।

### ਕਾਕਰੋਚ ਜਨਤਾ ਪਾਰਟੀ ਦੇ ਪ੍ਰਦਰਸ਼ਨ 'ਚ 7000 ਲੋਕਾਂ ...

ਤਿਆਰ ਕਰਾਂਗੇ। ਸ਼ਨੀਵਾਰ ਨੂੰ ਸੈਂਕੜੇ ਪ੍ਰਦਰਸ਼ਨਕਾਰੀ ਦਿੱਲੀ ਦੇ ਜੰਤਰ-ਮੰਤਰ ਤੇ ਸੀ.ਜੇ.ਪੀ. ਦੇ ਬੈਨਰ ਹੇਠ ਇਕੱਠੇ ਹੋਏ ਅਤੇ ਪ੍ਰੀਖਿਆਵਾਂ ਅਤੇ ਭਰਤੀ ਪ੍ਰੀਖਿਆਵਾਂ ਵਿੱਚ ਕਥਿਤ ਬੇਨਿਯਮੀਆਂ ਨੂੰ ਲੈ ਕੇ ਪ੍ਰਧਾਨ ਦੇ ਅਸਤੀਫ਼ੇ ਦੀ ਮੰਗ ਕੀਤੀ। ਦੀਪਕੇ ਨੇ ਪ੍ਰਦਰਸ਼ਨਕਾਰੀਆਂ ਨੂੰ ਸੁਨੇਹਾ ਦਿੱਤਾ ਕਿ ਉਨ੍ਹਾਂ ਨੂੰ ਡਰਨ ਦੀ ਲੋੜ ਨਹੀਂ ਹੈ। ਬਾਅਦ ਵਿੱਚ ਰਾਸ਼ਟਰੀ ਰਾਜਧਾਨੀ ਵਿੱਚ ਇੱਕ ਪ੍ਰੈਸ ਕਾਨਫਰੰਸ ਵਿੱਚ ਸੀਜੇਪੀ ਦੇ ਬੁਲਾਰਿਆਂ ਨੇ ਐਲਾਨ ਕੀਤਾ ਕਿ ਉਹ ਅਸਤੀਫ਼ੇ ਲਈ ਇੱਕ ਹਫ਼ਤੇ ਦੀ ਉਡੀਕ ਕਰਨਗੇ।

ਉਨ੍ਹਾਂ ਕਿਹਾ ਕਿ ਇਸ ਤੋਂ ਬਾਅਦ ਉਹ ਦੇਸ਼ ਵਿਆਪੀ ਵਿਰੋਧ ਪ੍ਰਦਰਸ਼ਨ ਸ਼ੁਰੂ ਕਰਨਗੇ। ਵਿਰੋਧ ਪ੍ਰਦਰਸ਼ਨ ਦਾ ਸੱਦਾ ਦੇਣ ਵਾਲਾ ਦੀਪਕ ਸ਼ਨੀਵਾਰ ਸਵੇਰੇ ਅਮਰੀਕਾ ਤੋਂ ਦਿੱਲੀ ਪਹੁੰਚਿਆ। ਹਵਾਈ ਅੱਡੇ ਤੋਂ ਨਿਕਲਦੇ ਸਮੇਂ ਉਨ੍ਹਾਂ ਨੇ ਬੀ.ਆਰ. ਅੰਬੇਡਕਰ ਦੀ ਆਤਮਕਥਾ ਦੀ ਇੱਕ ਕਾਪੀ ਫੜੀ ਹੋਈ ਸੀ। ਦਿੱਲੀ ਪੁਲਸ ਤੋਂ ਵਿਰੋਧ ਪ੍ਰਦਰਸ਼ਨ ਦੀ ਇਜਾਜ਼ਤ ਮਿਲਣ ਤੋਂ ਬਾਅਦ ਉਹ ਜੰਤਰ-ਮੰਤਰ ਪਹੁੰਚੇ, ਜਿੱਥੇ ਲੋਕ ਸਵੇਰ ਤੋਂ ਹੀ ਇਕੱਠੇ ਹੋਣੇ ਸ਼ੁਰੂ ਹੋ ਗਏ ਸਨ। ਪ੍ਰਦਰਸ਼ਨਕਾਰੀਆਂ ਨੂੰ ਕਾਕਰੋਚ ਮਾਸਕ ਪਹਿਨੇ ਹੋਏ ਦੇਖਿਆ ਗਿਆ, ਜਿਨ੍ਹਾਂ ਨੇ ਅਸਤੀਫ਼ੇ ਦੀ ਮੰਗ ਕਰਦੇ ਪੋਸਟਰ ਫੜੇ ਹੋਏ ਸਨ। ਇਹ ਮਾਸਕ ਵਿਰੋਧ ਸਥਾਨ ਤੇ ਵੰਡੇ ਜਾ ਰਹੇ ਸਨ। ਇਸ ਤੋਂ ਇਲਾਵਾ, ਉਨ੍ਹਾਂ ਨੇ ਸੱਤਾਧਾਰੀ ਭਾਰਤੀ ਜਨਤਾ ਪਾਰਟੀ (ਭਾਜਪਾ) ਤੋਂ ਹਿੰਦੂ-ਮੁਸਲਿਮ ਰਾਜਨੀਤੀ ਬੰਦ ਕਰਨ ਦੀ ਮੰਗ ਕਰਦੇ ਹੋਏ ਨਾਅਰੇਬਾਜ਼ੀ ਕੀਤੀ ਅਤੇ ਭਾਰਤ ਮਾਤਾ ਕੀ ਜੈ ਦੇ ਨਾਅਰੇ ਵੀ ਲਗਾਏ।

### ਬੰਗਾਲ ਸਰਕਾਰ ਵੱਲੋਂ ਮਦਰੱਸਿਆਂ ਦੇ ਕੰਮਕਾਜ ਅਤੇ ...

ਕਰਨ ਵਿੱਚ ਵੀ ਮਦਦ ਕਰੇਗਾ ਕਿ ਕੀ ਸਾਰੇ ਮਦਰੱਸੇ ਮੌਜੂਦਾ ਨਿਯਮਾਂ ਅਨੁਸਾਰ ਕੰਮ ਕਰ ਰਹੇ ਹਨ ਅਤੇ ਕੀ ਉਨ੍ਹਾਂ ਕੋਲ ਜ਼ਰੂਰੀ ਦਸਤਾਵੇਜ਼ ਹਨ।

ਇਹ ਘਟਨਾਕ੍ਰਮ ਸੂਬੇ ਵਿੱਚ ਭਾਜਪਾ ਦੇ ਸੱਤਾ ਵਿੱਚ ਆਉਣ ਤੋਂ ਇੱਕ ਮਹੀਨਾ ਬਾਅਦ ਆਇਆ ਹੈ, ਜਿਸਨੇ 15 ਸਾਲ ਰਾਜ ਕਰਨ ਤੋਂ ਬਾਅਦ ਤ੍ਰਿਣਮੂਲ ਕਾਂਗਰਸ ਨੂੰ ਸੱਤਾ ਤੋਂ ਬਾਹਰ ਕਰ ਦਿੱਤਾ ਸੀ। ਘੱਟ ਗਿਣਤੀ ਮਾਮਲਿਆਂ ਅਤੇ ਮਦਰੱਸਾ ਸਿੱਖਿਆ ਵਿਭਾਗ ਨੇ 5 ਜੂਨ ਨੂੰ ਇੱਕ ਨੋਟੀਫਿਕੇਸ਼ਨ ਜਾਰੀ ਕੀਤਾ, ਜਿਸ ਮੁਤਾਬਕ ਜ਼ਿਲ੍ਹਾ ਪ੍ਰਸ਼ਾਸਨਾਂ ਨੂੰ ਮਦਰੱਸਿਆਂ ਦੀ ਸਥਿਤੀ, ਉਨ੍ਹਾਂ ਦੀ ਸਥਾਪਨਾ ਦਾ ਸਾਲ, ਰਜਿਸਟ੍ਰੇਸ਼ਨ ਵੇਰਵੇ, ਵੈਧ ਦਸਤਾਵੇਜ਼ਾਂ ਦੀ ਉਪਲਬਧਤਾ ਤੇ ਵਿਦਿਆਰਥੀਆਂ, ਅਧਿਆਪਕਾਂ ਤੇ ਗੈਰ-ਅਧਿਆਪਨ ਸਟਾਫ ਦੀ ਗਿਣਤੀ ਬਾਰੇ ਡੇਟਾ ਇਕੱਠਾ ਕਰਨ ਲਈ ਕਿਹਾ ਗਿਆ। ਰਿਪੋਰਟ ਵਿੱਚ ਇਹ ਵੀ ਸਪੱਸ਼ਟ ਕਰਨਾ ਪਵੇਗਾ ਕਿ ਕੀ ਸੰਸਥਾਵਾਂ ਰਿਹਾਇਸ਼ੀ ਹਨ, ਸਹਾਇਤਾ ਪ੍ਰਾਪਤ ਨਿੱਜੀ ਸੰਸਥਾਵਾਂ ਹਨ ਜਾਂ ਗੈਰ-ਸਹਾਇਤਾ ਪ੍ਰਾਪਤ ਹਨ।

ਇਸ ਰਿਪੋਰਟ ਵਿੱਚ ਮਦਰੱਸਿਆਂ ਵਿੱਚ ਪੜ੍ਹਾਏ ਜਾ ਰਹੇ ਕੋਰਸਾਂ ਦਾ ਵੇਰਵਾ ਦਿੱਤਾ ਜਾਵੇਗਾ। ਰਾਜ ਸਕੱਤਰੇਤ ਦੇ ਇੱਕ ਸੀਨੀਅਰ ਅਧਿਕਾਰੀ ਨੇ ਦੱਸਿਆ ਕਿ ਇਸ ਪ੍ਰਕਿਰਿਆ ਦਾ ਉਦੇਸ਼ ਮਦਰੱਸਾ ਸਿੱਖਿਆ ਖੇਤਰ ਵਿੱਚ ਭਵਿੱਖ ਦੀ ਯੋਜਨਾਬੰਦੀ ਵਿੱਚ ਸਹਾਇਤਾ ਲਈ ਇੱਕ ਅੱਪਡੇਟ ਕੀਤਾ ਡੇਟਾਬੇਸ ਬਣਾਉਣਾ ਹੈ। ਪ੍ਰਸ਼ਾਸਨ ਦੇ ਸੂਤਰਾਂ ਨੇ ਸੰਕੇਤ ਦਿੱਤਾ ਕਿ ਸਮੀਖਿਆ ਦੌਰਾਨ ਪਾਈ ਗਈ ਕਿਸੇ ਵੀ ਬੇਨਿਯਮੀਆਂ ਜਾਂ ਅਣਅਧਿਕਾਰਤ ਗਤੀਵਿਧੀ ਦੀ ਵੱਖਰੇ ਤੌਰ ਤੇ ਜਾਂਚ ਕੀਤੀ ਜਾਵੇਗੀ। ਹਾਲਾਂਕਿ, ਮਦਰੱਸਿਆਂ ਦੁਆਰਾ ਅਪਣਾਏ ਜਾਂਦੇ ਮੌਜੂਦਾ ਵਿਦਿਅਕ ਢਾਂਚੇ ਜਾਂ ਪਾਠਕ੍ਰਮ ਨੂੰ ਬਦਲਣ ਦਾ ਕੋਈ ਪ੍ਰਸਤਾਵ ਨਹੀਂ ਹੈ।

ਇਹ ਕਦਮ ਪੱਛਮੀ ਬੰਗਾਲ ਵਿੱਚ ਸੱਤਾ ਤਬਦੀਲੀ ਤੋਂ ਬਾਅਦ ਸਿੱਖਿਆ ਖੇਤਰ ਵਿੱਚ ਰਾਜ ਸਰਕਾਰ ਦੁਆਰਾ ਸ਼ੁਰੂ ਕੀਤੀਆਂ ਗਈਆਂ ਨੀਤੀਗਤ ਪਹਿਲਕਦਮੀਆਂ ਦੀ ਇੱਕ ਲੜੀ ਦੇ ਵਿਚਕਾਰ ਆਇਆ ਹੈ। ਇਤਫਾਕਨ, ਭਾਜਪਾ ਸਰਕਾਰ ਨੇ ਹਾਲ ਹੀ ਵਿੱਚ ਰਾਜ ਦੇ ਹੋਰ ਵਿਦਿਅਕ ਅਦਾਰਿਆਂ ਦੇ ਨਾਲ-ਨਾਲ ਮਦਰੱਸਿਆਂ ਵਿੱਚ ਸਵੇਰ ਦੀ ਨਮਾਜ਼ ਦੌਰਾਨ ਵੰਦੇ ਮਾਤਰਮ ਗਾਉਣਾ ਲਾਜ਼ਮੀ ਕੀਤਾ ਹੈ।

### ਨਹਿਰ 'ਚ ਨਹਾਉਂਦੇ ਸਮੇਂ ਤਿੰਨ ਭਰਾ ਡੁੱਬ

ਅਤੇ ਛੋਟੂ (22) ਸ਼ਨੀਵਾਰ ਨੂੰ ਆਪਣੇ ਦੋਸਤ ਸੁਮਿਤ ਨਾਲ ਨਾਦਰਾਈ ਹਜ਼ਾਰਾ ਨਹਿਰ 'ਚ ਨਹਾਉਣ ਗਏ ਸਨ। ਪੁਲਿਸ ਅਨੁਸਾਰ, ਨਹਾਉਂਦੇ ਸਮੇਂ ਤਿੰਨੋਂ ਡੂੰਘੇ ਪਾਣੀ ਵਿੱਚ ਚਲੇ ਗਏ ਤੇ ਡੁੱਬਣ ਲੱਗੇ। ਹਾਲਾਂਕਿ ਸੁਮਿਤ ਤੈਰਨ ਚ ਕਾਮਯਾਬ ਹੋ ਗਿਆ ਪਰ ਤਿੰਨੋਂ ਭਰਾ ਤੇਜ਼ ਕਰੰਟ ਚ ਵਹਿ ਗਏ। ਪੁਲਸ ਸੁਪਰਡੈਂਟ ਓਮ ਪ੍ਰਕਾਸ਼ ਸਿੰਘ ਨੇ ਕਿਹਾ ਕਿ ਸੂਚਨਾ ਮਿਲਣ ਤੋਂ ਤੁਰੰਤ ਬਾਅਦ ਇੱਕ ਸਾਂਝਾ ਖੋਜ ਅਤੇ ਬਚਾਅ ਕਾਰਜ ਸ਼ੁਰੂ ਕੀਤਾ ਗਿਆ। ਉਨ੍ਹਾਂ ਕਿਹਾ ਕਿ ਐਤਵਾਰ ਨੂੰ ਜੈਪ੍ਰਕਾਸ਼ ਦੀ ਲਾਸ਼ ਘਟਨਾ ਸਥਾਨ ਤੋਂ ਲਗਭਗ ਅੱਧਾ ਕਿਲੋਮੀਟਰ ਦੂਰ ਬਰਾਮਦ ਕੀਤੀ ਗਈ ਸੀ ਅਤੇ ਛੋਟੂ ਦੀ ਲਾਸ਼ ਲਗਭਗ ਢਾਈ ਕਿਲੋਮੀਟਰ ਦੂਰ ਬਰਾਮਦ ਕੀਤੀ ਗਈ ਸੀ। ਅਧਿਕਾਰੀ ਨੇ ਕਿਹਾ ਕਿ ਲਗਾਤਾਰ ਭਾਲ ਤੋਂ ਬਾਅਦ ਤੀਜੇ ਭਰਾ ਅਜੈ ਦੀ ਲਾਸ਼ ਵੀ ਬਰਾਮਦ ਕੀਤੀ ਗਈ। ਪਿੰਡ ਵਾਸੀਆਂ ਦੇ ਅਨੁਸਾਰ ਤਿੰਨੋਂ ਭਰਾ ਖੇਤੀ ਕਰ ਕੇ ਆਪਣੇ ਪਰਿਵਾਰ ਦਾ ਪਾਲਣ-ਪੋਸ਼ਣ ਕਰਦੇ ਸਨ ਤੇ ਵਿਆਹੇ ਹੋਏ ਸਨ। ਉਨ੍ਹਾਂ ਕਿਹਾ ਕਿ ਛੋਟੂ ਦਾ ਵਿਆਹ ਇਸ ਸਾਲ 20 ਫਰਵਰੀ ਨੂੰ ਏਟਾਹ ਜ਼ਿਲ੍ਹੇ ਦੇ ਲੋਧਮਈ ਪਿੰਡ ਦੀ ਰਹਿਣ ਵਾਲੀ ਤਾਨਿਆ ਨਾਲ ਹੋਇਆ ਸੀ।

### ਘੱਟਣ ਲੱਗੀ ਭਾਰਤ ਦੀ ਆਬਾਦੀ, ਰਿਪਲੇਸਮੈਂਟ ਲੈਵਲ ...

ਲੈਵਲ ਤੋਂ ਵੀ ਹੇਠਾਂ ਆ ਗਈ ਹੈ। ਇਸ ਦਾ ਮਤਲਬ ਹੈ ਕਿ ਭਾਰਤ ਦੀ ਜਨਮ ਦਰ, ਆਬਾਦੀ ਨੂੰ ਸੰਤੁਲਿਤ ਰੱਖਣ ਦੀ ਦਰ ਤੋਂ ਵੀ ਘਟ ਗਈ ਹੈ, ਜਿਸ ਦੇ ਨਤੀਜੇ ਵਜੋਂ ਅਗਲੇ ਕੁਝ ਸਾਲਾਂ ਚ ਭਾਰਤ ਦੀ ਆਬਾਦੀ ਚ ਵੀ ਤੇਜ਼ੀ ਨਾਲ ਕਮੀ ਆ ਸਕਦੀ ਹੈ।

ਸੋਸ਼ਲ ਮੀਡੀਆ ਪਲੇਟਫਾਰਮ ਐਕਸ ਤੇ ਇੱਕ ਪੋਸਟ ਸਾਂਝੀ ਕਰਦਿਆਂ ਮਸਕ ਨੇ ਲਿਖਿਆ, ਭਾਰਤ ਦੀ ਜਨਮ ਦਰ ਰਿਪਲੇਸਮੈਂਟ ਲੈਵਲ ਤੋਂ ਹੇਠਾਂ ਡਿੱਗ ਗਈ ਹੈ। ਭਾਰਤ ਦੇ ਸਭ ਤੋਂ ਵੱਧ ਪੜ੍ਹੇ-ਲਿਖੇ ਵਰਗ ਚ ਤਾਂ ਇਹ ਜਨਮ ਦਰ ਕਈ ਸਾਲ ਪਹਿਲਾਂ ਹੀ ਰਿਪਲੇਸਮੈਂਟ ਲੈਵਲ ਤੋਂ ਹੇਠਾਂ ਆ ਚੁੱਕੀ ਸੀ।

ਮਸਕ ਨੇ ਆਪਣੀ ਪੋਸਟ ਚ ਇਕ ਰਿਪੋਰਟ ਦਾ ਹਵਾਲਾ ਦਿੱਤਾ, ਜਿਸ ਚ ਦੱਸਿਆ ਗਿਆ ਹੈ ਕਿ ਦੇਸ਼ ਦੇ ਇਤਿਹਾਸ ਵਿੱਚ ਪਹਿਲੀ ਵਾਰ ਭਾਰਤ ਦੀ ਜਨਮ ਦਰ ਰਿਪਲੇਸਮੈਂਟ ਲੈਵਲ ਤੋਂ ਵੀ ਹੇਠਾਂ ਆ ਗਈ ਹੈ। ਰਿਪੋਰਟ ਮੁਤਾਬਕ, ਸਿਰਫ਼ ਪਿਛਲੇ 10 ਸਾਲਾਂ ਦੌਰਾਨ ਭਾਰਤ ਦੀ ਟੀ.ਐੱਫ.ਆਰ. 2.3 ਤੋਂ ਘਟ ਕੇ 1.9 ਰਹਿ ਗਈ ਹੈ। ਖ਼ਾਸ ਗੱਲ ਇਹ ਹੈ ਕਿ ਦੇਸ਼ ਦੀ ਰਾਜਧਾਨੀ ਦਿੱਲੀ ਦੀ ਜਨਮ ਦਰ ਹੁਣ 1.2 ਤੇ ਆ ਗਈ ਹੈ, ਜੋ ਕਿ ਫਿਨਲੈਂਡ ਦੇਸ਼ ਨਾਲੋਂ ਵੀ ਘੱਟ ਹੈ।

ਰਿਪੋਰਟ ਮੁਤਾਬਕ ਭਾਵੇਂ ਕਿ ਦੇਸ਼ ਦੀ ਜਨਮ ਦਰ ਘਟੀ ਹੈ ਪਰ ਇਸ ਦੇ ਬਾਵਜੂਦ ਰਾਜਸਥਾਨ, ਬਿਹਾਰ ਤੇ ਉੱਤਰ ਪ੍ਰਦੇਸ਼ ਦੀ ਜਨਮ ਦਰ ਦੇਸ਼ ਦੀ ਜਨਮ ਦਰ ਨਾਲੋਂ ਵੱਧ ਹੈ। ਰਾਜਸਥਾਨ ਦੀ ਜਨਮ ਦਰ 2.2, ਉੱਤਰ ਪ੍ਰਦੇਸ਼ ਦੀ 2.6 ਤੇ ਬਿਹਾਰ ਦੀ ਜਨਮ ਦਰ 2.9 ਤੱਕ ਬਣੀ ਹੋਈ ਹੈ। ਜ਼ਿਕਰਯੋਗ ਹੈ ਕਿ ਭਾਰਤ ਦੀ ਮੌਜੂਦਾ ਆਬਾਦੀ 1.46 ਅਰਬ ਤੋਂ ਵੀ ਵੱਧ ਹੈ। ਸਾਲ 2023 ਵਿੱਚ ਭਾਰਤ ਚੀਨ ਨੂੰ ਪਛਾੜ ਕੇ ਦੁਨੀਆ ਦਾ ਸਭ ਤੋਂ ਵੱਧ ਆਬਾਦੀ ਵਾਲਾ ਦੇਸ਼ ਬਣਿਆ ਸੀ। ਹਾਲਾਂਕਿ ਦੇਸ਼ ਦੀ ਜਨਮ ਦਰ ਚ ਗਿਰਾਵਟ ਆਈ ਹੈ ਪਰ ਫ਼ਿਰ ਵੀ ਦੇਸ਼ ਇੰਨੀ ਵੱਡੀ ਆਬਾਦੀ ਨੂੰ ਚੰਗੀਆਂ ਸਿਹਤ ਤੇ ਸਿੱਖਿਆ ਸਹੂਲਤਾਂ ਪ੍ਰਦਾਨ ਕਰਨ ਚ ਸਮੱਸਿਆਵਾਂ ਨਾਲ ਜੂਝ ਰਿਹਾ ਹੈ।

### ਮੇਰੀਆਂ ਯਾਦਾਂ ਵਿੱਚ ਆਕਾਸ਼ਵਾਣੀ ਭਾਰਤ ਨੂੰ ਜੋੜਨ ਦਾ ਇੱਕ ..

ਪ੍ਰੋਗਰਾਮ ਅਤੇ ਰਾਤ ਦੇ ਸੰਗੀਤਕ ਪ੍ਰਸਾਰਣ ਲੋਕਾਂ ਦੀ ਰੋਜ਼ਮਰ੍ਹਾ ਦੀ ਜ਼ਿੰਦਗੀ ਦਾ ਹਿੱਸਾ ਬਣੇ ਰਹਿੰਦੇ ਸਨ।

ਮੇਰੇ ਲਈ ਆਕਾਸ਼ਵਾਣੀ ਨਾਲ ਜੁੜੀਆਂ ਯਾਦਾਂ ਲੱਗਭੱਗ ਚਾਰ ਦਹਾਕਿਆਂ ਤੱਕ ਫੈਲੀਆਂ ਹੋਈਆਂ ਹਨ।ਪਿਛਲੇ 40 ਸਾਲਾਂ ਵਿੱਚ ਪ੍ਰਸਾਰਣ ਦੀ ਦੁਨੀਆਂ ਵਿੱਚ ਇੱਕ ਬ੍ਰਾਡਕਾਸਟਰ ਤੇ ਇੱਕ ਉੱਚ ਅਧਿਕਾਰੀ ਹੋਣ ਦੇ ਨਾਲ ਇੱਕ ਸਰੋਤਾ, ਲੇਖਕ, ਵਕਤਾ ਅਤੇ ਸਮਾਜਿਕ ਚਿੰਤਕ ਵਜੋਂ ਆਕਾਸ਼ਵਾਣੀ ਨਾਲ ਮੇਰਾ ਗਹਿਰਾ ਰਿਸ਼ਤਾ ਰਿਹਾ ਹੈ।

ਮੈਨੂੰ ਅੱਜ ਵੀ ਉਹ ਦਿਨ ਯਾਦ ਹਨ ਜਦੋਂ ਘਰ ਵਿੱਚ ਰੇਡੀਓ ਚੱਲਦੇ ਹੀ ਸਾਰਾ ਪਰਿਵਾਰ ਉਸਦੇ ਆਲੇ-ਦੁਆਲੇ ਇਕੱਠਾ ਹੋ ਜਾਂਦਾ ਸੀ। ਖ਼ਬਰਾਂ ਸੁਣਨ ਦਾ ਇੱਕ ਵੱਖਰਾ ਹੀ ਅਨੁਸ਼ਾਸਨ ਅਤੇ ਉਤਸੁਕਤਾ ਹੁੰਦੀ ਸੀ। ਪੰਜਾਬੀ ਪ੍ਰੋਗਰਾਮ, ਸਾਹਿਤਕ ਵਾਰਤਾਵਾਂ, ਲੋਕ-ਗੀਤ, ਨਾਟਕ ਅਤੇ ਵਿਸ਼ੇਸ਼ ਚਰਚਾਵਾਂ ਸਿਰਫ਼ ਮਨੋਰੰਜਨ ਨਹੀਂ ਸਨ, ਸਗੋਂ ਸਮਾਜਿਕ ਸਿੱਖਿਆ ਦਾ ਵੀ ਸਾਧਨ ਸਨ।

ਅੱਜ ਆਕਾਸ਼ਵਾਣੀ ਨੇ ਭਾਰਤੀ ਭਾਸ਼ਾਵਾਂ ਅਤੇ ਲੋਕ-ਸੱਭਿਆਚਾਰ ਨੂੰ ਸੰਭਾਲਣ ਵਿੱਚ ਬੇਮਿਸਾਲ ਯੋਗਦਾਨ ਦਿੱਤਾ ਹੈ। ਜਦੋਂ ਨਿੱਜੀ ਚੈਨਲਾਂ ਅਤੇ ਡਿਜ਼ੀਟਲ ਮਾਧਿਅਮਾਂ ਦਾ ਕੋਈ ਅਸਰ ਨਹੀਂ ਸੀ, ਤਦੋਂ ਆਕਾਸ਼ਵਾਣੀ ਨੇ ਲੋਕ ਕਲਾਵਾਂ, ਲੋਕ ਗਾਇਕੀ, ਸਾਹਿਤ ਅਤੇ ਖੇਤਰੀ ਭਾਸ਼ਾਵਾਂ ਨੂੰ ਇੱਕ ਰਾਸ਼ਟਰੀ ਮੰਚ ਦਿੱਤਾ। ਅਨੇਕਾਂ ਗਾਇਕਾਂ, ਕਵੀਆਂ, ਲੇਖਕਾਂ ਅਤੇ ਕਲਾਕਾਰਾਂ ਦੀ ਪਹਿਚਾਣ ਆਕਾਸ਼ਵਾਣੀ ਰਾਹੀਂ ਹੀ ਬਣੀ। ਇਹ ਕਹਿਣਾ ਗਲਤ ਨਹੀਂ ਹੋਵੇਗਾ ਕਿ ਭਾਰਤ ਦੀ ਸੱਭਿਆਚਾਰਕ ਏਕਤਾ ਨੂੰ ਮਜ਼ਬੂਤ ਕਰਨ ਵਿੱਚ ਆਕਾਸ਼ਵਾਣੀ ਦੀ ਭੂਮਿਕਾ ਬੇਹੱਦ ਮਹੱਤਵਪੂਰਨ ਰਹੀ ਹੈ।

ਪੰਜਾਬ ਵਿੱਚ ਖੇਤੀਬਾੜੀ ਖੇਤਰ ਵਿੱਚ ਵੀ ਇਸਦੀ ਭੂਮਿਕਾ ਅਤੁੱਲਣੀ ਹੈ।ਪਿੰਡਾਂ ਦੇ ਕਿਸਾਨਾਂ ਤੱਕ ਮੌਸਮ, ਨਵੀਂ ਤਕਨਾਲੋਜੀ, ਫਸਲਾਂ ਅਤੇ ਸਰਕਾਰੀ ਯੋਜਨਾਵਾਂ ਦੀ ਜਾਣਕਾਰੀ ਪਹੁੰਚਾਉਣ ਦਾ ਕੰਮ ਆਕਾਸ਼ਵਾਣੀ ਨੇ ਦਹਾਕਿਆਂ ਤੱਕ ਇਮਾਨਦਾਰੀ ਨਾਲ ਕੀਤਾ। ਜਦੋਂ ਇੰਟਰਨੈੱਟ ਅਤੇ ਮੋਬਾਈਲ ਦੀ ਪਹੁੰਚ ਨਹੀਂ ਸੀ, ਉਸ ਸਮੇਂ ਇਹ ਜਾਣਕਾਰੀ ਕਿਸਾਨਾਂ ਲਈ ਜੀਵਨ-ਰੇਖਾ ਸਾਬਤ ਹੁੰਦੀ ਸੀ।

ਅੱਜ ਭਾਵੇਂ ਡਿਜ਼ੀਟਲ ਮੀਡੀਆ, ਸੋਸ਼ਲ ਮੀਡੀਆ ਅਤੇ ਸੈਂਕੜੇ ਟੈਲੀਵਿਜ਼ਨ ਚੈਨਲ ਮੌਜੂਦ ਹਨ, ਪਰ ਆਕਾਸ਼ਵਾਣੀ ਦੀ ਭਰੋਸੇਯੋਗਤਾ ਅਜੇ ਵੀ ਕਾਇਮ ਹੈ। ਸੰਕਟ ਦੇ ਸਮਿਆਂ ਵਿੱਚ ਲੋਕ ਅੱਜ ਵੀ ਪ੍ਰਮਾਣਿਕ ਜਾਣਕਾਰੀ ਲਈ ਇਸ ਵੱਲ ਦੇਖਦੇ ਹਨ। ਇਹੀ ਇਸ ਸੰਸਥਾ ਦੀ ਸਭ ਤੋਂ ਵੱਡੀ ਤਾਕਤ ਹੈ। ਸਮੇਂ ਦੇ ਨਾਲ ਇਸ ਨੇ ਆਪਣੇ ਆਪ ਨੂੰ ਬਦਲਿਆ ਹੈ। ਐਫ.ਐਮ. ਚੈਨਲਾਂ, ਡਿਜ਼ੀਟਲ ਸਟ੍ਰੀਮਿੰਗ, ਮੋਬਾਈਲ ਐਪਾਂ ਅਤੇ ਇੰਟਰਨੈੱਟ ਰੇਡੀਓ ਰਾਹੀਂ ਇਹ ਨਵੀਂ ਪੀੜ੍ਹੀ ਨਾਲ ਵੀ ਜੁੜ ਰਿਹਾ ਹੈ।

ਆਕਾਸ਼ਵਾਣੀ ਦੇ 90 ਸਾਲ ਸਾਨੂੰ ਇਹ ਵੀ ਯਾਦ ਦਿਵਾਉਂਦੇ ਹਨ ਕਿ ਤਕਨਾਲੋਜੀ ਭਾਵੇਂ ਕਿੰਨੀ ਵੀ ਬਦਲ ਜਾਵੇ, ਭਰੋਸੇਯੋਗ ਅਤੇ ਲੋਕ-ਹਿਤੈਸ਼ੀ ਸੰਚਾਰ ਦੀ ਮਹੱਤਤਾ ਕਦੇ ਘੱਟ ਨਹੀਂ ਹੁੰਦੀ। ਇਹ ਸੰਸਥਾ ਸਿਰਫ਼ ਖ਼ਬਰਾਂ ਅਤੇ ਪ੍ਰੋਗਰਾਮਾਂ ਦਾ ਮਾਧਿਅਮ ਨਹੀਂ, ਸਗੋਂ ਭਾਰਤ ਦੀ ਸਾਂਝੀ ਯਾਦ ਦਾ ਇੱਕ ਜੀਵੰਤ ਦਸਤਾਵੇਜ਼ ਹੈ।

ਅੱਜ ਜਦੋਂ ਮੈਂ ਆਪਣੇ ਚਾਲੀ ਸਾਲਾਂ ਦੇ ਸਬੰਧ ਨੂੰ ਯਾਦ ਕਰਦਾ ਹਾਂ ਤਾਂ ਮਹਿਸੂਸ ਹੁੰਦਾ ਹੈ ਕਿ ਆਕਾਸ਼ਵਾਣੀ ਨੇ ਕੇਵਲ ਜਾਣਕਾਰੀ ਹੀ ਨਹੀਂ ਦਿੱਤੀ, ਸਗੋਂ ਸੋਚਣ, ਸਮਝਣ ਅਤੇ ਸਮਾਜ ਨਾਲ ਜੁੜਨ ਦੀ ਦ੍ਰਿਸ਼ਟੀ ਵੀ ਦਿੱਤੀ ਹੈ। ਨੱਬੇ ਸਾਲਾਂ ਦੀ ਇਸ ਯਾਤਰਾ ਵਿੱਚ ਲੱਖਾਂ ਆਵਾਜ਼ਾਂ, ਕਰੋੜਾਂ ਸਰੋਤੇ ਅਤੇ ਅਣਗਿਣਤ ਯਾਦਾਂ ਸ਼ਾਮਿਲ ਹਨ।

ਆਕਾਸ਼ਵਾਣੀ ਦੇ 90ਵੇਂ ਸਥਾਪਨਾ ਦਿਵਸ 'ਤੇ ਇਸ ਮਹਾਨ ਸੰਸਥਾ ਨੂੰ ਨਮਨ। ਇਹ ਆਵਾਜ਼ ਆਉਣ ਵਾਲੀਆਂ ਪੀੜ੍ਹੀਆਂ ਤੱਕ ਇੰਝ ਹੀ ਗੂੰਜਦੀ ਰਹੇ, ਭਾਰਤ ਦੀ ਵਿਭਿੰਨਤਾ, ਲੋਕਤੰਤਰ ਅਤੇ ਸੱਭਿਆਚਾਰਕ ਵਿਰਾਸਤ ਨੂੰ ਸੰਭਾਲਦੀ ਰਹੇ—ਇਹੀ ਕਾਮਨਾ ਹੈ।

### ਪੰਜਾਬ 'ਚ ਕਿਸਾਨਾਂ ਵੱਲੋਂ ਅੱਜ ਅੰਦੋਲਨ ਦਾ ਐਲਾਨ

ਰਾਜਸਥਾਨ, ਮੱਧ ਪ੍ਰਦੇਸ਼, ਬਿਹਾਰ ਅਤੇ ਪੰਜਾਬ ਚ ਇਕੋ ਸਮੇਂ ਵਿਰੋਧ ਪ੍ਰਦਰਸ਼ਨ ਕੀਤੇ ਜਾਣਗੇ। ਇਕੱਲੇ ਪੰਜਾਬ ਵਿੱਚ ਲਗਭਗ 17 ਜ਼ਿਲ੍ਹਿਆਂ ਚ ਪੁਤਲੇ ਸਾੜਨ ਦੀ ਰਣਨੀਤੀ ਤਿਆਰ ਕੀਤੀ ਗਈ ਹੈ।

ਕਿਸਾਨਾਂ ਦੀਆਂ ਦਰਪੇਸ਼ ਸਮੱਸਿਆਵਾਂ ਨੂੰ ਉਜਾਗਰ ਕਰਦੇ ਹੋਏ ਉਨ੍ਹਾਂ ਕਿਹਾ ਕਿ ਇਸ ਸਮੇਂ ਖੇਤਾਂ ਵਿਚ ਸਭ ਤੋਂ ਗੰਭੀਰ ਦਿੱਕਤ ਯੂਰੀਆ ਖਾਦ ਦੀ ਭਾਰੀ ਘਾਟ ਹੈ। ਕਈ ਖੇਤਰਾਂ ਵਿੱਚ ਕਿਸਾਨਾਂ ਨੂੰ ਯੂਰੀਆ ਦੀ ਬਜਾਏ ਹੋਰ, ਮਹਿੰਗੇ ਖੇਤੀਬਾੜੀ ਉਤਪਾਦ ਖ਼ਰੀਦਣ ਲਈ ਮਜਬੂਰ ਕੀਤਾ ਜਾ ਰਿਹਾ ਹੈ ਜਦਕਿ ਕੁਝ ਥਾਵਾਂ ਤੇ ਖਾਦ ਦੀ ਕਾਲਾਬਾਜ਼ਾਰੀ ਵੀ ਜ਼ੋਰਾਂ ਤੇ ਹੈ।

ਪੰਧੇਰ ਨੇ ਸਪੱਸ਼ਟ ਕੀਤਾ ਕਿ ਖਾਦ ਸੰਕਟ ਕਿਸੇ ਇਕ ਸੂਬੇ ਤੱਕ ਸੀਮਤ ਨਹੀਂ ਹੈ, ਸਗੋਂ ਪੂਰੇ ਦੇਸ਼ ਨੂੰ ਪ੍ਰਭਾਵਿਤ ਕਰਨ ਵਾਲਾ ਮੁੱਦਾ ਬਣ ਗਿਆ ਹੈ। ਅੰਤਰਰਾਸ਼ਟਰੀ ਹਾਲਾਤਾਂ ਅਤੇ ਸਪਲਾਈ ਲੜੀ ਚ ਵਿਘਨ ਕਾਰਨ, ਖਾਦ ਸਮੇਂ ਸਿਰ ਉਪਲਬਧ ਨਹੀਂ ਹੋ ਰਹੇ ਹਨ, ਜਿਸ ਨਾਲ ਫਸਲਾਂ ਦੀ ਪੈਦਾਵਾਰ ਪ੍ਰਭਾਵਿਤ ਹੋ ਰਹੀ ਹੈ। ਕਿਸਾਨ ਸੰਗਠਨਾਂ ਨੇ ਵੀ ਬਾਲਣ ਦੀਆਂ ਵਧਦੀਆਂ ਕੀਮਤਾਂ ਤੇ ਨਾਰਾਜ਼ਗੀ ਪ੍ਰਗਟ ਕੀਤੀ। ਪੰਧੇਰ ਨੇ ਕਿਹਾ ਕਿ ਵਿਸ਼ਵ ਪੱਧਰ ਤੇ ਕੱਚੇ ਤੇਲ ਦੀਆਂ ਕੀਮਤਾਂ ਵਿੱਚ ਗਿਰਾਵਟ ਦੇ ਬਾਵਜੂਦ, ਦੇਸ਼ ਵਿੱਚ ਪੈਟਰੋਲ ਅਤੇ ਡੀਜ਼ਲ ਦੀਆਂ ਕੀਮਤਾਂ ਵਿੱਚ ਕਮੀ ਨਹੀਂ ਆਈ ਹੈ, ਜਿਸ ਕਾਰਨ ਖੇਤੀ ਦੀ ਲਾਗਤ ਵਿੱਚ ਲਗਾਤਾਰ ਵਾਧਾ ਹੋ ਰਿਹਾ ਹੈ ਅਤੇ ਕਿਸਾਨਾਂ ਤੇ ਮਹਿੰਗਾਈ ਦਾ ਬੋਝ ਪੈ ਰਿਹਾ ਹੈ।

ਸਰਕਾਰਾਂ ਨੂੰ ਜ਼ਮੀਨ ਪ੍ਰਾਪਤੀ ਬਾਰੇ ਵੀ ਸਵਾਲ ਕੀਤੇ ਗਏ। ਉਨ੍ਹਾਂ ਦੋਸ਼ ਲਗਾਇਆ ਕਿ ਭਾਰਤਮਾਲਾ ਪ੍ਰੋਜੈਕਟ ਸਮੇਤ ਵੱਖ-ਵੱਖ ਯੋਜਨਾਵਾਂ ਤਹਿਤ ਪੰਜਾਬ, ਹਰਿਆਣਾ, ਰਾਜਸਥਾਨ, ਮੱਧ ਪ੍ਰਦੇਸ਼ ਅਤੇ ਬਿਹਾਰ ਵਿੱਚ ਕਿਸਾਨਾਂ ਦੀਆਂ ਜ਼ਮੀਨਾਂ ਜ਼ਬਰਦਸਤੀ ਹਾਸਲ ਕੀਤੀਆਂ ਜਾ ਰਹੀਆਂ ਹਨ। ਉਨ੍ਹਾਂ ਭਾਰਤ-ਅਮਰੀਕਾ ਵਪਾਰ ਸਮਝੌਤੇ ਅਤੇ ਹਾਲ ਹੀ ਦੇ ਨੀਤੀਗਤ ਫੈਸਲਿਆਂ ਦੀ ਵੀ ਆਲੋਚਨਾ ਕੀਤੀ ਜੋ ਕਿਸਾਨਾਂ ਦੇ ਹਿੱਤਾਂ ਦੇ ਵਿਰੁੱਧ ਹਨ। ਕਿਸਾਨ ਆਗੂ ਨੇ ਚੇਤਾਵਨੀ ਦਿੱਤੀ ਕਿ ਜੇਕਰ ਸਰਕਾਰਾਂ ਇਨ੍ਹਾਂ ਮੁੱਦਿਆਂ ਨੂੰ ਜਲਦੀ ਹੱਲ ਕਰਨ ਲਈ ਠੋਸ ਕਦਮ ਨਹੀਂ ਚੁੱਕਦੀਆਂ ਹਨ, ਤਾਂ ਅੰਦੋਲਨ ਨੂੰ ਤੇਜ਼ ਅਤੇ ਫੈਲਾਇਆ ਜਾਵੇਗਾ। ਉਨ੍ਹਾਂ ਕਿਸਾਨਾਂ ਅਤੇ ਮਜ਼ਦੂਰਾਂ ਨੂੰ 8 ਜੂਨ ਨੂੰ ਪ੍ਰਸਤਾਵਿਤ ਵਿਰੋਧ ਪ੍ਰੋਗਰਾਮਾਂ ਵਿੱਚ ਵੱਡੀ ਗਿਣਤੀ ਵਿੱਚ ਹਿੱਸਾ ਲੈ ਕੇ ਆਪਣੀ ਆਵਾਜ਼ ਬੁਲੰਦ ਕਰਨ ਦੀ ਅਪੀਲ ਕੀਤੀ।

## ਮਮਤਾ ਬੈਨਰਜੀ 'ਇੰਡੀਆ' ਦੀ ਮੀਟਿੰਗ ਤੋਂ ਪਹਿਲਾਂ ਕੇਜਰੀਵਾਲ ਨੂੰ ਮਿਲੇ

### ਦੋਵੇਂ ਆਗੂਆਂ ਨੇ ਅੱਗੇ ਵਧਣ ਦੇ ਏਜੰਡੇ 'ਤੇ ਕੀਤੀ ਚਰਚਾ

ਨਵੀਂ ਦਿੱਲੀ, 7 ਜੂਨ (ਚ.ਨ.ਸ.): ਤ੍ਰਿਣਮੂਲ ਕਾਂਗਰਸ ਮੁਖੀ ਮਮਤਾ ਬੈਨਰਜੀ ਨੇ ਐਤਵਾਰ ਨੂੰ ਕੌਮੀ ਰਾਜਧਾਨੀ ਵਿੱਚ ਆਮ ਆਦਮੀ ਪਾਰਟੀ ਦੇ ਕਨਵੀਨਰ ਅਰਵਿੰਦ ਕੇਜਰੀਵਾਲ ਨਾਲ ਮੁਲਾਕਾਤ ਕੀਤੀ। ਇਹ ਮੁਲਾਕਾਤ 'ਇੰਡੀਆ' ਗੱਠਜੋੜ ਦੀ ਮੀਟਿੰਗ ਤੋਂ ਇਕ ਦਿਨ ਪਹਿਲਾਂ ਹੋਈ । ਟੀ.ਐਮ.ਸੀ. ਨੇ ਮੀਟਿੰਗ ਨੂੰ ਸੁਹਿਰਦ ਦੱਸਿਆ ਅਤੇ ਕਿਹਾ ਕਿ ਦੋਵਾਂ ਆਗੂਆਂ ਨੇ ਅੱਗੇ ਵਧਣ ਦੇ ਰਸਤੇ'ਤੇ ਚਰਚਾ ਕੀਤੀ। ਹਾਲੀਆ ਵਿਧਾਨ ਸਭਾ ਚੋਣਾਂ ਵਿੱਚ ਖੇਤਰੀ ਪਾਰਟੀਆਂ ਟੀ.ਐਮ.ਸੀ. ਅਤੇ ਡੀ.ਐਮ.ਕੇ. ਦੀ ਹਾਰ ਤੋਂ ਬਾਅਦ ਬਦਲਦੀ ਸ਼ਕਤੀ ਗਤੀਸ਼ੀਲਤਾ ਦੇ ਮੱਦੇਨਜ਼ਰ ਭਾਰਤ ਦੀਆਂ 23 ਰਾਜਨੀਤਿਕ ਪਾਰਟੀਆਂ ਸੋਮਵਾਰ ਨੂੰ ਭਾਜਪਾ ਦਾ ਮੁਕਾਬਲਾ ਕਰਨ ਅਤੇ ਮਤਭੇਦਾਂ ਨੂੰ ਸੁਲਝਾਉਣ ਲਈ ਆਪਣੀ ਰਣਨੀਤੀ ਨੂੰ ਮੁੜ ਤਿਆਰ ਕਰਨ ਲਈ ਮਿਲਣਗੀਆਂ।

ਐਕ ਤੇ ਇੱਕ ਪੋਸਟ ਵਿੱਚ ਪਾਰਟੀ ਨੇ ਕਿਹਾ ਕਿ ਸਾਡੀ ਪਾਰਟੀ ਮੁਖੀ ਮਮਤਾ ਬੈਨਰਜੀ ਅਤੇ ਸਾਡੇ ਰਾਸ਼ਟਰੀ ਜਨਰਲ ਸਕੱਤਰ ਅਭਿਸ਼ੇਕ ਬੈਨਰਜੀ ਅੱਜ ਦਿੱਲੀ ਵਿੱਚ ਅਰਵਿੰਦ ਕੇਜਰੀਵਾਲ ਨਾਲ ਮੁਲਾਕਾਤ ਕੀਤੀ। ਇਸ ਵਿੱਚ ਅੱਗੇ ਕਿਹਾ ਗਿਆ, ਇੱਕ ਸੁਹਿਰਦ ਗੱਲਬਾਤ ਤੋਂ ਬਾਅਦ, ਉਨ੍ਹਾਂ ਨੇ ਅੱਗੇ ਵਧਣ ਦੇ ਰਸਤੇ 'ਤੇ ਵਿਸਥਾਰ ਨਾਲ ਚਰਚਾ ਕੀਤੀ। ਟੀ.ਐਮ.ਸੀ. ਨੇ 2029 ਵਿੱਚ ਏਕਤਾ ਅਤੇ ਬਿਹਤਰ ਭਵਿੱਖ ਦਾ ਸੱਦਾ ਵੀ ਦਿੱਤਾ, ਜੋ ਕਿ ਆਉਣ ਵਾਲੀਆਂ ਲੋਕ ਸਭਾ ਚੋਣਾਂ ਦਾ ਸਪੱਸ਼ਟ ਹਵਾਲਾ ਹੈ। ਪੋਸਟ ਵਿੱਚ ਕਿਹਾ ਗਿਆ ਹੈ, ਜਦੋਂ ਭਾਰਤ ਦੇ ਲੋਕ ਇੱਕਜੁੱਟ ਹੋ ਜਾਂਦੇ ਹਨ, ਤਾਂ ਧਰਤੀ 'ਤੇ ਕੋਈ ਵੀ ਤਾਕਤ 2029 ਵਿੱਚ ਨਿਆਂ, ਮਾਣ ਅਤੇ ਬਿਹਤਰ ਭਵਿੱਖ ਵੱਲ ਉਨ੍ਹਾਂ ਦੇ ਮਾਰਚ ਨੂੰ ਰੋਕ ਨਹੀਂ ਸਕੇਗੀ।



ਮਮਤਾ ਬੈਨਰਜੀ 'ਇੰਡੀਆ' ਗੱਠਜੋੜ ਦੀ ਮੀਟਿੰਗ ਵਿੱਚ ਸ਼ਾਮਲ ਹੋਣ ਲਈ ਦਿੱਲੀ ਵਿੱਚ ਹੈ। ਮਮਤਾ ਬੈਨਰਜੀ ਅਤੇ ਕੇਜਰੀਵਾਲ ਵਿਚਕਾਰ ਇਹ ਮੀਟਿੰਗ ਆਮ ਆਦਮੀ ਪਾਰਟੀ ਦੇ 'ਇੰਡੀਆ' ਗੱਠਜੋੜ ਤੋਂ ਵੱਖ ਹੋਣ ਦੇ ਐਲਾਨ ਤੋਂ ਕੁਝ ਮਹੀਨਿਆਂ ਬਾਅਦ ਹੋਈ ਹੈ। ਆਮ ਆਦਮੀ ਪਾਰਟੀ ਦੇ ਸੋਮਵਾਰ ਦੀ ਮੀਟਿੰਗ ਵਿੱਚ ਹਿੱਸਾ ਲੈਣ ਦੀ ਸੰਭਾਵਨਾ ਨਹੀਂ ਹੈ।

## ਕੈਨੇਡਾ ਵਿੱਚ ਲੋਕ ਘਰਾਂ ਦੇ ਕਰਜ਼ੇ ਦੀਆਂ ਕਿਸ਼ਤਾਂ ਦੇਣ ਤੋਂ ਹੋਏ ਬੇਵੱਸ; ਬੈਂਕਾਂ ਵੱਲੋਂ ਘਰਾਂ ਦੇ ਕਬਜ਼ੇ ਲੈਣ ਦੀ ਦਰ ਵਧੀ

ਵੈਨਕੂਵਰ, 7 ਜੂਨ (ਚ.ਨ.ਸ.): ਕੈਨੇਡਾ ਵਿੱਚ ਲੋਕਾਂ ਵੱਲੋਂ ਘਰਾਂ ਦੀ ਖ਼ਰੀਦ ਲਈ ਲਏ ਕਰਜ਼ਿਆਂ (ਮੌਰਗੇਜ) ਦੀਆਂ ਵਿਆਜ ਦਰਾਂ ਪਹਿਲਾਂ ਨਾਲੋਂ ਕੁਝ ਘਟੀਆਂ ਹਨ, ਪਰ ਆਰਥਿਕ ਮੰਦੀ ਕਾਰਨ ਲੋਕ ਕਰਜ਼ੇ ਦੀਆਂ ਕਿਸ਼ਤਾਂ ਮੋੜਨ ਤੋਂ ਬੇਵੱਸ ਹੋਣ ਲੱਗੇ ਹਨ। ਕਰਜ਼ਿਆਂ ਨਾਲ ਸਬੰਧਤ ਇੱਕ ਬੈਂਕ ਅਧਿਕਾਰੀ ਨੇ ਗੈਰ-ਰਸਮੀ ਗੱਲਬਾਤ ਦੌਰਾਨ ਦੱਸਿਆ ਕਿ 10 ਫ਼ੀਸਦੀ ਤੋਂ ਵੱਧ ਲੋਕਾਂ ਦੇ ਘਰਾਂ ਦੇ ਕਰਜ਼ੇ ਦੀ ਵਾਪਸੀ (ਕਿਸ਼ਤਾਂ) ਵਿੱਚ ਅੜਿੱਕੇ ਪੈਣ ਲੱਗੇ ਹਨ। ਉਨ੍ਹਾਂ ਦੱਸਿਆ ਕਿ ਬੈਂਕਾਂ ਵੱਲੋਂ ਕਰਜ਼ਦਾਰਾਂ ਦੀਆਂ ਸਮੱਸਿਆਵਾਂ ਨੂੰ ਸਮਝਦੇ ਹੋਏ ਕੁਝ ਰਾਹਤਾਂ ਦਿੱਤੇ ਜਾਣ ਦੇ ਬਾਵਜੂਦ, ਬੈਂਕਾਂ ਵੱਲੋਂ ਘਰਾਂ ਦੇ ਕਬਜ਼ੇ ਲੈਣ ਦੀ ਦਰ ਵਿੱਚ ਪਿਛਲੇ ਇੱਕ ਸਾਲ ਵਿੱਚ ਤਿਗੁਣਾ ਵਾਧਾ ਹੋਇਆ ਹੈ ਅਤੇ ਆਉਣ ਵਾਲੇ ਸਮੇਂ ਵਿੱਚ ਇਸ ਦੇ ਹੋਰ ਵਧਣ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਅਧਿਕਾਰੀ ਮੁਤਾਬਕ, ਕਿਸ਼ਤਾਂ ਲਾਹੁਣ ਤੋਂ ਬੇਵੱਸ ਹੋਣ ਵਾਲੇ ਬਹੁਤੇ ਉਹੀ ਲੋਕ ਹਨ, ਜਿਨ੍ਹਾਂ ਨੇ ਸਾਲ 2020-22 ਦੇ ਤੇਜ਼ੀ ਵਾਲੇ ਦੌਰ ਵਿੱਚ ਘਰ ਖ਼ਰੀਦੇ ਸਨ। ਉਨ੍ਹਾਂ ਇਹ ਵੀ ਮੰਨਿਆ ਕਿ ਪਿਛਲੇ ਚਾਰ-ਪੰਜ ਸਾਲਾਂ ਵਿੱਚ ਘਰਾਂ ਦੀਆਂ ਕੀਮਤਾਂ ਵਿੱਚ 25 ਤੋਂ 35 ਫ਼ੀਸਦੀ ਤੱਕ ਦੀ ਗਿਰਾਵਟ ਆਈ ਹੈ, ਜਿਸ ਵਿੱਚ ਜ਼ਿਆਦਾ ਗਿਣਤੀ ਵੱਡੇ ਘਰਾਂ ਦੀ ਹੈ।

ਪਿਛਲੇ 4-5 ਸਾਲਾਂ ਵਿੱਚ ਘਰ ਖ਼ਰੀਦਣ ਵਾਲੇ ਲੋਕਾਂ ਨਾਲ ਜਦੋਂ ਗੱਲਬਾਤ ਕੀਤੀ ਗਈ, ਤਾਂ ਉਨ੍ਹਾਂ ਵਿੱਚੋਂ ਜ਼ਿਆਦਾਤਰ ਨੇ ਦੱਸਿਆ ਕਿ ਉਹ ਘਰ ਬੈਂਕ ਕੋਲ ਚਲੇ ਜਾਣ ਦੇ ਡਰੋਂ ਘਰੇਲੂ ਖ਼ਰਚਿਆਂ ਵਿੱਚ ਭਾਰੀ ਕੰਜੂਸੀ ਕਰ ਕੇ ਅਤੇ ਆਪਣੇ ਚਾਵਾਂ ਨੂੰ ਤਿਲਾਂਜਲੀ ਦੇ ਕੇ ਕਿਸ਼ਤਾਂ ਭਰ ਰਹੇ ਹਨ।

ਸਮਾਜਿਕ ਕਾਰਨਾਂ ਕਰਕੇ ਕੋਈ ਵੀ ਪੰਜਾਬੀ ਕਰਜ਼ਦਾਰ ਆਪਣੀ ਪਛਾਣ ਦੱਸਣ ਲਈ ਰਾਜ਼ੀ ਨਹੀਂ ਹੋਇਆ। ਪਰ ਸਮੁੱਚੇ ਰੂਪ ਵਿੱਚ ਬਹੁਤਿਆਂ ਦਾ ਰੋਣਾ ਇਹੀ ਸੀ ਕਿ ਨੌਕਰੀਆਂ ਦੀ ਘਾਟ ਅਤੇ ਮੰਦੀ ਕਾਰਨ ਆਮਦਨ ਘਟ ਗਈ ਹੈ, ਜਦਕਿ ਘਰਾਂ ਦੀਆਂ ਕਿਸ਼ਤਾਂ ਸਮੇਤ ਲਗਾਤਾਰ ਵਧ ਰਹੇ ਖ਼ਰਚੇ ਲੋਕਾਂ ਦਾ ਲੱਕ ਤੋੜ ਰਹੇ ਹਨ। ਕਿਰਾਏ ਦੇ ਘਰਾਂ ਦੀ ਮੰਗ ਵਿੱਚ ਆਈ ਵੱਡੀ ਗਿਰਾਵਟ ਵੀ ਕਰਜ਼ਦਾਰਾਂ ਦੀਆਂ ਔਕੜਾਂ ਨੂੰ ਹੋਰ ਵਧਾ ਰਹੀ ਹੈ। ਸਾਲ 2021 ਵਾਲੀ ਤੇਜ਼ੀ ਦੇ ਦੌਰ ਵਿੱਚ ਮਾਲਕਾਂ ਵੱਲੋਂ ਲਿਹਾਜ਼ ਨਾਲ ਸਾਲ 2022-23 ਤੱਕ (ਵੱਧ ਕਿਰਾਏ 'ਤੇ) ਦਿੱਤੀਆਂ ਜਾਣ ਵਾਲੀਆਂ ਬੇਸਮੈਂਟਾਂ ਨੂੰ ਹੁਣ ਕਿਰਾਏਦਾਰ ਨੱਕ-ਮੂੰਹ ਚਾੜ੍ਹ ਕੇ 1500 ਡਾਲਰ ਤੱਕ ਹੀ ਲੈ ਰਹੇ ਹਨ। ਬੇਸ਼ੱਕ ਬੈਂਕ ਆਫ਼ ਕੈਨੇਡਾ ਨੇ ਹਰੇਕ ਤਿਮਾਹੀ ਦੌਰਾਨ ਵਿਆਜ ਦਰ ਵਿੱਚ 25 ਸੈਂਟ (ਆਧਾਰ ਅੰਕ) ਦੀ ਕਟੌਤੀ ਕਰਕੇ ਇਸ ਦਰ ਨੂੰ ਸਾਢੇ ਪੰਜ ਫ਼ੀਸਦੀ ਤੋਂ ਘਟਾ ਕੇ ਢਾਈ ਫ਼ੀਸਦੀ ਤੱਕ ਲੈ ਆਂਦਾ ਹੈ, ਪਰ ਇਸ ਦਾ ਅਸਰ ਵੀ ਕੁਝ ਹੀ ਲੋਕਾਂ 'ਤੇ ਪਿਆ ਹੈ। ਹੁਣ ਵੇਖਣਾ ਇਹ ਹੋਵੇਗਾ ਕਿ ਕਰਜ਼ਦਾਰਾਂ ਦੀ ਇਹ ਮੁਸ਼ਕਿਲ ਹੋਰ ਕਿੰਨਾ ਸਮਾਂ ਚੱਲਦੀ ਹੈ।

ਚੜ੍ਹਦੀਕਲਾ

ਪਰਮਜੀਤ ਸਿੰਘ, ਪ੍ਰਿੰਟਰ ਪਬਲਿਸ਼ਰ ਨੇ ਰੋਜ਼ਾਨਾ ਚੜ੍ਹਦੀਕਲਾ, ਚੜ੍ਹਦੀਕਲਾ ਪ੍ਰਿੰਟਿੰਗ ਪ੍ਰੈੱਸ ਪ੍ਰਾਈਵੇਟ ਲਿਮਟਿਡ ਲਈ ਦਲਜੀਤ ਪ੍ਰਿੰਟਰਜ਼, 593 ਐਸ.ਐਸ.ਟੀ. ਨਗਰ ਪਟਿਆਲਾ ਤੋਂ ਛਪਵਾ ਕੇ ਦਫ਼ਤਰ ਰੋਜ਼ਾਨਾ ਚੜ੍ਹਦੀਕਲਾ, 577, ਐਸ.ਐਸ.ਟੀ. ਨਗਰ, ਪਟਿਆਲਾ ਤੋਂ ਪ੍ਰਕਾਸ਼ਿਤ ਕੀਤਾ। ਮੁੱਖ ਸੰਪਾਦਕ : ਜਗਜੀਤ ਸਿੰਘ 'ਦਰਦੀ'।

PRGI (RNI) Regd. No. 22972/1972

Printed & Published by Paramjit Singh on behalf of Charhdikala Printing Press Pvt. Ltd., Patiala & Printed at Daljit Printers 593, SST Nagar Patiala. Published at Office Daily Charhdikala 577, SST Nagar Patiala. Chief Editor : Jagjit Singh Dardi

PRGI (RNI) Regd. No. 22972/1972

# ਚੋਣ ਕਮਿਸ਼ਨ ਵੱਲੋਂ ਵੋਟਰ ਸੂਚੀ ਦੀ ਸੁਧਾਈ ਦੌਰਾਨ 'ਸ਼ੱਕੀ ਵਿਦੇਸ਼ੀ ਨਾਗਰਿਕਾਂ' ਦੇ ਮਾਮਲੇ ਸਮਰੱਥ ਅਥਾਰਟੀਆਂ ਨੂੰ ਭੇਜਣ ਦੇ ਹੁਕਮ

ਨਵੀਂ ਦਿੱਲੀ, 7 ਜੂਨ (ਚ.ਨ.ਸ.): ਚੋਣ ਕਮਿਸ਼ਨ ਨੇ ਵੋਟਰ ਸੂਚੀਆਂ ਦੀ ਵੋਟਰ ਸੂਚੀ ਦੀ ਵਿਸ਼ੇਸ਼ ਸੁਧਾਈ




(ਸਰ) ਦੌਰਾਨ ਇੱਕ ਵੱਡਾ ਫੈਸਲਾ ਕੀਤਾ ਹੈ। ਕਮਿਸ਼ਨ ਨੇ ਆਪਣੀ ਸੂਬਾ ਚੋਣ ਮਸ਼ੀਨਰੀ ਨੂੰ ਹੁਕਮ ਦਿੱਤੇ ਹਨ ਕਿ ਉਹ ਵੋਟਰ ਸੂਚੀ ਦੀ ਸੁਧਾਈ ਦੌਰਾਨ ਸਾਹਮਣੇ ਆਉਣ ਵਾਲੇ "ਸ਼ੱਕੀ ਵਿਦੇਸ਼ੀ ਨਾਗਰਿਕਾਂ" ਦੇ ਮਾਮਲਿਆਂ ਨੂੰ ਸਮਰੱਥ ਅਧਿਕਾਰੀਆਂ ਕੋਲ ਭੇਜਣ। ਸੂਬਾ ਮੁੱਖ ਚੋਣ ਅਧਿਕਾਰੀਆਂ ਨੂੰ ਜਾਰੀ ਕੀਤੀਆਂ ਵਿਸਤ੍ਰਿਤ ਹਦਾਇਤਾਂ ਵਿੱਚ ਚੋਣ ਅਥਾਰਟੀ ਨੇ ਸਾਫ਼ ਕਿਹਾ, "ਨਾਲ ਹੀ, ਇਲੈਕਟੋਰਲ ਰਜਿਸਟ੍ਰੇਸ਼ਨ ਅਫ਼ਸਰ (ERO) ਨਾਗਰਿਕਤਾ ਐਕਟ, 1955 ਦੇ ਤਹਿਤ ਸ਼ੱਕੀ ਵਿਦੇਸ਼ੀ ਨਾਗਰਿਕਾਂ ਦੇ ਮਾਮਲਿਆਂ ਨੂੰ ਸਮਰੱਥ ਅਥਾਰਟੀ ਕੋਲ ਭੇਜਣਗੇ। ਇਨ੍ਹਾਂ ਉਦੇਸ਼ਾਂ ਲਈ, ਸਹਾਇਕ ERO ਸੁਤੰਤਰ ਤੌਰ 'ਤੇ EROਦੀਆਂ ਸ਼ਕਤੀਆਂ ਦੀ ਵਰਤੋਂ ਕਰਨਗੇ।"

ਇਸ ਦੇ ਨਾਲ ਹੀ ਜਿਨ੍ਹਾਂ ਵੋਟਰਾਂ ਦੇ ਫਾਰਮ ਵਾਪਸ ਨਹੀਂ ਆਏ ਹਨ, ਉਨ੍ਹਾਂ ਲਈ ਬੂਥ ਲੈਵਲ ਅਫ਼ਸਰ (BLO) ਗੁਆਚੀ ਵੋਟਰਾਂ ਤੋਂ ਪੁੱਛ-ਪੜਤਾਲ ਕਰ ਕੇ "ਗੈਰ-ਹਾਜ਼ਰ, ਤਬਦੀਲ, ਮ੍ਰਿਤਕ ਜਾਂ ਡੁਪਲੀਕੇਟ ਐਂਟਰੀ" ਵਰਗੇ ਸੰਭਾਵਿਤ ਕਾਰਨਾਂ ਦੀ ਪਛਾਣ ਕਰਨਗੇ। ਇਹ ਮੁਹਿੰਮ ਦੇਸ਼ ਦੇ 16 ਸੂਬਿਆਂ ਤੇ 3 ਕੇਂਦਰ ਸ਼ਾਸਤ ਪ੍ਰਦੇਸ਼ਾਂ ਵਿੱਚ ਚਲਾਈ ਜਾ ਰਹੀ ਹੈ, ਜਿਸ ਵਿੱਚ ਪੰਜਾਬ, ਹਰਿਆਣਾ ਤੇ ਦਿੱਲੀ ਵਰਗੇ ਸੂਬੇ ਵੀ ਸ਼ਾਮਲ ਹਨ। ਇਸ ਤੀਜੇ ਪੜਾਅ ਦੇ ਤਹਿਤ ਲਗਭਗ 36.73 ਕਰੋੜ ਵੋਟਰਾਂ ਦੀ ਜਾਂਚ ਕੀਤੀ ਜਾ ਰਹੀ ਹੈ। ਹਾਲਾਂਕਿ, ਵਿਰੋਧੀ ਪਾਰਟੀਆਂ ਵੱਲੋਂ ਇਸ ਕਾਰਵਾਈ 'ਤੇ ਸਵਾਲ ਵੀ ਚੁੱਕੇ ਜਾ ਰਹੇ ਹਨ। ਕਮਿਸ਼ਨ ਮੁਤਾਬਕ ਇਸ ਕਵਾਇਦ ਦਾ ਮੁੱਖ ਮਕਸਦ ਵੋਟਰ ਸੂਚੀ ਨੂੰ ਪੂਰੀ ਤਰ੍ਹਾਂ ਪਾਰਦਰਸ਼ੀ ਅਤੇ ਸਹੀ ਬਣਾਉਣਾ ਹੈ।

## ਪੰਜਾਬ ਦੇ ਮੁੱਖ ਚੋਣ ਅਧਿਕਾਰੀ ਵੱਲੋਂ ਪੰਜਾਬ ਵੋਟਰਾਂ ਤੇ ਬੀ.ਐਲ.ਓਜ਼. ਦਾ ਧੰਨਵਾਦ

### ਇੱਕ ਰੋਜ਼ਾ ਵਿਸ਼ੇਸ਼ ਕੈਂਪ ਦੌਰਾਨ ਲਗਭਗ 1 ਲੱਖ ਵੋਟਰਾਂ ਦੀ ਮੈਪਿੰਗ ਕੀਤੀ : ਅਨਿੰਦਿਤਾ ਮਿਤਰਾ




ਚੰਡੀਗੜ੍ਹ, 7 ਜੂਨ (ਚ.ਨ.ਸ.): ਸੂਬੇ ਭਰ 'ਚ ਸੁਚਾਰੂ ਤੇ ਪਾਰਦਰਸ਼ੀ ਢੰਗ ਨਾਲ ਸਪੈਸ਼ਲ ਇੰਟੈਂਸਿਵ ਰਿਵੀਜ਼ਨ (ਐਸ.ਆਈ.ਆਰ.) ਦੇ ਮੱਦੇਨਜ਼ਰ ਰਾਜ ਦੇ 117 ਵਿਧਾਨ ਸਭਾ ਹਲਕਿਆਂ ਦੇ ਸਾਰੇ 24453 ਪੋਲਿੰਗ ਬੂਥਾਂ 'ਤੇ ਵਿਸ਼ੇਸ਼ ਕੈਂਪ ਲਗਾਏ ਗਏ। ਇਨ੍ਹਾਂ ਕੈਂਪਾਂ ਨੂੰ ਲੋਕਾਂ ਵੱਲੋਂ ਮਿਲੇ ਭਰਵੇਂ ਹੁੰਗਾਰੇ ਦੇ ਚਲਦਿਆਂ ਅੱਜ ਲਗਭਗ ਇੱਕ ਲੱਖ ਵੋਟਰਾਂ ਦੀ ਮੈਪਿੰਗ ਕੀਤੀ ਗਈ। ਇਹ ਜਾਣਕਾਰੀ ਮੁੱਖ ਚੋਣ ਅਫ਼ਸਰ, ਪੰਜਾਬ, ਅਨਿੰਦਿਤਾ ਮਿਤਰਾ ਨੇ ਦਿੱਤੀ।

ਉਨ੍ਹਾਂ ਅੱਗੇ ਕਿਹਾ ਕਿ ਅੱਜ ਦੀ ਕਾਰਵਾਈ ਦੇ ਨਾਲ ਪੰਜਾਬ ਰਾਜ ਭਰ ਵਿੱਚ ਵੋਟਰਾਂ ਦੀ ਮੈਪਿੰਗ ਦਾ ਅੰਕੜਾ 85 ਫੀਸਦ ਨੂੰ ਪਾਰ ਕਰ ਗਿਆ ਹੈ। ਕਾਬਿਲੇਗੌਰ ਹੈ ਕਿ ਪੰਜਾਬ ਰਾਜ ਵਿੱਚ ਘਰ-ਘਰ ਜਨਗਣਨਾ ਦਾ ਅਮਲ 25 ਜੂਨ ਤੋਂ ਸ਼ੁਰੂ ਹੋਣ ਜਾ ਰਿਹਾ ਹੈ।

# ਫ਼ਿਰੋਜ਼ਪੁਰ ਦੇ ਦੁਕਾਨਦਾਰ ਕਤਲ ਮਾਮਲੇ 'ਚ ਸ਼ਾਮਲ ਦੋ ਸ਼ੂਟਰ ਪਿਸਤੌਲ ਸਮੇਤ ਜੰਮੂ-ਕਸ਼ਮੀਰ ਤੋਂ ਕਾਬੂ

ਚੰਡੀਗੜ੍ਹ/ਫਿਰੋਜ਼ਪੁਰ, 7 ਜੂਨ (ਚ.ਨ.ਸ.): ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਦਿਸ਼ਾ-ਨਿਰਦੇਸ਼ਾਂ 'ਤੇ ਪੰਜਾਬ ਨੂੰ ਸੁਰੱਖਿਅਤ ਸੂਬਾ ਬਣਾਉਣ ਦੇ ਮੱਦੇਨਜ਼ਰ ਚੱਲ ਰਹੀ ਮੁਹਿੰਮ ਦੌਰਾਨ ਵੱਡੀ ਸਫ਼ਲਤਾ ਦਰਜ ਕਰਦਿਆਂ ਐਂਟੀ-ਗੈਂਗਸਟਰ ਟਾਸਕ ਫੋਰਸ (ਏਜੀਟੀਐਫ) ਪੰਜਾਬ ਨੇ ਫਿਰੋਜ਼ਪੁਰ ਪੁਲਿਸ ਤੇ ਜੰਮੂ-ਕਸ਼ਮੀਰ ਪੁਲਿਸ ਨਾਲ ਪੂਰਨ ਤਾਲਮੇਲ ਵਾਲੇ ਸਾਂਝੇ ਆਪ੍ਰੇਸ਼ਨ ਤਹਿਤ ਫਿਰੋਜ਼ਪੁਰ ਦੇ ਇੱਕ ਦੁਕਾਨਦਾਰ ਦੇ ਕਤਲ ਕੇਸ 'ਚ ਸ਼ਾਮਲ ਰਾਜਸਥਾਨ ਅਧਾਰਤ ਦੋ ਸ਼ੂਟਰਾਂ ਨੂੰ ਜੰਮੂ-ਕਸ਼ਮੀਰ ਤੋਂ ਗ੍ਰਿਫ਼ਤਾਰ ਕੀਤਾ ਹੈ। ਇਹ ਜਾਣਕਾਰੀ ਪੁਲਿਸ ਡਾਇਰੈਕਟਰ ਜਨਰਲ (ਡੀਜੀਪੀ) ਪੰਜਾਬ ਗੌਰਵ ਯਾਦਵ ਨੇ ਅੱਜ ਇੱਥੇ ਸਾਂਝੀ ਕੀਤੀ। ਗ੍ਰਿਫ਼ਤਾਰ ਕੀਤੇ ਗਏ ਵਿਅਕਤੀਆਂ ਦੀ ਪਛਾਣ ਵਿਸ਼ਨੂੰ ਕੁਮਾਰ ਵਾਸੀ ਰੂਪਬਾਸ, ਭਰਤਪੁਰ (ਰਾਜਸਥਾਨ) ਅਤੇ ਰਾਹੁਲ ਮਹਾਵਰ ਵਾਸੀ ਅਨੰਤਪੁਰਾ, ਕੋਟਾ (ਰਾਜਸਥਾਨ) ਵਜੋਂ ਹੋਈ ਹੈ। ਪੁਲਿਸ ਟੀਮਾਂ ਨੇ ਉਨ੍ਹਾਂ ਦੇ ਕਬਜ਼ੇ ਵਿੱਚੋਂ ਇੱਕ .30 ਬੋਰ ਦਾ ਬੇਰੇਟਾ ਪਿਸਤੌਲ ਸਮੇਤ 10 ਜ਼ਿੰਦਾ ਕਾਰਤੂਸ ਬਰਾਮਦ ਕੀਤੇ ਹਨ। ਜਾਣਕਾਰੀ ਅਨੁਸਾਰ ਮੋਟਰਸਾਈਕਲ 'ਤੇ ਸਵਾਰ ਦੋ ਹਮਲਾਵਰਾਂ ਨੇ 1 ਜੂਨ, 2026 ਨੂੰ ਫਿਰੋਜ਼ਪੁਰ ਦੇ ਮਖੂ ਵਿਖੇ ਗਾਬਾ ਜਨਰਲ ਸਟੋਰ ਦੇ ਮਾਲਕ ਗੁਰਚਰਨ ਸਿੰਘ ਗਾਬਾ ਦੀ ਤਿੰਨ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ ਸੀ।

ਡੀਜੀਪੀ ਗੌਰਵ ਯਾਦਵ ਨੇ ਦੱਸਿਆ ਕਿ ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਗ੍ਰਿਫ਼ਤਾਰ ਮੁਲਜ਼ਮ ਵਿਸ਼ਨੂੰ ਦਾ ਜਬਰਨ ਵਸੂਲੀ, ਡਕੈਤੀ, ਚੋਰੀ ਤੇ ਅਸਲਾ ਐਕਟ ਦੀ ਉਲੰਘਣਾ ਨਾਲ ਸਬੰਧਤ ਅਪਰਾਧਿਕ ਪਿਛੋਕੜ ਹੈ ਤੇ ਉਸ 'ਤੇ ਰਾਜਸਥਾਨ ਪੁਲਿਸ ਵੱਲੋਂ 10,000



ਰੁਪਏ ਦਾ ਇਨਾਮ ਰੱਖਿਆ ਗਿਆ ਹੈ। ਇਸ ਮਾਮਲੇ ਵਿੱਚ ਅਗਲੇਰੀ ਜਾਂਚ ਜਾਰੀ ਹੈ। ਇਸ ਸਬੰਧੀ ਹੋਰ ਵੇਰਵੇ ਸਾਂਝੇ ਕਰਦਿਆਂ ਵਧੀਕ ਡਾਇਰੈਕਟਰ ਜਨਰਲ ਆਫ਼ ਪੁਲਿਸ (ਏਡੀਜੀਪੀ) ਏ.ਜੀ.ਟੀ.ਐਫ. ਪ੍ਰਮੋਦ ਬਾਨ ਨੇ ਕਿਹਾ ਕਿ ਵਾਰਦਾਤ ਤੋਂ ਬਾਅਦ ਏ.ਜੀ.ਟੀ.ਐਫ. ਪੰਜਾਬ ਵੱਲੋਂ ਡੀਐਸਪੀ ਰਾਜਨ ਪਰਮਿੰਦਰ ਸਿੰਘ ਦੀ ਨਿਗਰਾਨੀ ਹੇਠ "ਹਿੱਲ ਟਰੈਪ" ਨਾਂ ਦਾ ਵਿਸ਼ੇਸ਼ ਆਪ੍ਰੇਸ਼ਨ ਚਲਾਇਆ ਗਿਆ ਤੇ ਰਾਜਸਥਾਨ ਵਿੱਚ ਵੱਡੇ ਪੱਧਰ 'ਤੇ ਛਾਪੇਮਾਰੀ ਕੀਤੀ ਗਈ ।

ਉਨ੍ਹਾਂ ਦੱਸਿਆ ਕਿ ਇਨ੍ਹਾਂ ਛਾਪੇਮਾਰੀਆਂ ਦੌਰਾਨ ਮਿਲੀ ਪੁਖ਼ਤਾ ਇਤਲਾਹ ਮਿਲੀ ਸੀ ਕਿ ਮੁਲਜ਼ਮਾਂ ਦੀਆਂ ਜੰਮੂ ਤੇ ਕਸ਼ਮੀਰ ਵਿੱਚ ਛੁਪਣਗਾਹਾਂ ਹਨ, ਜਿਸ 'ਤੇ ਤੇਜ਼ੀ ਨਾਲ ਕਾਰਵਾਈ ਕਰਦਿਆਂ ਏ.ਜੀ.ਟੀ.ਐਫ. ਪੰਜਾਬ, ਫਿਰੋਜ਼ਪੁਰ ਪੁਲਿਸ ਅਤੇ ਜੰਮੂ ਅਤੇ ਕਸ਼ਮੀਰ ਪੁਲਿਸ ਵੱਲੋਂ ਸਾਂਝਾ ਆਪ੍ਰੇਸ਼ਨ ਚਲਾਇਆ ਗਿਆ। ਏ.ਡੀ.ਜੀ.ਪੀ. ਨੇ ਦੱਸਿਆ ਕਿ ਮੁਲਜ਼ਮਾਂ ਨੂੰ ਜੰਮੂ ਤੇ ਕਸ਼ਮੀਰ ਵਿੱਚ ਪੁਲਿਸ ਸਟੇਸ਼ਨ ਕੁੱਦ ਨੇੜੇ ਪਤਨੀਟੌਪ-ਕੁੱਦ ਰੋਡ 'ਤੇ ਲਗਾਏ ਨਾਕੇ 'ਤੇ ਰੋਕਿਆ ਗਿਆ। ਪੁਲਿਸ ਟੀਮ ਨੂੰ ਦੇਖਦਿਆਂ ਮੁਲਜ਼ਮਾਂ ਨੇ ਫ਼ਰਾਰ ਹੋਣ ਦੀ ਕੋਸ਼ਿਸ਼ ਕੀਤੀ, ਪਰ ਪੁਲਿਸ ਨੇ ਬੜੀ ਮੁਸਤੈਦੀ ਨਾਲ ਦੋਵਾਂ ਮੁਲਜ਼ਮਾਂ ਨੂੰ ਇੱਕ ਪਿਸਤੌਲ ਸਮੇਤ ਸਫ਼ਲਤਾਪੂਰਵਕ ਕਾਬੂ ਕਰ ਲਿਆ।

ਫਿਰੋਜ਼ਪੁਰ ਦੇ ਸੀਨੀਅਰ ਸੁਪਰਡੈਂਟ (ਐਸਐਸਪੀ) ਭੁਪਿੰਦਰ ਸਿੰਘ ਸਿੱਧੂ ਨੇ ਕਿਹਾ ਕਿ ਪੁਲਿਸ ਟੀਮਾਂ ਹੁਣ ਘਟਨਾ ਪਿਛਲੀ ਅਸਲ ਸਾਜ਼ਿਸ਼ ਦਾ ਪਰਦਾਫਾਸ਼ ਕਰਨ ਵਿਚ ਜੁਟੀਆਂ ਹਨ, ਜਿਸ ਤਹਿਤ ਹਮਲੇ ਦੀ ਯੋਜਨਾ ਬਣਾਉਣ ਵਾਲੇ, ਵਿੱਤੀ ਸਹਾਇਤਾ ਜਾਂ ਹੋਰ ਸਹੂਲਤਾਂ ਮੁਹੱਈਆ ਕਰਵਾਉਣ ਵਾਲੇ ਵਿਅਕਤੀਆਂ ਦੀ ਭਾਲ ਕੀਤੀ ਜਾ ਰਹੀ ਹੈ। ਇਸ ਸਬੰਧੀ ਐਫਆਈਆਰ ਨੰ. 111 ਮਿਤੀ 01.06.2026 ਨੂੰ ਬੀਐਨਐਸ ਦੀ ਧਾਰਾ 103 ਤੇ 3(5) ਤੇ ਅਸਲਾ ਐਕਟ ਦੀ ਧਾਰਾ 25 ਤੇ 27 ਤਹਿਤ ਫਿਰੋਜ਼ਪੁਰ ਦੇ ਪੁਲਿਸ ਸਟੇਸ਼ਨ ਮੱਖੂ ਵਿਖੇ ਪਹਿਲਾਂ ਹੀ ਕੇਸ ਦਰਜ ਕੀਤਾ ਜਾ ਚੁੱਕਾ ਹੈ।

# ਭਾਜਪਾ ਪੰਜਾਬ ਪ੍ਰਧਾਨ ਕੇਵਲ ਸਿੰਘ ਢਿੱਲੋਂ ਵੱਲੋਂ ਅਮਿਤ ਸ਼ਾਹ ਨਾਲ ਮੁਲਾਕਾਤ

## ਸੂਬੇ ਦੀ ਵਿਗੜਦੀ ਕਾਨੂੰਨ-ਵਿਵਸਥਾ, ਨਸ਼ੇ ਦੀ ਸਮੱਸਿਆ 'ਤੇ ਕੀਤੀ ਚਰਚਾ

ਚੰਡੀਗੜ੍ਹ, 7 ਜੂਨ (ਚ.ਨ.ਸ.): ਭਾਰਤੀ ਜਨਤਾ ਪਾਰਟੀ ਪੰਜਾਬ ਦੇ ਸੂਬਾ ਪ੍ਰਧਾਨ ਕੇਵਲ ਸਿੰਘ ਢਿੱਲੋਂ ਨੇ ਅੱਜ ਨਵੀਂ ਦਿੱਲੀ ਵਿਖੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨਾਲ ਉਨ੍ਹਾਂ ਦੀ ਰਿਹਾਇਸ਼ 'ਤੇ ਮੁਲਾਕਾਤ ਕੀਤੀ ਅਤੇ ਪੰਜਾਬ ਦੀਆਂ ਕਾਨੂੰਨ-ਵਿਵਸਥਾ ਸਬੰਧੀ ਚੁਣੌਤੀਆਂ 'ਤੇ ਵਿਸਥਾਰਪੂਰਵਕ ਚਰਚਾ ਕੀਤੀ। ਇਸ ਵਿਆਪਕ ਬੈਠਕ ਵਿੱਚ ਸੂਬੇ ਵਿੱਚ ਨਸ਼ਿਆਂ ਦੇ ਵਧਦੇ ਪ੍ਰਭਾਵ ਅਤੇ ਆਮ ਆਦਮੀ ਪਾਰਟੀ ਦੀ ਸਰਕਾਰ ਦੇ ਕਾਰਜਕਾਲ ਦੌਰਾਨ ਵਿਗੜਦੀ ਸੁਰੱਖਿਆ ਸਥਿਤੀ, ਸਰਹੱਦ ਪਾਰੋਂ ਹੋ ਰਹੀ ਨਸ਼ਿਆਂ ਅਤੇ ਹਥਿਆਰਾਂ ਦੀ ਤਸਕਰੀ ਅਤੇ ਇਸ ਸਰਹੱਦੀ ਸੂਬੇ ਦੀਆਂ ਪ੍ਰਸਥਿਤੀਆਂ 'ਤੇ ਵਿਚਾਰ-ਵਟਾਂਦਰਾ ਕੀਤਾ ਗਿਆ।



ਸੱਭਿਆਚਾਰਕ ਅਤੇ ਇਤਿਹਾਸਕ ਪੱਖੋਂ ਵਿਸ਼ੇਸ਼ ਮਹੱਤਵ ਰੱਖਣ ਵਾਲੇ ਇੱਕ ਭਾਵੁਕ ਸੰਕੇਤ ਵਜੋਂ ਢਿੱਲੋਂ ਨੇ ਗ੍ਰਹਿ ਮੰਤਰੀ ਅਮਿਤ ਸ਼ਾਹ ਨੂੰ ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ, ਜਿਨ੍ਹਾਂ ਨੇ ਪੰਜਾਬ ਨੂੰ ਇੱਕਜੁੱਟ ਕੀਤਾ ਅਤੇ ਜੋ ਪੰਜਾਬ ਦੀ ਸ਼ਾਨ, ਬਹਾਦਰੀ ਅਤੇ ਸਵੈ-ਮਾਣ ਦੇ ਪ੍ਰਤੀਕ ਹਨ 'ਤੇ ਅਧਾਰਿਤ ਇੱਕ ਪੁਸਤਕ ਅਤੇ ਉਨ੍ਹਾਂ ਦੀ ਇੱਕ ਤੇਲ-ਚਿੱਤਰ (ਆਇਲ ਪੇਂਟਿੰਗ) ਭੇਂਟ ਕੀਤੀ। ਇਸ ਭਾਵਪੂਰਤ ਭੇਂਟ ਨੂੰ ਪੰਜਾਬ ਦੀ ਵਿਰਾਸਤ ਪ੍ਰਤੀ ਭਾਜਪਾ ਦੀ ਡੂੰਘੀ ਸ਼ਰਧਾ ਅਤੇ ਸੂਬੇ ਦੇ ਸ਼ਾਨਾਮੱਤੇ ਇਤਿਹਾਸ ਨੂੰ ਸਨਮਾਨ ਦੇਣ ਦੀ ਵਚਨਬੱਧਤਾ ਵਜੋਂ ਦੇਖਿਆ ਗਿਆ।

ਬੈਠਕ ਤੋਂ ਬਾਅਦ ਢਿੱਲੋਂ ਨੇ ਕਿਹਾ ਕਿ ਮੈਂ ਗ੍ਰਹਿ ਮੰਤਰੀ ਅਮਿਤ ਸ਼ਾਹ ਦਾ ਉਨ੍ਹਾਂ ਦੇ ਬਹੁਮੁੱਲੇ ਸਮੇਂ ਅਤੇ ਪੰਜਾਬ ਪ੍ਰਤੀ ਉਨ੍ਹਾਂ ਦੀ ਡੂੰਘੀ ਚਿੰਤਾ ਲਈ ਧੰਨਵਾਦੀ ਹਾਂ। ਪੰਜਾਬ ਇੱਕ ਸਰਹੱਦੀ ਸੂਬਾ ਹੈ ਜਿਸਦੀ ਰਣਨੀਤਕ ਮਹੱਤਤਾ ਬਹੁਤ ਜ਼ਿਆਦਾ ਹੈ ਅਤੇ 'ਆਪ' ਸਰਕਾਰ ਨੇ ਇੱਥੋਂ ਦੇ ਲੋਕਾਂ ਨੂੰ ਬੁਰੀ ਤਰ੍ਹਾਂ ਨਿਰਾਸ਼ ਕੀਤਾ ਹੈ। ਨਸ਼ਾ ਸਾਡੀ ਨੌਜਵਾਨ ਪੀੜ੍ਹੀ ਨੂੰ ਬਰਬਾਦ ਕਰ ਰਿਹਾ ਹੈ, ਗੈਂਗਸਟਰਵਾਦ ਵਧ ਰਿਹਾ ਹੈ ਅਤੇ ਕਾਨੂੰਨ-ਵਿਵਸਥਾ ਪੂਰੀ ਤਰ੍ਹਾਂ ਖ਼ਰਾਬ ਹੋ ਚੁੱਕੀ ਹੈ। ਮੈਂ ਗ੍ਰਹਿ ਮੰਤਰੀ ਨੂੰ ਜ਼ਮੀਨੀ ਹਕੀਕਤ ਤੋਂ ਜਾਣੂ ਕਰਵਾਇਆ ਅਤੇ ਕੇਂਦਰ ਸਰਕਾਰ ਤੋਂ ਹਰ ਪੰਜਾਬੀ ਦੀ ਸੁਰੱਖਿਆ ਯਕੀਨੀ ਬਣਾਉਣ ਲਈ ਨਿਰੰਤਰ ਸਹਿਯੋਗ ਦੀ ਮੰਗ ਕੀਤੀ। ਮੈਨੂੰ ਇਹ ਸੁਭਾਗ ਵੀ ਪ੍ਰਾਪਤ ਹੋਇਆ ਕਿ ਮੈਂ ਉਨ੍ਹਾਂ ਨੂੰ ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਜੀ ਦੀ ਪੁਸਤਕ ਅਤੇ ਤੈਲ-ਚਿੱਤਰ ਭੇਂਟ ਕਰ ਸਕਿਆ, ਜੋ ਪੰਜਾਬ ਦੀ ਮਹਾਨ ਵਿਰਾਸਤ ਅਤੇ ਉਸ ਗੌਰਵ ਦੀ ਯਾਦ ਦਿਵਾਉਂਦੇ ਹਨ ਜਿਸ ਨੂੰ ਸਾਨੂੰ ਮੁੜ ਸਥਾਪਿਤ ਕਰਨਾ ਹੈ।

ਢਿੱਲੋਂ ਨੇ ਅੱਗੇ ਕਿਹਾ ਕਿ ਭਾਜਪਾ ਆਮ ਆਦਮੀ ਪਾਰਟੀ ਦੀ ਸਰਕਾਰ ਦੀਆਂ ਨਾਕਾਮੀਆਂ ਨੂੰ ਉਜਾਗਰ ਕਰਨ ਅਤੇ ਕੇਂਦਰ ਸਰਕਾਰ ਦੇ ਸਹਿਯੋਗ ਨਾਲ ਪੰਜਾਬ ਦੇ ਲੋਕਾਂ ਦੀ ਆਵਾਜ਼ ਨੂੰ ਰਾਸ਼ਟਰੀ ਪੱਧਰ ਦੇ ਹਰ ਮੰਚ ਤੱਕ ਪਹੁੰਚਾਉਣ ਲਈ ਕੋਈ ਕਸਰ ਨਹੀਂ ਛੱਡੇਗੀ। ਇਹ ਮੁਲਾਕਾਤ ਭਾਜਪਾ ਪੰਜਾਬ ਦੇ ਸੂਬਾ ਪ੍ਰਧਾਨ ਦੀ ਜ਼ਿੰਮੇਵਾਰੀ ਸੰਭਾਲਣ ਤੋਂ ਬਾਅਦ ਢਿੱਲੋਂ ਵੱਲੋਂ ਕੇਂਦਰੀ ਮੰਤਰੀਆਂ ਨਾਲ ਕੀਤੇ ਜਾ ਰਹੇ ਲਗਾਤਾਰ ਸੰਵਾਦ ਦਾ ਹਿੱਸਾ ਹੈ, ਜੋ ਪੰਜਾਬ ਦੇ ਮੁੱਦਿਆਂ ਨੂੰ ਰਾਸ਼ਟਰੀ ਏਜੰਡੇ ਵਿੱਚ ਪ੍ਰਮੁੱਖਤਾ ਨਾਲ ਉਠਾਉਣ ਦੀ ਪਾਰਟੀ ਦੀ ਵਚਨਬੱਧਤਾ ਨੂੰ ਦਰਸਾਉਂਦੀ ਹੈ।

# ਅਮਰੀਕਾ 'ਚ 'ਭਿੰਡੀ 7,200 ਰੁਪਏ ਕਿੱਲੋ !

ਚੰਡੀਗੜ੍ਹ, 7 ਜੂਨ (ਚ.ਨ.ਸ.): ਇੱਕ ਭਾਰਤੀ ਨੌਜਵਾਨ ਲਈ ਅਮਰੀਕਾ ਵਿੱਚ ਰੋਜ਼ਾਨਾ ਦੀ ਕਰਿਆਨੇ (ਰਾਸ਼ਨ) ਦੀ ਖਰੀਦਦਾਰੀ ਉਸ ਸਮੇਂ ਹੈਰਾਨੀਜਨਕ ਬਣ ਗਈ, ਜਦੋਂ ਉਸ ਨੇ ਉੱਥੇ 'ਭਿੰਡੀ' ਦੀ ਕੀਮਤ ਦੇਖੀ। ਉਸ ਦੀ ਇਹ ਵੀਡੀਓ ਹੁਣ ਸੋਸ਼ਲ ਮੀਡੀਆ 'ਤੇ ਖੂਬ ਵਾਇਰਲ ਹੋ ਰਹੀ ਹੈ। ਇੱਕ ਸੁਪਰਮਾਰਕੀਟ ਵਿੱਚ ਜਦੋਂ ਉਸ ਨੇ ਭਿੰਡੀ ਦੀ ਕੀਮਤ ਦੇਖੀ ਤੇ ਉਸ ਨੂੰ ਭਾਰਤੀ ਕਰੰਸੀ (ਰੁਪਏ) ਵਿੱਚ ਬਦਲਿਆ, ਤਾਂ ਪਤਾ ਲੱਗਿਆ ਕਿ ਇਹ ਲਗਪਗ 40 ਡਾਲਰ ਪ੍ਰਤੀ ਪੌਂਡ (ਪਾਊਂਡ) ਦੇ ਹਿਸਾਬ ਨਾਲ ਵਿਕ ਰਹੀ ਸੀ, ਜੋ ਭਾਰਤੀ ਰੁਪਇਆਂ ਵਿੱਚ ਤਕਰੀਬਨ 7,200 ਰੁਪਏ ਕਿੱਲੋ ਬਣਦੀ ਹੈ। ਇਸ ਕੀਮਤ ਨੇ ਸਾਰੇ ਦੇਖਣ ਵਾਲਿਆਂ ਨੂੰ ਹੈਰਾਨ ਕਰ ਦਿੱਤਾ, ਖਾਸ ਕਰਕੇ ਇਸ ਲਈ ਕਿਉਂਕਿ ਭਾਰਤ ਵਿੱਚ ਇਹ ਬਹੁਤ ਸਸਤੀ ਮਿਲਦੀ ਹੈ।

ਨੌਜਵਾਨ ਨੇ ਵੀਡੀਓ ਦੇ ਕੈਪਸ਼ਨ ਵਿੱਚ ਲਿਖਿਆ, "ਅਸੀਂ ਭਿੰਡੀ ਨੂੰ ਇੱਕ ਬਹੁਤ ਹੀ ਸਧਾਰਨ ਰੋਜ਼ਾਨਾ ਦੀ ਸਬਜ਼ੀ ਵਜੋਂ ਖਾਂਦੇ ਹੋਏ ਵੱਡੇ ਹੋਏ ਹਾਂ। ਭਾਰਤ ਵਿੱਚ ਇਹ ਸਿਰਫ਼ ਇੱਕ ਆਮ ਸਬਜ਼ੀ ਹੈ। ਪਰ ਅਮਰੀਕਾ ਵਿੱਚ, ਉਹ ਇਸ ਨੂੰ ਫਰਾਈ (ਤਲ) ਕਰਦੇ ਹਨ, ਇੱਕ ਛੋਟੇ ਜਿਹੇ ਪੈਕੇਟ ਵਿੱਚ ਪੈਕ ਕਰਦੇ ਹਨ ਤੇ ਅਚਾਨਕ ਇਹ ਸ਼ੈਲਫ 'ਤੇ ਇੱਕ ਮਹਿੰਗਾ ਸਨੈਕ (ਕੁਰਕੁਰੇ ਵਰਗਾ ਸਨੈਕ) ਬਣ ਜਾਂਦੀ ਹੈ। ਉੱਥੇ ਸਿਰਫ਼ 85 ਗ੍ਰਾਮ ਭਿੰਡੀ 6.50 ਡਾਲਰ ਵਿੱਚ ਮਿਲ ਰਹੀ ਹੈ, ਜੋ ਕਿ 'ਲੇਜ਼' ਚਿਪਸ ਨਾਲੋਂ ਵੀ ਮਹਿੰਗੀ ਹੈ। ਲੱਗਦਾ ਹੈ ਭਿੰਡੀ 'ਤੇ ਕੋਈ ਪਰਸਨੈਲਿਟੀ ਟੈਕਸ ਲੱਗ ਗਿਆ ਹੈ, ਕਿਸੇ ਨੇ ਭਿੰਡੀ ਨੂੰ ਦੱਸਿਆ ਹੀ ਨਹੀਂ ਕਿ ਉਹ ਇੰਨੀ ਮਹਿੰਗੀ ਹੋ ਸਕਦੀ ਹੈ।"

ਵੀਡੀਓ ਵਿੱਚ ਉਸ ਨੇ ਪੈਕੇਟ ਦਿਖਾਉਂਦੇ ਹੋਏ ਕਿਹਾ, "ਦੋਸਤੋ, ਮੈਂ ਤੁਹਾਨੂੰ ਇੱਕ ਬਹੁਤ ਹੀ ਦਿਲਚਸਪ ਚੀਜ਼ ਦਿਖਾਉਂਦਾ ਹਾਂ। ਦੇਖੋ, ਇਹ ਕੀ ਹੈ? ਜਿਸ ਭਿੰਡੀ ਦੀ ਵਰਤੋਂ ਅਸੀਂ ਭਾਰਤ ਵਿੱਚ ਸਬਜ਼ੀ ਬਣਾਉਣ ਲਈ ਕਰਦੇ ਹਾਂ, ਅਮਰੀਕਾ ਵਿੱਚ ਉਹੀ ਚੀਜ਼ ਇੱਕ ਸਨੈਕ ਵਜੋਂ ਮਿਲ ਰਹੀ ਹੈ। ਮਤਲਬ ਇਸ ਨੂੰ ਚੰਗੀ ਤਰ੍ਹਾਂ ਤਲ ਕੇ, ਮਸਾਲੇ ਵਗੈਰਾ ਲ ਗਾ



ਕੇ ਵੇਚਿਆ ਜਾ ਰਿਹਾ ਹੈ। ਇਸ ਦੀ ਕੀਮਤ ਦੇਖੋ, ਇਹ 6.50 ਅਮਰੀਕੀ ਡਾਲਰ ਹੈ, ਯਾਨੀ ਭਾਰਤੀ ਰੁਪਇਆਂ ਵਿੱਚ ਲਗਪਗ 600 ਰੁਪਏ ਅਤੇ ਇਸ ਦਾ ਵਜ਼ਨ ਕਿੰਨਾ ਹੈ? ਸਿਰਫ਼ 85 ਗ੍ਰਾਮ।"

ਇਸ ਵੀਡੀਓ 'ਤੇ ਸੋਸ਼ਲ ਮੀਡੀਆ ਯੂਜ਼ਰਸ ਨੇ ਕਈ ਤਰ੍ਹਾਂ ਦੀਆਂ ਟਿੱਪਣੀਆਂ ਕੀਤੀਆਂ। ਇੱਕ ਯੂਜ਼ਰ ਨੇ ਲਿਖਿਆ, "ਇਹ ਅਮਰੀਕੀਆਂ ਲਈ ਮਹਿੰਗਾ ਨਹੀਂ ਹੈ ਕਿਉਂਕਿ ਉਨ੍ਹਾਂ ਦੀ ਕਮਾਈ ਜ਼ਿਆਦਾ ਹੈ ਅਤੇ ਇਹ ਸਿਹਤਮੰਦ ਵੀ ਹੈ।" ਦੂਜੇ ਯੂਜ਼ਰ ਨੇ ਮਜ਼ਾਕ ਵਿੱਚ ਲਿ ਖਿ ਆ, "ਇੰ ਨੇ ਮਸਾਲੇ ਲਗਾ ਕੇ ਵੀ ਇਹ ਵੱਧ ਤੋਂ ਵੱਧ 20 ਰੁਪਏ ਦੀ ਹੈ, ਭਾਰਤ ਵਿੱਚ ਤਾਂ ਅਮੀਰ ਲੋਕ ਵੀ ਇਸ ਨੂੰ ਇੰਨੇ ਮਹਿੰਗੇ ਭਾਅ ਨਹੀਂ ਖਰੀਦਣਗੇ।" ਜਦਕਿ ਇੱਕ ਤੀਜੇ ਯੂਜ਼ਰ ਨੇ ਹੱਸਦੇ ਹੋਏ ਸਲਾਹ ਦਿੱਤੀ ਕਿ "ਹੁਣ ਭਿੰਡੀ ਦਾ ਇੰਪੋਰਟ-ਐਕਸਪੋਰਟ (ਆਯਾਤ-ਨਿਰਯਾਤ) ਦਾ ਬਿਜ਼ਨਸ ਸ਼ੁਰੂ ਕਰ ਲੈਣਾ ਚਾਹੀਦਾ ਹੈ।"

# ਸੂਰਤ 'ਚ ਸੈਪਟਿਕ ਟੈਂਕ ਦੀ ਸਫ਼ਾਈ ਦੌਰਾਨ ਜ਼ਹਿਰੀਲੀ ਗੈਸ ਚੜ੍ਹਨ ਨਾਲ 4 ਮਰੇ

ਸੂਰਤ, 7 ਜੂਨ (ਚ.ਨ.ਸ.): ਗੁਜਰਾਤ ਦੇ ਸੂਰਤ ਵਿੱਚ ਇੱਕ ਗਹਿਣੇ ਬਣਾਉਣ ਵਾਲੀ ਇਕਾਈ ਵਿੱਚ ਐਤਵਾਰ ਸਵੇਰੇ ਸੈਪਟਿਕ ਟੈਂਕ ਦੀ ਸਫਾਈ ਕਰਦੇ ਸਮੇਂ ਜ਼ਹਿਰੀਲੀ ਗੈਸ ਚੜ੍ਹਨ ਨਾਲ ਚਾਰ ਲੋਕਾਂ ਦੀ ਮੌਤ ਹੋ ਗਈ। ਪੁਲਸ ਨੇ ਇਸ ਦੀ ਜਾਣਕਾਰੀ ਦਿੱਤੀ। ਜ਼ੋਨ 1 ਦੇ ਡਿਪਟੀ ਕਮਿਸ਼ਨਰ ਆਫ਼ ਪੁਲਸ ਆਲੋਕ ਕੁਮਾਰ ਨੇ ਦੱਸਿਆ ਕਿ ਮੌਤ ਦਾ ਮੁੱਢਲਾ ਕਾਰਨ ਦਮ ਘੁੱਟਣਾ ਜਾਪਦਾ ਹੈ। ਹਾਲਾਂਕਿ ਮੌਤ ਦੇ ਅਸਲ ਕਾਰਨ ਦੀ ਪੁਸ਼ਟੀ ਪੋਸਟਮਾਰਟਮ ਰਿਪੋਰਟ ਆਉਣ ਤੋਂ ਬਾਅਦ ਹੀ ਹੋਵੇਗੀ।

ਕੁਮਾਰ ਨੇ ਕਿਹਾ ਕਿ ਇਹ ਘਟਨਾ ਅਸ਼ਵਨੀ ਕੁਮਾਰ ਖੇਤਰ ਵਿੱਚ ਸਥਿਤ ਇੱਕ ਸੈਪਟਿਕ ਟੈਂਕ ਵਿੱਚ ਵਾਪਰੀ, ਜੋ ਗਹਿਣਿਆਂ ਦੀ ਸਫਾਈ ਪ੍ਰਕਿਰਿਆ ਤੋਂ ਰਹਿੰਦ-ਖੂੰਹਦ ਇਕੱਠੀ ਕਰਦਾ ਹੈ। ਉਨ੍ਹਾਂ ਦੱਸਿਆ ਕਿ ਯੂਨਿਟ ਦੇ ਸੈਪਟਿਕ ਟੈਂਕ ਨੂੰ ਹਰ ਦੋ ਮਹੀਨਿਆਂ ਬਾਅਦ ਸਾਫ਼ ਅਤੇ ਰੱਖ-ਰਖਾਅ ਕੀਤਾ ਜਾਂਦਾ ਹੈ। ਪੁਲਸ ਡਿਪਟੀ ਕਮਿਸ਼ਨਰ ਦੇ ਅਨੁਸਾਰ, ਐਤਵਾਰ ਸਵੇਰੇ ਇੱਕ ਸੁਪਰਵਾਈਜ਼ਰ ਅਤੇ ਤਿੰਨ ਵਰਕਰ ਟੈਂਕ ਵਿੱਚ ਦਾਖਲ ਹੋਏ। ਉਹ ਜ਼ਹਿਰੀਲੀ ਗੈਸ ਕਾਰਨ ਬੇਹੋਸ਼ ਹੋ ਗਏ ਅਤੇ ਚਾਰਾਂ ਦੀ ਮੌਤ ਹੋ ਗਈ। ਅਧਿਕਾਰੀ ਨੇ ਕਿਹਾ, "ਅਸੀਂ ਜਾਂਚ ਕਰ ਰਹੇ ਹਾਂ ਕਿ ਇਸ ਘਟਨਾ ਲਈ ਕਿਸਦੀ ਲਾਪਰਵਾਹੀ ਜ਼ਿੰਮੇਵਾਰ ਹੈ, ਕਿਉਂਕਿ ਮੁੱਢਲੀ ਜਾਂਚ ਤੋਂ ਪਤਾ ਚੱਲਦਾ ਹੈ ਕਿ ਸੁਰੱਖਿਆ ਮਾਪਦੰਡਾਂ ਦੀ ਪਾਲਣਾ ਨਹੀਂ ਕੀਤੀ ਗਈ। ਇਸ ਮਾਮਲੇ ਦੀ ਵਿਸਥਾਰਤ ਜਾਂਚ ਕੀਤੀ ਜਾਵੇਗੀ।"

ਉਨ੍ਹਾਂ ਕਿਹਾ ਕਿ ਸੁਪਰਵਾਈਜ਼ਰ ਨੇ ਟੈਂਕ ਵਿੱਚ ਦਾਖਲ ਹੋਣ ਤੋਂ ਪਹਿਲਾਂ ਫਾਇਰ ਵਿਭਾਗ ਨੂੰ ਫ਼ੋਨ ਕੀਤਾ ਸੀ ਅਤੇ ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਉਸਨੇ ਕੋਈ ਸੁਰੱਖਿਆ ਉਪਕਰਨ ਨਹੀਂ ਪਹਿਨਿਆ ਹੋਇਆ ਸੀ। ਅਧਿਕਾਰੀਆਂ ਅਨੁਸਾਰ, ਘਟਨਾ ਦੀ ਸੂਚਨਾ ਮਿਲਣ ਤੋਂ ਤੁਰੰਤ ਬਾਅਦ ਫਾਇਰ ਬ੍ਰਿਗੇਡ ਮੌਕੇ 'ਤੇ ਪਹੁੰਚੀ ਤੇ ਬਚਾਅ ਕਾਰਜ ਸ਼ੁਰੂ ਕਰ ਦਿੱਤਾ। ਫਾਇਰਫਾਈਟਰਜ਼ ਨੇ ਚਾਰਾਂ ਨੂੰ ਟੈਂਕ ਵਿੱਚੋਂ ਬਾਹਰ ਕੱਢਿਆ ਤੇ ਹਸਪਤਾਲ ਪਹੁੰਚਾਇਆ, ਜਿੱਥੇ ਡਾਕਟਰਾਂ ਨੇ ਉਨ੍ਹਾਂ ਨੂੰ ਮ੍ਰਿਤਕ ਐਲਾਨ ਦਿੱਤਾ। ਪੁਲਿਸ ਡਿਪਟੀ ਕਮਿਸ਼ਨਰ ਨੇ ਕਿਹਾ, "ਇਸ ਵੇਲੇ ਦੁਰਘਟਨਾ ਮੌਤ ਦਾ ਮਾਮਲਾ ਦਰਜ ਕੀਤਾ ਜਾ ਰਿਹਾ ਹੈ। ਅਸੀਂ ਸੀਸੀਟੀਵੀ ਫੁਟੇਜ ਦਾ ਵੀ ਵਿਸ਼ਲੇਸ਼ਣ ਕਰਾਂਗੇ ਤਾਂ ਜੋ ਇਹ ਪਤਾ ਲਗਾਇਆ ਜਾ ਸਕੇ ਕਿ ਕਿਹੜੇ ਸੁਰੱਖਿਆ ਪ੍ਰੋਟੋਕੋਲ ਹੋਣੇ ਚਾਹੀਦੇ ਸਨ ਅਤੇ ਅਸਲ ਵਿੱਚ ਕਿਹੜੇ ਪ੍ਰਬੰਧ ਕੀਤੇ ਗਏ ਸਨ। ਉਸ ਤੋਂ ਬਾਅਦ ਜ਼ਿੰਮੇਵਾਰੀ ਨਿਰਧਾਰਤ ਕੀਤੀ ਜਾਵੇਗੀ।"

# ਪਰਿਵਾਰ ਸਿਹਤ ਸਰਵੇਖਣ-6 ਦੀਆਂ ਤੱਥ ਸ਼ੀਟਾਂ 'ਚੋਂ ਕੁਝ ਸੂਚਕ ਗ਼ਾਇਬ ਹੋਣ 'ਤੇ ਸਰਕਾਰ ਨੇ ਦਿੱਤਾ ਸਪੱਸ਼ਟੀਕਰਨ

## 'ਹਟਾ ਦਿੱਤੇ' ਦੱਸੇ ਜਾ ਰਹੇ ਸੂਚਕਾਂ ਦੀ ਨਿਗਰਾਨੀ ਹੋਰ ਸਮਰਪਿਤ ਰਾਸ਼ਟਰੀ ਸਰਵੇਖਣਾਂ ਅਤੇ ਪ੍ਰਸ਼ਾਸਨਿਕ ਡੇਟਾਬੇਸ ਰਾਹੀਂ ਕੀਤੀ ਜਾ ਰਹੀ ਹੈ"

ਨਵੀਂ ਦਿੱਲੀ, 7 ਜੂਨ (ਚ.ਨ.ਸ.): ਰਾਸ਼ਟਰੀ ਪਰਿਵਾਰ ਸਿਹਤ ਸਰਵੇਖਣ-6 ਦੀਆਂ ਤੱਥ ਸ਼ੀਟਾਂ ਵਿੱਚੋਂ ਕੁਝ ਸਿਹਤ ਸੂਚਕਾਂ




ਦੇ ਗਾਇਬ ਹੋਣ 'ਤੇ ਚੱਲ ਰਹੀ ਬਹਿਸ ਦਰਮਿਆਨ ਕੇਂਦਰੀ ਸਿਹਤ ਮੰਤਰਾਲੇ ਦੇ ਸੂਤਰਾਂ ਨੇ ਇੱਕ ਵੱਡਾ ਸਪੱਸ਼ਟੀਕਰਨ ਦਿੱਤਾ ਹੈ। ਸਰਕਾਰੀ ਸੂਤਰਾਂ ਅਨੁਸਾਰ, ਜਿਨ੍ਹਾਂ ਸੂਚਕਾਂ ਨੂੰ "ਓਮਿਟਡ" (ਹਟਾ ਦਿੱਤਾ ਗਿਆ) ਦੱਸਿਆ ਜਾ ਰਿਹਾ ਹੈ, ਉਨ੍ਹਾਂ ਦੀ ਨਿਗਰਾਨੀ ਅਸਲ ਵਿੱਚ ਹੋਰ ਸਮਰਪਿਤ ਰਾਸ਼ਟਰੀ ਸਰਵੇਖਣਾਂ ਤੇ ਪ੍ਰਸ਼ਾਸਨਿਕ ਡੇਟਾਬੇਸ ਰਾਹੀਂ ਕੀਤੀ ਜਾ ਰਹੀ ਹੈ। ਮੰਤਰਾਲੇ ਦੇ ਸੀਨੀਅਰ ਅਧਿਕਾਰੀਆਂ ਨੇ ਕਿਹਾ ਕਿ ਇਹ ਤੱਥ ਸ਼ੀਟਾਂ ਪ੍ਰਸਾਰ ਦਾ ਸਿਰਫ ਪਹਿਲਾ ਪੜਾਅ ਹਨ, ਜਿਸ ਵਿੱਚ 101 ਮੁੱਖ ਸੂਚਕ ਸ਼ਾਮਲ ਕੀਤੇ ਗਏ ਹਨ। ਅਧਿਕਾਰੀਆਂ ਨੇ ਭਰੋਸਾ ਦਿੰਦਿਆਂ ਕਿਹਾ, "ਤੱਥ ਸ਼ੀਟਾਂ ਪ੍ਰਸਾਰ ਦਾ ਪਹਿਲਾ ਪੜਾਅ ਹਨ। ਵਿਸਤ੍ਰਿਤ ਰਾਸ਼ਟਰੀ ਰਿਪੋਰਟ ਇੱਕ ਬਹੁਤ ਵਿਆਪਕ ਤਸਵੀਰ ਪ੍ਰਦਾਨ ਕਰੇਗੀ।"

ਅਧਿਕਾਰੀਆਂ ਨੇ ਕਿਹਾ ਕਿ ਸਵੱਛਤਾ ਤੇ ਸਾਫ਼ ਰਸੋਈ ਗੈਸ ਵਰਗੇ ਸੂਚਕਾਂ 'ਤੇ "ਸਵੱਛ ਸਰਵੇਖਣ ਗ੍ਰਾਮੀਣ" ਰਾਹੀਂ ਨਿਗਰਾਨ ਰੱਖੀ ਜਾ ਰਹੀ ਹੈ, ਜਿਸ ਕਾਰਨ ਦੁਹਰਾਅ ਤੋਂ ਬਚਣ ਲਈ ਇਨ੍ਹਾਂ ਨੂੰ ਇੱਥੇ ਸ਼ਾਮਲ ਨਹੀਂ ਕੀਤਾ ਗਿਆ। ਇਸੇ ਤਰ੍ਹਾਂ, ਐਨੀਮੀਆ (ਖੂਨ ਦੀ ਕਮੀ) ਦੇ ਅੰਕੜਿਆਂ ਬਾਰੇ ਬੋਲਦਿਆਂ ਸੂਤਰਾਂ ਨੇ ਦੱਸਿਆ ਕਿ ਇਸ ਵਾਰ ਉਂਗਲ ਤੋਂ ਖੂਨ ਦੇ ਸੈਂਪਲ ਲੈਣ ਦੀ ਪੁਰਾਣੀ ਵਿਧੀ ਦੀ ਬਜਾਏ ਆਈ.ਸੀ.ਐਮ.ਆਰ. ਦੇ ਸਰਵੇਖਣ ਰਾਹੀਂ 'ਗੋਲਡ-ਸਟੈਂਡਰਡ' ਵੀਨਸ ਬਲੱਡ ਸੈਂਪਲਿੰਗ ਵਿਧੀ ਦੀ ਵਰਤੋਂ ਕੀਤੀ ਜਾਵੇਗੀ ਤਾਂ ਜੋ ਵਧੇਰੇ ਸਹੀ ਅੰਕੜੇ ਸਾਹਮਣੇ ਆ ਸਕਣ।

ਜ਼ਿਕਰਯੋਗ ਹੈ ਕਿ ਵਿਰੋਧੀ ਧਿਰ ਦੇ ਨੇਤਾ ਮਲਿਕਾਅਰਜੁਨ ਖੜਗੇ ਨੇ 'ਐਕਸ' 'ਤੇ ਦੋਸ਼ ਲਾਇਆ ਸੀ ਕਿ ਮੋਦੀ ਸਰਕਾਰ ਮਹਿਲਾਵਾਂ ਤੇ ਬੱਚਿਆਂ ਦੀ ਸਿਹਤ ਨਾਲ ਜੁੜੇ ਅਹਿਮ ਅੰਕੜੇ ਲੁਕਾ ਰਹੀ ਹੈ। ਇਸ ਦੇ ਪਲਟਵਾਰ ਵਿੱਚ ਕੇਂਦਰੀ ਸਿਹਤ ਮੰਤਰੀ ਜੇ.ਪੀ. ਨੱਡਾ ਨੇ ਕਿਹਾ ਕਿ "ਅੱਧਾ ਗਿਆਨ ਖ਼ਤਰਨਾਕ ਹੁੰਦਾ ਹੈ" ਤੇ ਇਹ ਅੰਕੜੇ ਦੇਸ਼ ਦੇ ਸਿਹਤ ਢਾਂਚੇ ਵਿੱਚ ਹੋਏ ਸੁਧਾਰਾਂ ਨੂੰ ਦਰਸਾਉਂਦੇ ਹਨ।

# ਦਿੱਲੀ ਦੇ ਕੜਕੜਡੂਮਾ ਕੋਰਟ ਕੰਪਲੈਕਸ 'ਚ ਲੱਗੀ ਅੱਗ



ਨਵੀਂ ਦਿੱਲੀ, 7 ਜੂਨ (ਚ.ਨ.ਸ.): ਦਿੱਲੀ ਫਾਇਰ ਸਰਵਿਸ ਨੇ ਦੱਸਿਆ ਕਿ ਐਤਵਾਰ ਨੂੰ ਦਿੱਲੀ ਦੇ ਕੜਕੜਡੂਮਾ ਕੋਰਟ ਕੰਪਲੈਕਸ ਦੀ ਦੂਜੀ ਮੰਜ਼ਿਲ 'ਤੇ ਅੱਗ ਲੱਗ ਗਈ ਪਰ ਕੋਈ ਜ਼ਖਮੀ ਨਹੀਂ ਹੋਇਆ। ਫਾਇਰ ਬ੍ਰਿਗੇਡ ਕਰਮਚਾਰੀਆਂ ਨੂੰ ਸਵੇਰੇ 5:22 ਵਜੇ ਅੱਗ ਲੱਗਣ ਦੀ ਸੂਚਨਾ ਮਿਲੀ ਅਤੇ ਤੁਰੰਤ 8 ਫਾਇਰ ਟੈਂਡਰ ਮੌਕੇ 'ਤੇ ਭੇਜੇ ਗਏ। ਦਿੱਲੀ ਫਾਇਰ ਸਰਵਿਸ ਦੇ ਅਨੁਸਾਰ, ਕੋਰਟ ਕੰਪਲੈਕਸ ਦੇ ਗੇਟ ਨੰਬਰ 4 ਦੇ ਨੇੜੇ ਸਥਿਤ ਇਕ ਸਕੈਨਿੰਗ ਰੂਮ 'ਚ ਅੱਗ ਲੱਗਣ ਦੀ ਸੂਚਨਾ ਮਿਲੀ ਸੀ। ਫਾਇਰਫਾਈਟਰਾਂ ਨੇ ਤੁਰੰਤ ਅੱਗ ਬੁਝਾਉਣੀ ਸ਼ੁਰੂ ਕਰ ਦਿੱਤੀ ਅਤੇ ਉਨ੍ਹਾਂ ਨੂੰ ਫੈਲਣ ਤੋਂ ਰੋਕਿਆ। ਸਵੇਰੇ 5:50 ਵਜੇ ਤੱਕ ਅੱਗ 'ਤੇ ਕਾਬੂ ਪਾ ਲਿਆ ਗਿਆ। ਅਧਿਕਾਰੀ ਨੇ ਕਿਹਾ ਕਿ ਅੱਗ ਮਾਮੂਲੀ ਸੀ ਅਤੇ ਸਕੈਨਿੰਗ ਰੂਮ ਤੱਕ ਸੀਮਤ ਸੀ। ਅੱਗ ਲੱਗਣ ਦਾ ਸਹੀ ਕਾਰਨ ਅਜੇ ਪਤਾ ਨਹੀਂ ਲੱਗ ਸਕਿਆ ਹੈ।

# ਸਰਕਾਰੀ ਨਿਯਮਾਂ ਨੂੰ ਛਿੱਕੇ ਟੰਗ ਕੇ ਚਾਲੂ ਕੀਤੀ ਆਕਸੀਜਨ ਫ਼ੈਕਟਰੀ ਦਾ ਚਾਰ ਸਾਲਾ ਬੱਚੀ ਦੀ ਮੌਤ ਨੇ ਖੋਲ੍ਹਿਆ ਭੇਦ

ਹੁਸ਼ਿਆਰਪੁਰ, 7 ਜੂਨ (ਦੀਪਕ ਅਗਨੀਹੋਤਰੀ): ਪੌਣਾ ਕੁ ਸਾਲ ਪਹਿਲਾਂ ਹੁਸ਼ਿਆਰਪੁਰ ਜਲੰਧਰ ਰੋਡ 'ਤੇ ਮੰਡਿਆਲਾ ਵਿਖੇ ਹੋਏ ਗੈਸ ਲੀਕ ਹਾਦਸੇ ਦੀ ਸਿਆਹੀ ਅਜੇ ਸੁੱਕੀ ਵੀ ਨਹੀਂ ਸੀ ਕਿ ਹੁਸ਼ਿਆਰਪੁਰ ਜਲੰਧਰ ਰੋਡ 'ਤੇ ਤਾਰਾਗੜ੍ਹ ਰੋਡ 'ਤੇ ਲੱਗ ਰਹੀ ਇੱਕ ਆਕਸੀਜਨ ਗੈਸ ਪਲਾਂਟ ਦੀ ਫ਼ੈਕਟਰੀ ਵਿਚ ਕਾਰਬਨ ਡਾਈਆਕਸਾਈਡ ਦੇ ਸਿਲੰਡਰ ਤੋਂ ਚੜ੍ਹੀ ਕਾਰਬਨ ਡਾਈਆਕਸਾਈਡ ਦੀ ਗੈਸ ਨਾਲ ਪ੍ਰਵਾਸੀ ਮਜ਼ਦੂਰ ਦੀ ਇੱਕ ਚਾਰ ਸਾਲਾ ਬੱਚੀ ਦੀ ਮੌਤ ਨੇ ਨਾ ਸਿਰਫ਼ ਫ਼ੈਕਟਰੀ ਪ੍ਰਬੰਧਕਾਂ ਬਲਕਿ



ਜਿਲ੍ਹਾ ਹੁਸ਼ਿਆਰਪੁਰ ਦੇ ਪ੍ਰਸ਼ਾਸਕੀ ਢਾਂਚੇ 'ਤੇ ਵੀ ਕਈ ਪ੍ਰਸ਼ਨ ਖ਼ੜੇ ਕਰ ਦਿੱਤੇ ਹਨ। ਦੋ ਮਹੀਨੇ ਪਹਿਲਾਂ ਹੀ ਸ਼ੁਰੂ ਹੋਏ ਫ਼ੈਕਟਰੀ ਦੇ ਨਿਰਮਾਣ ਦਾ ਕੰਮ ਅਜੇ ਪੂਰਾ ਵੀ ਨਹੀਂ ਹੋਇਆ ਸੀ ਕਿ ਕੰਪਨੀ ਮਾਲਿਕਾਂ ਨੇ ਗੈਸ ਦੀ ਪੈਦਾਵਾਰ ਸ਼ੁਰੂ ਵੀ ਕਰ ਦਿੱਤੀ। ਇਸੇ ਦੌਰਾਨ ਨਿਰਮਾਣ 'ਚ ਲੱਗੇ ਮਜ਼ਦੂਰ ਦੀ ਚਾਰ ਸਾਲਾ ਬੱਚੀ ਨਾਲ ਹਾਦਸਾ ਹੋ ਗਿਆ।

ਥਾਣਾ ਬੁੱਲੋਵਾਲ ਦੀ ਪੁਲਿਸ ਅਧੀਨ ਪੈਂਦੀ ਪੁਲਿਸ ਚੌਂਕੀ ਨਸਰਾਲਾ ਵਿਖੇ ਦਰਜ ਡੀ ਡੀ ਆਰ ਵਿਚ ਦਿੱਤੇ ਬਿਆਨਾਂ ਵਿਚ ਥਾਨ ਸਿੰਘ ਪੁੱਤਰ ਚਰਨ ਵਾਸੀ ਮੀਰਾਪੁਰ ਉੱਤਰ ਪ੍ਰਦੇਸ਼ ਹਾਲ ਵਾਸੀ ਰੰਧਾਵਾ ਬਰੋਟਾ ਨੇ ਦੱਸਿਆ ਕਿ ਕਰੀਬ ਦੋ ਮਹੀਨੇ ਤੋਂ ਤਾਰਾਗੜ੍ਹ ਰੋਡ 'ਤੇ ਲੱਗ ਰਹੀ ਇੰਨਫਿਨਟੀ ਗੈਸ ਮੋਬਿਲਟੀ ਫ਼ੈਕਟਰੀ ਦੇ ਨਿਰਮਾਣ ਵਿਚ ਵਿਚ ਮਜ਼ਦੂਰ ਵਜੋਂ ਕੰਮ ਕਰ ਰਿਹਾਂ ਹਾਂ। ਉਸ ਨੇ ਦੱਸਿਆ ਕਿ ਉਸ ਦੇ ਚਾਰ ਬੱਚਿਆਂ ਵਿੱਚੋਂ ਤੀਜੇ ਨੰਬਰ ਵਾਲੀ ਲੜਕੀ ਅੰਜਲੀ 4 ਤੇ ਬਾਕੀ ਬੱਚੇ ਵੀ ਕੰਮ 'ਤੇ ਆ ਜਾਂਦੇ ਹਨ। ਉਸ ਨੇ ਦੱਸਿਆ ਕਿ ਚਾਰ ਜੂਨ ਦੀ ਸ਼ਾਮ ਨੂੰ ਜਦੋਂ ਉਹ ਕੰਮ 'ਤੇ ਸਨ ਲੱਗੇ ਕਾਰਬਨਡਾਈਆਕਸਾਈਡ ਗੈਸ ਟੈਂਕ ਹੇਠ ਜੰਮੀ ਬਰਫ਼ ਨੂੰ ਉਤਾਰਨ ਲੱਗ ਗਈ ਜਿਸ ਕਾਰਨ ਗੈਸ ਟੈਂਕ ਦਾ ਵਾਲਵ ਖੁੱਲ ਗਿਆ ਜਿਸ ਕਾਰਨ ਗੈਸ ਲੀਕ ਹੋਣ ਕਾਰਨ ਉਸ ਦੇ ਸਰੀਰ ਨੂੰ ਠੰਢ ਲੱਗ ਗਈ। ਉਸ ਨੂੰ ਪਹਿਲਾਂ ਹੁਸ਼ਿਆਰਪੁਰ ਅਤੇ ਬਾਅਦ ਵਿਚ ਡੀ ਐਮ ਸੀ ਲੁਧਿਆਣਾ ਦਾਖ਼ਲ ਕਰਵਾਇਆ ਗਿਆ ਜਿੱਥੇ ਉਸ ਦੀ ਇਲਾਜ ਦੌਰਾਨ ਹਾਲਤ ਵਿਗੜਨ ਨਾਲ ਮੌਤ ਹੋ ਗਈ। ਪੁਲਿਸ ਵਲੋਂ ਦਰਜ ਡੀਡੀ ਆਰ ਵਿਚ ਦੱਸਿਆ ਗਿਆ ਕਿ ਬੱਚੀ ਅੰਜਲੀ ਦੀ ਮੌਤ ਗੈਸ ਚੜ੍ਹਨ ਕਰਕੇ ਹੋਈ। ਫ਼ੈਕਟਰੀ ਪ੍ਰਬਧਕਾਂ ਨੇ ਮਾਮਲੇ ਨੂੰ ਦਬਾਉਣ ਲਈ ਪੀੜ੍ਹਿਤ ਪਰਿਵਾਰ ਨਾਲ ਸਮਝੌਤਾ ਕਰਕੇ 174 ਦੀ ਕਾਰਵਾਈ ਕਰਵਾ ਦਿੱਤੀ।

ਇੱਥੇ ਜਿਕਰਯੋਗ ਹੈ ਕਿ ਲੱਗ ਰਹੀ ਫ਼ੈਕਟਰੀ ਅਜੇ ਵੀ ਨਿਰਮਾਣ ਅਧੀਨ ਹੈ ਅਤੇ ਉਸ ਦੀਆਂ ਬਾਹਰਲੀਆਂ ਕੰਧਾਂ ਵੀ ਪੂਰੀਆਂ ਨਹੀਂ ਹੋਈਆਂ ਅਤੇ ਫ਼ੈਕਟਰੀ ਮਾਲਿਕਾਂ ਨੂੰ ਨੇ ਮਿਲੀ ਭੁਗਤ ਕਰਕੇ ਗੈਸ ਦੀ ਪੈਦਾਵਾਰ ਵੀ ਸ਼ੁਰੂ ਕਰ ਦਿੱਤੀ। ਸਮਾਜ ਸੇਵੀ ਜਥੇਬੰਦੀਆਂ ਦੇ ਆਗੂਆਂ ਨੇ ਕਿਹਾ ਕਿ ਅਜੇ ਤੱਕ ਫ਼ੈਕਟਰੀ ਦੇ ਨਿਰਮਾਣ ਦਾ ਕੰਮ ਵੀ ਪੂਰਾ ਨਹੀਂ ਹੋਇਆ ਅਤੇ ਫ਼ੈਕਟਰੀ ਮਾਲਿਕਾਂ ਨੇ ਟੈਂਕਰਾਂ ਵਿਚ ਕਾਰਬਨਡਾਈਆਕਸਾਈਡ ਸਟੋਰ ਵੀ ਕਰਨੀ ਸ਼ੁਰੂ ਕਰ ਦਿੱਤੀ। ਇਸ ਦੇ ਨਿਰਮਾਣ ਦੌਰਾਨ ਨਾਂ ਤਾਂ ਪ੍ਰਦੂਸ਼ਣ ਕੰਟਰੋਲ ਬੋਰਡ ਨਾ ਪ੍ਰਸ਼ਾਸ਼ਨ ਅਤੇ ਫ਼ੈਕਟਰੀ ਦਾ ਲਾਇਸੰਸ ਜਾਰੀ ਹੋਣ ਸਮੇਂ ਕੀਤੀਆਂ ਜਾਂਦੀਆਂ ਹਦਾਇਤਾਂ ਦੀ ਪਾਲਣਾ ਕੀਤੀ ਗਈ ਹੈ।

**ਕੀ ਕਹਿੰਦੇ ਹਨ ਚੌਂਕੀ ਇੰਚਾਰਜ** : ਇਸ ਸਬੰਧੀ ਨਸਰਾਲਾ ਪੁਲਿਸ ਚੌਂਕੀ ਇੰਚਾਰਜ ਸਰਬਜੀਤ ਸਿੰਘ ਨੇ ਦੱਸਿਆ ਕਿ ਉਨ੍ਹਾਂ ਦਾ ਕੰਮ ਤਾਂ ਬਿਆਨਾਂ ਦੇ ਆਧਾਰ 'ਤੇ ਹੀ ਕਰਵਾਈ ਕਰਨੀ ਹੁੰਦੀ ਹੈ। ਉਨ੍ਹਾਂ ਦਾ ਰਾਜੀਨਾਮਾ ਹੋ ਗਿਆ ਅਸੀਂ ਉਸ ਦੇ ਆਧਾਰ ਤੇ ਹੀ ਕਾਰਵਾਈ ਕੀਤੀ ਹੈ। ਜੇਕਰ ਫ਼ੈਕਟਰੀ ਚਾਲੂ ਕਰਨ ਸਬੰਧੀ ਤਾਂ ਸਬੰਧਤ ਵਿਭਾਗ ਹੀ ਦੱਸ ਸਕਦੇ ਹਨ।

# ਗੈਂਗਸਟਰਾਂ 'ਤੇ ਵਾਰ ਦੇ 138ਵੇਂ ਦਿਨ 541 ਥਾਵਾਂ ਉੱਤੇ ਛਾਪੇਮਾਰੀ ਦੌਰਾਨ 281 ਕਾਬੂ

ਚੰਡੀਗੜ੍ਹ, 7 ਜੂਨ (ਚ.ਨ.ਸ.): ਸੂਬੇ ਵਿੱਚ ਚੱਲ ਰਹੀ ਫੈਸਲਾਕੁੰਨ ਮੁਹਿੰਮ "ਗੈਂਗਸਟਰਾਂ 'ਤੇ ਵਾਰ" ਦੇ 138ਵੇਂ ਦਿਨ ਪੰਜਾਬ ਪੁਲਿਸ ਨੇ ਅੱਜ ਸੂਬੇ ਭਰ ਵਿੱਚ ਗੈਂਗਸਟਰਾਂ ਦੇ ਸਾਥੀਆਂ ਦੇ ਪਛਾਣੇ ਗਏ ਤੇ ਮੈਪ ਕੀਤੇ 541 ਟਿਕਾਣਿਆਂ 'ਤੇ ਛਾਪੇਮਾਰੀ ਕੀਤੀ। ਜ਼ਿਕਰਯੋਗ ਹੈ ਕਿ "ਗੈਂਗਸਟਰਾਂ 'ਤੇ ਵਾਰ" ਪੰਜਾਬ ਨੂੰ ਗੈਂਗਸਟਰ ਮੁਕਤ ਸੂਬਾ ਬਣਾਉਣ ਲਈ ਫੈਸਲਾਕੁੰਨ ਜੰਗ ਹੈ, ਜੋ 20 ਜਨਵਰੀ, 2026 ਨੂੰ ਪੁਲਿਸ ਡਾਇਰੈਕਟਰ ਜਨਰਲ (ਡੀਜੀਪੀ) ਪੰਜਾਬ ਗੌਰਵ ਯਾਦਵ ਵੱਲੋਂ ਸ਼ੁਰੂ ਕੀਤੀ ਗਈ ਸੀ। ਐਂਟੀ-ਗੈਂਗਸਟਰ ਟਾਸਕ ਫੋਰਸ (ਏਜੀਟੀਐਫ) ਪੰਜਾਬ ਦੇ ਤਾਲਮੇਲ ਨਾਲ ਸਾਰੇ ਜ਼ਿਲਿਆਂ ਦੀਆਂ ਪੁਲਿਸ ਟੀਮਾਂ ਸੂਬੇ ਭਰ ਵਿੱਚ ਵਿਸ਼ੇਸ਼ ਕਾਰਵਾਈਆਂ ਕਰ ਰਹੀਆਂ ਹਨ।




138ਵੇਂ ਦਿਨ ਪੁਲਿਸ ਟੀਮਾਂ ਨੇ 11 ਹਥਿਆਰਾਂ ਸਮੇਤ 281 ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ, ਜਿਸ ਨਾਲ ਮੁਹਿੰਮ ਦੀ ਸ਼ੁਰੂਆਤ ਤੋਂ ਬਾਅਦ ਕੁੱਲ ਗ੍ਰਿਫ਼ਤਾਰੀਆਂ 34,813 ਹੋ ਗਈਆਂ। ਇਸ ਤੋਂ ਇਲਾਵਾ 74 ਵਿਅਕਤੀਆਂ ਵਿਰੁੱਧ ਇਹਤਿਆਤੀ ਕਾਰਵਾਈ ਕੀਤੀ ਗਈ ਹੈ, ਜਦੋਂ ਕਿ 20 ਵਿਅਕਤੀਆਂ ਨੂੰ ਪੁੱਛਗਿੱਛ ਤੋਂ ਬਾਅਦ ਛੱਡ ਦਿੱਤਾ ਗਿਆ। ਪੁਲਿਸ ਟੀਮਾਂ ਨੇ ਕਾਰਵਾਈ ਦੌਰਾਨ 2 ਭਗੌੜੇ ਅਪਰਾਧੀ (ਪੀਓ) ਨੂੰ ਵੀ ਗ੍ਰਿਫ਼ਤਾਰ ਕੀਤਾ ਹੈ।

ਲੋਕ, ਐਂਟੀ ਗੈਂਗਸਟਰ ਹੈਲਪਲਾਈਨ ਨੰਬਰ 93946-93946 ਰਾਹੀਂ ਗੁਪਤ ਰੂਪ ਵਿੱਚ ਲੋੜੀਂਦੇ ਅਪਰਾਧੀਆਂ ਅਤੇ ਗੈਂਗਸਟਰਾਂ ਬਾਰੇ ਰਿਪੋਰਟ ਕਰ ਸਕਦੇ ਹਨ ਤੇ ਅਪਰਾਧ ਤੇ ਅਪਰਾਧਿਕ ਗਤੀਵਿਧੀਆਂ ਬਾਰੇ ਸੂਹ ਵੀ ਦਿੱਤੀ ਜਾ ਸਕਦੀ ਹੈ। ਇਸ ਦੌਰਾਨ ਪੁਲਿਸ ਟੀਮਾਂ ਨੇ ਨਸ਼ਿਆਂ ਵਿਰੁੱਧ ਆਪਣੀ ਮੁਹਿੰਮ "ਯੁੱਧ ਨਸ਼ਿਆਂ ਵਿਰੁੱਧ" ਨੂੰ 463ਵੇਂ ਦਿਨ ਵੀ ਜਾਰੀ ਰੱਖਦਿਆਂ ਅੱਜ 66 ਨਸ਼ਾ ਤਸਕਰਾਂ ਨੂੰ ਗ੍ਰਿਫ਼ਤਾਰ ਕੀਤਾ ਅਤੇ ਉਨ੍ਹਾਂ ਦੇ ਕਬਜ਼ੇ ਵਿੱਚੋਂ 2.3 ਕਿਲੋ ਹੈਰੋਇਨ, 279 ਨਸ਼ੀਲੀਆਂ ਗੋਲੀਆਂ ਅਤੇ 3450 ਰੁਪਏ ਦੀ ਡਰੱਗ ਮਨੀ ਬਰਾਮਦ ਕੀਤੀ ਗਈ। ਇਸ ਨਾਲ ਸਿਰਫ 463 ਦਿਨਾਂ ਵਿੱਚ ਗ੍ਰਿਫ਼ਤਾਰ ਕੀਤੇ ਗਏ ਕੁੱਲ ਨਸ਼ਾ ਤਸਕਰਾਂ ਦੀ ਗਿਣਤੀ 67,121 ਹੋ ਗਈ ਹੈ। ਨਸ਼ਾ ਛੁਡਾਊ ਮੁਹਿੰਮ ਦੇ ਹਿੱਸੇ ਵਜੋਂ, ਪੰਜਾਬ ਪੁਲਿਸ ਨੇ ਅੱਜ 5 ਵਿਅਕਤੀਆਂ ਨੂੰ ਨਸ਼ਾ ਛੁਡਾਊ ਤੇ ਮੁੜ ਵਸੇਬੇ ਦਾ ਇਲਾਜ ਕਰਵਾਉਣ ਲਈ ਰਾਜ਼ੀ ਕੀਤਾ ਹੈ।

# ਐਸ.ਸੀ. ਕਮਿਸ਼ਨ ਵੱਲੋਂ ਪਿੰਡ ਝੋਰੜ ਮਾਮਲੇ 'ਚ ਸੂ ਮੋਟੋ ਨੋਟਿਸ

## ਐਸ.ਐਸ.ਪੀ. ਸ੍ਰੀ ਮੁਕਤਸਰ ਸਾਹਿਬ ਤੋਂ ਰਿਪੋਰਟ ਤਲਬ

ਚੰਡੀਗੜ੍ਹ, 7 ਜੂਨ (ਚ.ਨ.ਸ.): ਪੰਜਾਬ ਰਾਜ ਅਨੁਸੂਚਿਤ ਜਾਤੀਆਂ ਕਮਿਸ਼ਨ ਵੱਲੋਂ ਸ੍ਰੀ ਮੁਕਤਸਰ ਸਾਹਿਬ ਦੇ ਪਿੰਡ ਝੋਰੜ ਵਿਚ ਦੋ ਦਲਿਤ ਨੌਜਵਾਨਾਂ ਨੂੰ ਰੱਸੀ ਨਾਲ ਬੰਨ੍ਹ ਕੇ ਖੇਤਾਂ ਵਿਚ ਘੜੀਸਣ ਦੇ ਮਾਮਲੇ ਵਿਚ ਸੂ ਮੋਟੋ ਨੋਟਿਸ ਲਿਆ ਹੈ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਪੰਜਾਬ ਰਾਜ ਅਨੁਸੂਚਿਤ ਜਾਤੀਆਂ ਕਮਿਸ਼ਨ ਦੇ ਚੇਅਰਮੈਨ ਜਸਵੀਰ ਸਿੰਘ ਗੜ੍ਹੀ ਨੇ ਦੱਸਿਆ ਕਿ ਇਹ ਮਾਮਲਾ ਅਖ਼ਬਾਰ ਵਿਚ ਛਪੀ ਖ਼ਬਰ ਰਾਹੀਂ ਉਨ੍ਹਾਂ ਦੇ ਧਿਆਨ ਵਿੱਚ ਆਇਆ ਹੈ ਜਿਸ ਤੇ ਕਮਿਸ਼ਨ ਵਲੋਂ ਸੂ ਮੋਟੋ ਨੋਟਿਸ ਲੈਂਦਿਆਂ ਐਸ.ਐਸ.ਪੀ. ਸ੍ਰੀ ਮੁਕਤਸਰ ਸਾਹਿਬ ਤੋਂ ਐਸ.ਪੀ.ਹੈਡਕੁਆਟਰ ਸ੍ਰੀ ਮੁਕਤਸਰ ਸਾਹਿਬ ਰਾਹੀਂ 9 ਜੂਨ ਨੂੰ ਰਿਪੋਰਟ ਤਲਬ ਕੀਤੀ ਗਈ ਹੈ।

# ਪੰਜਾਬ ਮੰਡੀ ਬੋਰਡ ਵੱਲੋਂ 'ਆਲ ਇੰਡੀਆ ਸਟੇਟ ਐਗਰੀਕਲਚਰਲ ਮਾਰਕੀਟਿੰਗ ਬੋਰਡ ਟੀ-20 ਕ੍ਰਿਕਟ ਟੂਰਨਾਮੈਂਟ' ਦਾ ਆਗਾਜ਼

## ਚੇਅਰਮੈਨ ਹਰਚੰਦ ਸਿੰਘ ਬਰਸਟ ਵੱਲੋਂ ਵੱਖ-ਵੱਖ ਰਾਜਾਂ ਤੋਂ ਪਹੁੰਚੀਆਂ ਟੀਮਾਂ ਦਾ ਨਿੱਘਾ ਸਵਾਗਤ

ਚੰਡੀਗੜ੍ਹ, 7 ਜੂਨ (ਚ.ਨ.ਸ.): ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਹਰਚੰਦ ਸਿੰਘ ਬਰਸਟ ਦੀ ਰਹਿਨੁਮਾਈ ਹੇਠ 'ਆਲ ਇੰਡੀਆ ਸਟੇਟ ਐਗਰੀਕਲਚਰਲ ਮਾਰਕੀਟਿੰਗ ਬੋਰਡ ਟੀ-20 ਕ੍ਰਿਕਟ ਟੂਰਨਾਮੈਂਟ 2026 ਸੀਜ਼ਨ-2 ਦਾ ਆਯੋਜਨ ਕੀਤਾ ਜਾ ਰਿਹਾ ਹੈ, ਜਿਸ ਵਿੱਚ ਦੇਸ਼ ਭਰ ਦੇ ਵੱਖ-ਵੱਖ ਰਾਜਾਂ ਦੇ ਐਗਰੀਕਲਚਰਲ ਮਾਰਕੀਟਿੰਗ ਬੋਰਡਾਂ ਦੀਆਂ ਟੀਮਾਂ ਵੱਲੋਂ ਭਾਗ ਲਿਆ ਜਾ ਰਿਹਾ ਹੈ। ਇਸ ਟੂਰਨਾਮੈਂਟ ਵਿੱਚ ਪੰਜਾਬ ਸਟੇਟ ਐਗਰੀਕਲਚਰਲ ਮਾਰਕੀਟਿੰਗ ਬੋਰਡ, ਹਰਿਆਣਾ ਸਟੇਟ ਐਗਰੀਕਲਚਰਲ ਮਾਰਕੀਟਿੰਗ ਬੋਰਡ, ਹਿਮਾਚਲ ਪ੍ਰਦੇਸ਼ ਸਟੇਟ ਐਗਰੀਕਲਚਰਲ ਮਾਰਕੀਟਿੰਗ ਬੋਰਡ, ਉਤਰਾਖੰਡ ਸਟੇਟ ਐਗਰੀਕਲਚਰਲ ਮਾਰਕੀਟਿੰਗ ਬੋਰਡ, ਦਿੱਲੀ ਐਗਰੀਕਲਚਰਲ ਮਾਰਕੀਟਿੰਗ ਬੋਰਡ ਦੀਆਂ ਟੀਮਾਂ ਭਾਗ ਲੈਣ ਪਹੁੰਚੀਆਂ ਹਨ। 7 ਜੂਨ ਤੋਂ 12 ਜੂਨ ਤੱਕ ਚੱਲਣ ਵਾਲੇ ਇਸ ਟੂਰਨਾਮੈਂਟ ਦੀ ਰਸਮੀ ਸ਼ੁਰੂਆਤ ਤੋਂ ਪਹਿਲਾਂ ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਹਰਚੰਦ ਸਿੰਘ ਬਰਸਟ ਵੱਲੋਂ ਕਿਸਾਨ ਭਵਨ, ਚੰਡੀਗੜ੍ਹ ਵਿਖੇ ਸਾਰੀਆਂ ਟੀਮਾਂ ਦੇ ਖਿਡਾਰੀਆਂ ਨਾਲ ਵਿਸ਼ੇਸ਼ ਡਿਨਰ ਦਾ ਆਯੋਜਨ ਕੀਤਾ ਗਿਆ। ਇਸ ਦੌਰਾਨ ਦੇਸ਼ ਭਰ ਤੋਂ ਪਹੁੰਚੀਆਂ ਵੱਖ-ਵੱਖ ਰਾਜਾਂ ਦੀਆਂ ਟੀਮਾਂ ਦੇ ਖਿਡਾਰੀਆਂ ਤੇ ਅਧਿਕਾਰੀਆਂ




ਦਾ ਨਿੱਘਾ ਸਵਾਗਤ ਕੀਤਾ ਗਿਆ। ਇਸ ਮੌਕੇ ਬਰਸਟ ਨੇ ਟੂਰਨਾਮੈਂਟ ਵਿੱਚ ਭਾਗ ਲੈਣ ਵਾਲੀਆਂ ਸਾਰੀਆਂ ਟੀਮਾਂ ਤੇ ਖਿਡਾਰੀਆਂ ਨੂੰ ਗੁਲਦਸਤੇ ਦੇ ਕੇ ਉਹਨਾਂ ਦਾ ਸਵਾਗਤ ਕੀਤਾ ਤੇ ਉਹਨਾਂ ਨਾਲ ਮੁਲਾਕਾਤ ਕੀਤੀ। ਇਸਦੇ ਨਾਲ ਹੀ ਟੂਰਨਾਮੈਂਟ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਨ ਲਈ ਵੀ ਸਾਰੇ ਖਿਡਾਰੀਆਂ ਦਾ ਹੌਸਲਾ ਵਧਾਇਆ।

ਇਸ ਦੌਰਾਨ ਆਪਣੇ ਸੰਬੋਧਨ ਵਿੱਚ ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਨੇ ਖੇਡਾਂ ਦੀ ਮਹੱਤਤਾ 'ਤੇ ਵਿਸ਼ੇਸ਼ ਜ਼ੋਰ ਦਿੱਤਾ। ਉਨ੍ਹਾਂ ਦੱਸਿਆ ਕਿ ਪੰਜਾਬ ਮੰਡੀ ਬੋਰਡ ਵੱਲੋਂ ਬੱਚਿਆਂ ਨੂੰ ਖੇਡਾਂ ਨਾਲ ਜੋੜਣ ਲਈ ਆਫ ਸੀਜਨ ਦੌਰਾਨ ਪੰਜਾਬ ਰਾਜ ਦੀਆਂ ਮੰਡੀਆਂ ਨੂੰ ਇਨਡੋਰ ਸਟੇਡੀਅਮ ਵਜੋਂ ਖੋਲਿਆ ਗਿਆ ਹੈ, ਜਿੱਥੇ ਮੁਫ਼ਤ ਵਿੱਚ ਕੋਚਿੰਗ ਦਿੱਤੀ ਜਾਂਦੀ ਹੈ। ਇਸਦੇ ਤਹਿਤ ਮਲੋਟ ਵਿਖੇ ਬਾਸਕਿਟ ਬਾਲ, ਸ੍ਰੀ ਮੁਕਤਸਰ ਸਾਹਿਬ ਵਿਖੇ ਬੈਡਮਿੰਟਨ, ਸੁਲਤਾਨਪੁਰ ਲੋਧੀ ਵਿਖੇ ਬਾਸਕਿਟ ਬਾਲ ਅਤੇ ਰਾਮਪੁਰਾ ਫੂਲ ਮੰਡੀ ਵਿਖੇ ਬੱਚਿਆਂ ਨੂੰ ਸਕੇਟਿੰਗ ਵੀ ਸਿਖਾਈ ਜਾਂਦੀ ਹੈ। ਬਰਸਟ ਨੇ ਕਿਹਾ ਕਿ ਖੇਡਾਂ ਸਾਡੇ ਜੀਵਨ ਦਾ ਇੱਕ ਅਹਿਮ ਹਿੱਸਾ ਹਨ ਅਤੇ ਇਹ ਸਾਨੂੰ ਅਨੁਸ਼ਾਸਨ, ਸਮਾਂ ਪ੍ਰਬੰਧਨ ਤੇ ਟੀਮ ਭਾਵਨਾ ਸਿਖਾਉਂਦੀਆਂ ਹਨ। ਉਨ੍ਹਾਂ ਕਿਹਾ ਕਿ ਖੇਡਾਂ ਅੱਜ ਦੀ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰੱਖਣ ਅਤੇ ਤੰਦਰੁਸਤ ਜੀਵਨ ਜਿਉਣ ਲਈ ਬਹੁਤ ਜਰੂਰੀ ਹਨ। ਡਿਊਟੀ ਦੇ ਨਾਲ-ਨਾਲ ਖੇਡਾਂ ਵਿੱਚ ਭਾਗ ਲੈਣਾ ਬਹੁਤ ਹੀ ਜ਼ਰੂਰੀ ਹੈ। ਰੋਜ਼ਾਨਾ ਦੇ ਰੁਝੇਵਿਆਂ ਦੇ ਵਿਚਕਾਰ ਖੇਡਾਂ ਹੀ ਇੱਕ ਅਜਿਹਾ ਸਾਧਨ ਹਨ, ਜੋ ਇਨਸਾਨ ਨੂੰ ਮਾਨਸਿਕ ਤੇ ਸਰੀਰਕ ਤੌਰ 'ਤੇ ਤਰੋਤਾਜ਼ਾ ਰੱਖਦੀਆਂ ਹਨ। ਜਦੋਂ ਸਾਡਾ ਸਰੀਰ ਤੇ ਦਿਮਾਗ ਤੰਦਰੁਸਤ ਹੋਵੇਗਾ, ਤਾਂ ਹੀ ਅਸੀਂ ਆਪਣੇ ਕਾਰਜਾਂ ਤੇ ਜਨਤਕ ਸੇਵਾਵਾਂ ਨੂੰ ਬਿਹਤਰ ਤਰੀਕੇ ਨਾਲ ਕਰ ਸਕਾਂਗੇ। ਬਰਸਟ ਨੇ ਖੁਸ਼ੀ ਪ੍ਰਗਟਾਈ ਕਿ ਅਜਿਹੇ ਰਾਸ਼ਟਰੀ ਪੱਧਰ ਦੇ ਟੂਰਨਾਮੈਂਟਾਂ ਨਾਲ ਦੇਸ਼ ਦੇ ਵੱਖ-ਵੱਖ ਸੂਬਿਆਂ ਤੋਂ ਆਏ ਕਰਮਚਾਰੀਆਂ ਤੇ ਅਧਿਕਾਰੀਆਂ ਨੂੰ ਇੱਕ-ਦੂਜੇ ਦੇ ਸੱਭਿਆਚਾਰ ਨੂੰ ਸਮਝਣ ਅਤੇ ਆਪਸੀ ਭਾਈਚਾਰਕ ਸਾਂਝ ਨੂੰ ਮਜ਼ਬੂਤ ਕਰਨ ਦਾ ਮੌਕਾ ਮਿਲਦਾ ਹੈ। ਉਨ੍ਹਾਂ ਕਿਹਾ ਕਿ ਇਹ ਟੀ-20 ਕ੍ਰਿਕਟ ਟੂਰਨਾਮੈਂਟ 12 ਜੂਨ ਤੱਕ ਚੱਲੇਗਾ। ਪੰਜਾਬ ਮੰਡੀ ਬੋਰਡ ਵੱਲੋਂ ਟੂਰਨਾਮੈਂਟ ਨੂੰ ਸਫ਼ਲ ਬਣਾਉਣ ਲਈ ਪੁਖ਼ਤਾ ਪ੍ਰਬੰਧ ਕੀਤੇ ਗਏ ਹਨ। ਕਿਸਾਨ ਭਵਨ ਵਿਖੇ ਹੋਏ ਇਸ ਸਮਾਗਮ ਦੌਰਾਨ ਪੰਜਾਬ ਮੰਡੀ ਬੋਰਡ ਦੇ ਉੱਚ ਅਧਿਕਾਰੀ ਤੇ ਕਰਮਚਾਰੀ ਵੀ ਮੌਜੂਦ ਰਹੇ।

## ਸੰਪਾਦਕੀ

# ਕਦੋਂ ਤੱਕ ਨੌਜਵਾਨਾਂ ਦੇ ਸੁਪਨਿਆਂ ਨਾਲ ਖੇਡੇਗਾ ਸਿਸਟਮ ?

ਦਿੱਲੀ ਦੇ ਜੰਤਰ-ਮੰਤਰ 'ਤੇ ਇੱਕ ਵਾਰ ਫਿਰ ਦੇਸ਼ ਦੇ ਨੌਜਵਾਨਾਂ, ਵਿਦਿਆਰਥੀਆਂ ਅਤੇ ਚਿੰਤਤ ਮਾਪਿਆਂ ਦਾ ਇਕੱਠ ਇਸ ਗੱਲ ਦੀ ਗਵਾਹੀ ਭਰ ਰਿਹਾ ਹੈ ਕਿ ਹੁਣ ਹਾਕਮਾਂ ਦੀਆਂ ਨੀਤੀਆਂ ਅਤੇ ਸਿਸਟਮ ਦੇ ਖੋਖਲੇਪਣ ਖ਼ਿਲਾਫ਼ ਦੇਸ਼ ਦੀ ਜਵਾਨੀ ਦਾ ਸਬਰ ਹੱਦਾਂ-ਬੰਨ੍ਹੇ ਤੋੜ ਚੁੱਕਾ ਹੈ। ਪ੍ਰੀਖਿਆਵਾਂ ਵਿੱਚ ਲਗਾਤਾਰ ਹੋ ਰਹੀਆਂ ਕਥਿਤ ਬੇਨਿਯਮੀਆਂ, ਯੋਜਨਾਬੱਧ ਤਰੀਕੇ ਨਾਲ ਹੁੰਦੇ ਪੇਪਰ ਲੀਕ ਅਤੇ ਭਰਤੀ ਪ੍ਰਕਿਰਿਆਵਾਂ ਵਿੱਚ ਮਹੀਨਿਆਂ-ਸਾਲਾਂ ਦੀ ਦੇਰੀ ਦੇ ਖ਼ਿਲਾਫ਼ 'ਕਾਕਰੋਚ ਜਨਤਾ ਪਾਰਟੀ' (CJP) ਦੇ ਬੈਨਰ ਹੇਠ ਹੋਇਆ ਇਹ ਵਿਸ਼ਾਲ ਪ੍ਰਦਰਸ਼ਨ ਕੋਈ ਆਮ ਸਿਆਸੀ ਰੈਲੀ ਨਹੀਂ ਹੈ। ਇਹ ਦੇਸ਼ ਦੀ ਸੜ ਚੁੱਕੀ ਸਿੱਖਿਆ ਅਤੇ ਪ੍ਰੀਖਿਆ ਪ੍ਰਣਾਲੀ ਦੇ ਮੂੰਹ 'ਤੇ ਇੱਕ ਜ਼ੋਰਦਾਰ ਚਪੇੜ ਹੈ। ਅਭਿਜੀਤ ਦਿਪਕੇ ਅਤੇ ਮਸ਼ਹੂਰ ਵਾਤਾਵਰਣ ਪ੍ਰੇਮੀ ਸੋਨਮ ਵਾਂਗਚੁਕ ਦੀ ਅਗਵਾਈ ਵਿੱਚ ਉੱਤਰੇ ਇਸ ਰੋਸ-ਮਾਰਚ ਨੇ ਸਿੱਖਿਆ ਮੰਤਰੀ ਧਰਮੇਂਦਰ ਪ੍ਰਧਾਨ ਦੇ ਅਸਤੀਫੇ ਦੀ ਸਿੱਧੀ ਮੰਗ ਕਰਕੇ ਕੇਂਦਰ ਸਰਕਾਰ ਨੂੰ ਨੈਤਿਕਤਾ ਦੇ ਕਟਹਿਰੇ ਵਿੱਚ ਖੜ੍ਹਾ ਕਰ ਦਿੱਤਾ ਹੈ। ਅੱਜ ਦਾ ਸਭ ਤੋਂ ਵੱਡਾ ਸਵਾਲ ਇਹ ਹੈ ਕਿ ਦੇਸ਼ ਦਾ ਨੌਜਵਾਨ ਆਖਰ ਕਦੋਂ ਤੱਕ ਸਿਸਟਮ ਦੀਆਂ ਨਾਕਾਮੀਆਂ ਦੀ ਬਲੀ ਚੜ੍ਹਦਾ ਰਹੇਗਾ? ਇੱਕ ਆਮ ਪਰਿਵਾਰ ਦਾ ਬੱਚਾ ਦਿਨ-ਰਾਤ ਇੱਕ ਕਰਕੇ, ਪੇਟ ਕੱਟ ਕੇ, ਮਹਿੰਗੀਆਂ ਕੋਚਿੰਗਾਂ ਦੀ ਫੀਸ ਭਰ ਕੇ NEET, CUET, CBSE ਅਤੇ SSC ਵਰਗੀਆਂ ਵੱਡੀਆਂ ਪ੍ਰਤੀਯੋਗੀ ਪ੍ਰੀਖਿਆਵਾਂ ਦੀ ਤਿਆਰੀ ਕਰਦਾ ਹੈ। ਪਰ ਜਦੋਂ ਪ੍ਰੀਖਿਆ ਦੇ ਹਾਲ ਵਿੱਚੋਂ ਬਾਹਰ ਆਉਂਦਿਆਂ ਹੀ ਜਾਂ ਨਤੀਜਿਆਂ ਵੇਲੇ ਪੇਪਰ ਲੀਕ ਅਤੇ ਤਕਨੀਕੀ ਘੁਟਾਲਿਆਂ ਦੀਆਂ ਖ਼ਬਰਾਂ ਸਾਹਮਣੇ ਆਉਂਦੀਆਂ ਹਨ, ਤਾਂ ਸਿਰਫ਼ ਇੱਕ ਪੇਪਰ ਲੀਕ ਨਹੀਂ ਹੁੰਦਾ, ਬਲਕਿ ਲੱਖਾਂ ਹੋਣਹਾਰ ਨੌਜਵਾਨਾਂ ਦੇ ਸੁਪਨੇ, ਉਨ੍ਹਾਂ ਦੇ ਮਾਪਿਆਂ ਦੀ ਉਮੀਦ ਅਤੇ ਦੇਸ਼ ਦਾ ਭਵਿੱਖ ਲੀਕ ਹੋ ਜਾਂਦਾ ਹੈ।

ਮੈਂ ਹੂੰ ਕਾਕਰੋਚ (ਮੈਂ ਹਾਂ ਕਾਕਰੋਚ) ਵਰਗੇ ਅਨੋਖੇ ਨਾਅਰੇ ਅਤੇ ਕਾਕਰੋਚ ਦੇ ਮਾਸਕ ਪਹਿਨ ਕੇ ਕੀਤਾ ਗਿਆ ਇਹ ਪ੍ਰਦਰਸ਼ਨ ਸੱਤਾ ਦੇ ਗਲਿਆਰਿਆਂ ਨੂੰ ਇੱਕ ਬਹੁਤ ਹੀ ਡੂੰਘਾ ਅਤੇ ਤਿੱਖਾ ਸੁਨੇਹਾ ਦੇ ਰਿਹਾ ਹੈ। ਕਾਕਰੋਚ ਉਸ ਜੀਵ ਦਾ ਪ੍ਰਤੀਕ ਹੈ ਜੋ ਸਭ ਤੋਂ ਗੰਦੀਆਂ ਥਾਵਾਂ 'ਤੇ ਵੀ ਜ਼ਿੰਦਾ ਰਹਿ ਸਕਦਾ ਹੈ। ਨੌਜਵਾਨ ਇਹ ਦਰਸਾ ਰਹੇ ਹਨ ਕਿ ਸਿਸਟਮ ਨੇ ਉਨ੍ਹਾਂ ਨੂੰ ਕੀੜੇ-ਮਕੌੜੇ ਸਮਝ ਲਿਆ ਹੈ, ਪਰ ਹੁਣ ਉਹ ਇਸ ਭ੍ਰਿਸ਼ਟਾਚਾਰ ਦੀ 'ਗੰਦਗੀ' ਨੂੰ ਸਾਫ਼ ਕਰਨ ਲਈ ਖੁਦ ਸੜਕਾਂ 'ਤੇ ਉੱਤਰ ਆਏ ਹਨ। ਸੰਗਠਨ ਵੱਲੋਂ ਸਰਕਾਰ ਨੂੰ ਦਿੱਤਾ ਗਿਆ ਇੱਕ ਹਫ਼ਤੇ ਦਾ ਅਲਟੀਮੇਟਮ ਅਤੇ ਦੇਸ਼ ਵਿਆਪੀ ਅੰਦੋਲਨ (ਪੈਨ-ਇੰਡੀਆ ਅਜੀਟੇਸ਼ਨ) ਦੀ ਚੇਤਾਵਨੀ ਇਹ ਸਾਫ਼ ਕਰਦੀ ਹੈ ਕਿ ਇਹ ਚੰਗਿਆੜੀ ਹੁਣ ਸਿਰਫ਼ ਦਿੱਲੀ ਤੱਕ ਮਹਿਦੂਦ ਨਹੀਂ ਰਹਿਣ ਵਾਲੀ। ਇਸ ਦੇ ਉਲਟ, ਜਿਸ ਤਰ੍ਹਾਂ ਕੇਂਦਰ ਸਰਕਾਰ ਨੇ ਇਸ ਵਿਰੋਧ ਪ੍ਰਦਰਸ਼ਨ ਦੀ ਹਵਾ ਕੱਢਣ ਲਈ ਉਸੇ ਦਿਨ ਇੱਕ ਸਮਾਨਾਂਤਰ 'ਯੂਥ ਈਵੈਂਟ' (ਨੌਜਵਾਨ ਸੰਮੇਲਨ) ਦਾ ਆਯੋਜਨ ਕੀਤਾ, ਉਹ ਬੇਹੱਦ ਮੰਦਭਾਗਾ ਹੈ। ਇਹ ਸਰਕਾਰ ਦੀ ਅਸਲ ਮੁੱਦਿਆਂ ਤੋਂ ਧਿਆਨ ਭਟਕਾਉਣ ਅਤੇ ਨੌਜਵਾਨਾਂ ਦੀ ਆਵਾਜ਼ ਨੂੰ ਦਬਾਉਣ ਦੀ ਕੋਸ਼ਿਸ਼ ਨੂੰ ਨੰਗਾ ਕਰਦਾ ਹੈ। ਪਰ ਸਰਕਾਰ ਨੂੰ ਇਹ ਯਾਦ ਰੱਖਣਾ ਚਾਹੀਦਾ ਹੈ ਕਿ ਤਮਾਸ਼ਿਆਂ ਨਾਲ ਰੁਜ਼ਗਾਰ ਅਤੇ ਇਨਸਾਫ਼ ਨਹੀਂ ਮਿਲਦਾ। ਅੱਜ ਨੌਜਵਾਨਾਂ ਦੀ ਨਾਰਾਜ਼ਗੀ ਸਿਰਫ਼ ਇੱਕ ਪੇਪਰ ਲੀਕ ਹੋਣ ਤੱਕ ਸੀਮਤ ਨਹੀਂ ਹੈ, ਬਲਕਿ ਇਹ ਦੇਸ਼ ਵਿੱਚ ਵਧ ਰਹੀ ਬੇਰੁਜ਼ਗਾਰੀ, ਪਾਰਦਰਸ਼ਤਾ ਦੀ ਕਮੀ ਅਤੇ ਸੱਤਾਧਾਰੀਆਂ ਦੀ ਬੇਰੁਖ਼ੀ ਖ਼ਿਲਾਫ਼ ਇੱਕ ਸਮੂਹਿਕ ਵਿਦਰੋਹ ਹੈ। ਜੇਕਰ ਦੇਸ਼ ਦੇ ਸਭ ਤੋਂ ਬੁੱਧੀਮਾਨ ਅਤੇ ਮਿਹਨਤੀ ਵਰਗ ਨੂੰ ਆਪਣੀ ਡਿਗਰੀਆਂ ਹੱਥਾਂ ਵਿੱਚ ਫੜ ਕੇ ਸੜਕਾਂ 'ਤੇ ਪੁਲਿਸ ਦੀਆਂ ਲਾਠੀਆਂ ਖਾਣੀਆਂ ਪੈਣਗੀਆਂ, ਤਾਂ 'ਵਿਕਸਿਤ ਭਾਰਤ' ਅਤੇ 'ਨਿਊ ਇੰਡੀਆ' ਦੇ ਸਾਰੇ ਦਾਅਵੇ ਸਿਰਫ਼ ਹਵਾਈ ਹਵਾਈ ਅਤੇ ਖੋਖਲੇ ਸਾਬਤ ਹੁੰਦੇ ਹਨ। ਹੁਣ ਸਮਾਂ ਟਾਲ-ਮਟੋਲ ਕਰਨ ਜਾਂ ਜਾਂਚ ਕਮੇਟੀਆਂ ਦੇ ਪਿੱਛੇ ਲੁਕਣ ਦਾ ਨਹੀਂ ਹੈ। ਸਰਕਾਰ ਨੂੰ ਤੁਰੰਤ ਆਪਣੀ ਜ਼ਿੰਮੇਵਾਰੀ ਕਬੂਲਣੀ ਪਵੇਗੀ। ਪ੍ਰੀਖਿਆ ਪ੍ਰਣਾਲੀ ਵਿੱਚ ਆਮੂਲ-ਚੂਲ ਸੁਧਾਰ (Reforms), ਸਖ਼ਤ ਕਾਨੂੰਨ ਅਤੇ ਤੁਰੰਤ ਜਵਾਬਦੇਹੀ ਤੈਅ ਕਰਨੀ ਪਵੇਗੀ, ਤਾਂ ਜੋ ਦੇਸ਼ ਦੇ ਨੌਜਵਾਨਾਂ ਦਾ ਟੁੱਟ ਚੁੱਕਾ ਭਰੋਸਾ ਬਹਾਲ ਹੋ ਸਕੇ। ਜੇਕਰ ਹੁਣ ਵੀ ਹਾਕਮਾਂ ਦੀ ਨੀਂਦ ਨਾ ਖੁੱਲ੍ਹੀ ਤਾਂ ਜੰਤਰ-ਮੰਤਰ ਤੋਂ ਉੱਠਿਆ ਇਹ ਤੂਫ਼ਾਨ ਪੂਰੇ ਮੁਲਕ ਦੀ ਸਿਆਸਤ ਦਾ ਤਖ਼ਤਾ ਪਲਟਣ ਦਾ ਦਮ ਰੱਖਦਾ ਹੈ।

**-ਜਗਜੀਤ ਸਿੰਘ ਦਰਦੀ**

## ਪੰਜਾਬ ਵਿੱਚ ਆਉਣ ਵਾਲੇ ਦਿਨਾਂ ਦੀ ਰਾਜਨੀਤਿਕ ਸ਼ਤਰੰਜ

# ਕਾਂਗਰਸ ਤੇ ਆਪ ਨੂੰ ਰੋਕਣ ਵਾਸਤੇ ਭਾਜਪਾ-ਅਕਾਲੀ ਦਲ ਫ਼ੇਰ ਇਕੱਠੇ ਹੋਣਗੇ



ਪ੍ਰੋ. ਡਾ. ਕ੍ਰਿਸ਼ਨ ਕੁਮਾਰ ਰੱਤੂ
ਮੋ: 9478730156
ਉੱਘੇ ਲੇਖਕ ਤੇ ਮੀਡੀਆ ਵਿਸ਼ਲੇਸ਼ਕ

ਅੱਜ ਪੰਜਾਬ ਇੱਕ ਵਾਰ ਫ਼ੇਰ ਵੋਟਾਂ ਦੀ ਸ਼ਤਰੰਜ ਵਿੱਚ ਦੋਰਾਹੇ 'ਤੇ ਖੜ੍ਹਾ ਹੈ ਪਰੰਤੂ ਹੁਣ ਲੱਗ ਰਿਹਾ ਹੈ ਕਿ ਆਪ ਤੇ ਕਾਂਗਰਸ ਨੂੰ ਰੋਕਣ ਵਾਸਤੇ ਸ਼੍ਰੋਮਣੀ ਅਕਾਲੀ ਦਲ ਤੇ ਭਾਜਪਾ ਇਕੱਠੇ ਆ ਸਕਦੇ ਹਨ। ਇਸ ਬਾਰੇ ਕਿਆਸ ਅਰਾਈਆਂ ਤੇ ਅੰਦਰਲਾ ਸੱਚ ਵੀ ਸਾਹਮਣੇ ਆਉਣ ਲੱਗਾ ਹੈ।

ਅੱਜ ਰਾਜਨੀਤੀ ਵਿੱਚ ਤਿੱਖੀਆਂ ਚਾਲਾਂ, ਗਠਜੋੜਾਂ ਦੀ ਖੇਡ ਅਤੇ ਵੋਟਾਂ ਦੀ ਬਦਲਦੀ ਗਿਣਤੀ ਪੰਜਾਬ ਦੀ ਰਾਜਨੀਤੀ ਇੱਕ ਗਹਿਰੀ ਸ਼ਤਰੰਜ ਬਣ ਚੁੱਕੀ ਹੈ, ਜਿੱਥੇ ਵੋਟਾਂ ਦੀਆਂ ਗੋਟੀਆਂ ਪਲ-ਪਲ ਬਦਲ ਰਹੀਆਂ ਹਨ ਅਤੇ ਧੜਿਆਂ ਦੀਆਂ ਚਾਲਾਂ ਇੱਕ ਦੂਜੇ ਨੂੰ ਠਿੱਬੀ ਲਾਉਣ ਲਈ ਤਿਆਰ ਹਨ। 2017 ਤੋਂ ਪਹਿਲਾਂ ਰਾਜਨੀਤੀ ਬਾਦਲ-ਭਾਜਪਾ ਗਠਜੋੜ ਅਤੇ ਕਾਂਗਰਸ ਵਿਚਕਾਰ ਸੀਮਤ ਸੀ, ਪਰ ਹੁਣ ਚਾਰ-ਧਿਰੀ ਲੜਾਈ ਵਿੱਚ ਖੇਡ ਬਦਲ ਗਈ ਹੈ। ਅੱਜ ਕੈਪਟਨ ਅਮਰਿੰਦਰ ਸਿੰਘ ਨੇ ਆਪਣੀਆਂ ਗੋਟੀਆਂ ਭਾਜਪਾ ਵਿੱਚ ਬਿਠਾ ਲਈਆਂ ਹਨ ਅਤੇ ਖੁੱਲ੍ਹ ਕੇ ਭਾਜਪਾ-ਅਕਾਲੀ ਗਠਜੋੜ ਦੀ ਵਕਾਲਤ ਕਰ ਰਹੇ ਹਨ। ਅੱਜ ਇਹ ਗਠਜੋੜ ਬਣਿਆ ਤਾਂ ਪੰਜਾਬ ਲਈ ਵੱਡਾ ਭੂਚਾਲ ਹੋਵੇਗਾ - ਕੇਂਦਰੀ ਫੰਡਾਂ ਅਤੇ ਏਜੰਸੀਆਂ ਦਾ ਪੂਰਾ ਸਹਿਯੋਗ ਮਿਲੇਗਾ, ਪਰ ਇਸ ਨਾਲ ਖੇਤੀ, ਧਰਮ ਅਤੇ ਲੋਕਾਂ ਦੀਆਂ ਭਾਵਨਾਵਾਂ ਵੀ ਭੜਕ ਸਕਦੀਆਂ ਹਨ। ਇਥੇ ਅਸੀਂ ਅੰਕੜਿਆਂ ਅਤੇ ਤੱਥਾਂ ਨਾਲ ਇਸ ਤਿੱਖੀ ਖੇਡ ਨੂੰ ਖੋਲ੍ਹ ਕੇ ਵੇਖ ਸਕਦੇ ਹਾਂ।

**2017 ਤੋਂ ਪਹਿਲਾਂ ਦੀ ਬਾਜ਼ੀ ਅਤੇ ਟੁੱਟਣ ਵਾਲਿਆਂ ਗਠਜੋੜਾਂ**: 1997 ਤੋਂ 2012 ਤੱਕ ਭਾਜਪਾ-ਅਕਾਲੀ ਗਠਜੋੜ ਨੇ ਪੰਜਾਬ ਉੱਤੇ ਰਾਜ ਕੀਤਾ। 2012 ਵਿਧਾਨ ਸਭਾ ਚੋਣਾਂ ਵਿੱਚ ਅਕਾਲੀ ਦਲ ਨੇ ਲਗਭਗ 34-35% ਵੋਟ ਸ਼ੇਅਰ ਨਾਲ ਬਹੁਤ ਵੱਡੀ ਭੂਮਿਕਾ ਨਿਭਾਈ ਸੀ। ਪਰ ਭ੍ਰਿਸ਼ਟਾਚਾਰ, ਨਸ਼ਿਆਂ ਦੀ ਲਹਿਰ ਅਤੇ ਖੇਤੀ ਸੰਕਟ ਨੇ ਲੋਕਾਂ ਵਿੱਚ ਗੁੱਸਾ ਭਰ ਦਿੱਤਾ। 2017 ਵਿੱਚ ਇਹ ਗਠਜੋੜ ਬੁਰੀ ਤਰ੍ਹਾਂ ਟੁੱਟਿਆ। 2017 ਚੋਣਾਂ ਦੇ ਅੰਕੜੇ (ਵੋਟ ਸ਼ੇਅਰ): ਕਾਂਗਰਸ: 38.5% ਵੋਟਾਂ ਨਾਲ 77 ਸੀਟਾਂ

ਅਕਾਲੀ ਦਲ: 25.2% ਵੋਟਾਂ ਨਾਲ 15 ਸੀਟਾਂ ਆਪ 23.7% ਵੋਟਾਂ ਨਾਲ 20 ਸੀਟਾਂ ਅਤੇ ਭਾਜਪਾ 5.4% ਵੋਟਾਂ ਨਾਲ 3 ਸੀਟਾਂ 'ਤੇ ਸੀ।

ਉਦੋਂ ਕੈਪਟਨ ਅਮਰਿੰਦਰ ਸਿੰਘ ਦੀ ਲੀਡਰਸ਼ਿਪ ਨੇ ਕਾਂਗਰਸ ਨੂੰ ਵਾਪਸੀ ਦਿਵਾਈ, ਪਰ ਇਸ ਤੋਂ ਬਾਅਦ ਪਾਰਟੀ ਅੰਦਰ ਫੁੱਟ (ਸਿੱਧੂ ਵਰਸੇਜ਼ ਕੈਪਟਨ) ਨੇ ਇਸ ਨੂੰ ਕਮਜ਼ੋਰ ਕਰ ਦਿੱਤਾ। ਕੈਪਟਨ 2021 ਵਿੱਚ ਪਾਰਟੀ ਛੱਡ ਕੇ ਆਪਣੀ ਪਾਰਟੀ ਬਣਾਉਣ ਤੋਂ ਬਾਅਦ ਭਾਜਪਾ ਵਿੱਚ ਸ਼ਾਮਲ ਹੋ ਗਏ ਅਤੇ ਹੁਣ ਉਹ ਭਾਜਪਾ ਲਈ ਗਠਜੋੜ ਦਾ ਸਭ ਤੋਂ ਵੱਡਾ ਸਮਰਥਕ ਹਨ। ਅੱਜ 2022 ਦੀ ਤਬਾਹੀ ਅਤੇ ਆਪ ਦੀ ਲਹਿਰ2022 ਵਿੱਚ ਆਪ ਨੇ ਇਤਿਹਾਸਕ ਬਦਲਾਅ ਲਿਆਂਦਾ। 2022 ਚੋਣਾਂ ਦੇ ਅੰਕੜੇ (ਵੋਟ ਸ਼ੇਅਰ) ਆਪ 42.01% ਵੋਟਾਂ ਨਾਲ 92 ਸੀਟਾਂ (ਵੱਡੀ ਲਹਿਰ) ਸੀ। ਕਾਂਗਰਸ 22.98% ਵੋਟਾਂ ਨਾਲ 18 ਸੀਟਾਂ (ਭਾਰੀ ਘਾਟਾ) ਤੇ ਅਕਾਲੀ ਦਲ 18.38% ਵੋਟਾਂ ਨਾਲ 3 ਸੀਟਾਂ (ਪਤਨ) ਭਾਜਪਾ 6.65% ਵੋਟਾਂ ਨਾਲ 2 ਸੀਟਾਂ ਆਪ ਨੇ ਯੁਵਕਾਂ, ਔਰਤਾਂ ਅਤੇ ਨਸ਼ਾ ਵਿਰੋਧੀ ਲਹਿਰ ਉੱਤੇ ਜਿੱਤ ਹਾਸਲ ਕੀਤੀ, ਪਰ ਸੱਤਾ ਵਿੱਚ ਆਉਣ ਤੋਂ ਬਾਅਦ ਬੇਰੁਜ਼ਗਾਰੀ, ਖੇਤੀ ਸੰਕਟ ਅਤੇ ਅੰਦਰੂਨੀ ਫੁੱਟ ਨੇ ਇਸ ਨੂੰ ਵੀ ਘੇਰ ਲਿਆ ਹੈ। ਅਕਾਲੀ ਦਲ ਤਾਂ ਲਗਭਗ ਖ਼ਤਮ ਹੋਣ ਵਾਲਾ ਹੋ ਗਿਆ ਸੀ। ਇਸ ਦਾ ਵੋਟ ਸ਼ੇਅਰ 25.2% ਤੋਂ ਘੱਟ ਕੇ 18.38% ਰਹਿ ਗਿਆ ਅਤੇ ਸੀਟਾਂ 15 ਤੋਂ ਘੱਟ ਕੇ 3 ਰਹਿ ਗਈਆਂ। ਭਾਜਪਾ ਅਰਬਨ ਖੇਤਰ ਵਿੱਚ ਸੀਮਤ ਰਹੀ।

ਅੱਜ ਮੌਜੂਦਾ ਤਿੱਖਾ ਸਮੀਕਰਨ ਅਤੇ ਕੈਪਟਨ ਦੀ ਚਾਲ 2026 ਵਿੱਚ ਖੜ੍ਹੇ ਹੋ ਕੇ ਵੇਖੀਏ ਤਾਂ ਕੈਪਟਨ ਅਮਰਿੰਦਰ ਸਿੰਘ ਭਾਜਪਾ ਵਿੱਚ ਸਰਗਰਮ ਹਨ ਅਤੇ ਖੁੱਲ੍ਹ ਕੇ ਆਖ ਰਹੇ ਹਨ ਕਿ ਭਾਜਪਾ ਇਕੱਲੀ ਨਹੀਂ ਜਿੱਤ ਸਕਦੀ, ਅਕਾਲੀਆਂ ਨਾਲ ਗਠਜੋੜ ਲਾਜ਼ਮੀ ਹੈ। ਅੱਜ ਉਨ੍ਹਾਂ ਅਨੁਸਾਰ ਭਾਜਪਾ ਨੂੰ ਗ੍ਰਾਮੀਣ ਖੇਤਰ ਵਿੱਚ ਜੜ੍ਹਾਂ ਫੈਲਾਉਣ ਲਈ 2-3 ਚੋਣਾਂ ਲੱਗਣਗੀਆਂ, ਇਸ ਲਈ ਗਠਜੋੜ ਹੀ ਇੱਕੋ ਰਾਹ ਹੈ।

ਅੱਜ ਇਹ ਗੱਲ ਭਾਜਪਾ ਲਈ ਤਿੱਖੀ ਚੁਣੌਤੀ ਵੀ ਹੈ ਕਿਉਂਕਿ ਖੇਤੀ ਕਾਨੂੰਨਾਂ ਵਾਲਾ ਜ਼ਖ਼ਮ ਅਜੇ ਤਾਜ਼ਾ ਹੈ। ਜੇ ਭਾਜਪਾ-ਅਕਾਲੀ ਗਠਜੋੜ ਬਣਿਆ ਤਾਂ ਇਸ ਨੂੰ ਕੇਂਦਰੀ ਸਰਕਾਰ ਦਾ ਪੂਰਾ ਸਹਿਯੋਗ ਮਿਲੇਗਾ। ਫੰਡ, ਯੋਜਨਾਵਾਂ ਅਤੇ ਏਜੰਸੀਆਂ ਦਾ ਵੀ। ਇਹ ਆਪ ਅਤੇ ਕਾਂਗਰਸ ਲਈ ਵੱਡਾ ਝਟਕਾ ਹੋਵੇਗਾ। ਪਰ ਅਕਾਲੀ ਦਲ ਵਿੱਚ ਫੁੱਟ (ਬਾਦਲ ਵਰਸੇਜ਼ ਹੋਰ ਧੜੇ) ਅਤੇ ਭਾਜਪਾ ਵਿੱਚ ਅੰਦਰੂਨੀ ਅਸੰਤੋਸ਼ ਇਸ ਗਠਜੋੜ ਨੂੰ ਰੋਕ ਵੀ ਸਕਦਾ ਹੈ।

ਅੱਜ ਵਰਤਮਾਨ ਸਰਵੇਖਣਾਂ ਅਤੇ ਅੰਕੜੇ (2026-27): ਕੁਝ ਸਰਵੇਖਣਾਂ ਵਿੱਚ ਕਾਂਗਰਸ 30% ਵੋਟ ਸ਼ੇਅਰ ਨਾਲ ਅੱਗੇ ਹੈ, ਆਪ 25%, ਅਕਾਲੀ 18%, ਭਾਜਪਾ 14%। ਸੀਟਾਂ ਦੀ ਗਿਣਤੀ ਵਿੱਚ ਕਾਂਗਰਸ 50+ ਸੀਟਾਂ ਤੱਕ ਪਹੁੰਚ ਸਕਦੀ ਹੈ, ਪਰ ਗਠਜੋੜ ਬਣਿਆ ਤਾਂ ਤੀਜੀ ਤਾਕਤ ਉਭਰ ਸਕਦੀ ਹੈ ਅਤੇ ਆਉਣ ਵਾਲੀਆਂ ਚੋਣਾਂ (2027) ਵਿੱਚ ਤਿੱਖੀਆਂ ਟੱਕਰਾਂ ਅਤੇ ਸੰਭਾਵਨਾਵਾਂ: 2027 ਵਿਧਾਨ ਸਭਾ ਚੋਣਾਂ ਵਿੱਚ ਚਾਰ ਧਿਰਾਂ ਵਿਚਾਲੇ ਲੜਾਈ ਤਿੱਖੀ ਹੋਵੇਗੀ।

ਅੱਜ ਭਾਜਪਾ-ਅਕਾਲੀ ਗਠਜੋੜ (ਕੈਪਟਨ ਫੈਕਟਰ) ਅਰਬਨ ਖੇਤਰ (ਭਾਜਪਾ, ਗ੍ਰਾਮੀਣ ਅਕਾਲੀ। ਕੈਪਟਨ ਵਰਗੇ ਤਜਰਬੇਕਾਰ ਆਗੂ ਇਸ ਨੂੰ ਮਜ਼ਬੂਤੀ ਦੇ ਸਕਦੇ ਹਨ। ਇਸ ਨਾਲ ਵਿਕਾਸ ਯੋਜਨਾਵਾਂ ਤੇਜ਼ ਹੋਣਗੀਆਂ, ਪਰ ਖੇਤੀ ਅਤੇ ਸਿੱਖ ਭਾਵਨਾਵਾਂ ਨੂੰ ਨੁਕਸਾਨ ਵੀ ਹੋ ਸਕਦਾ ਹੈ। ਅੱਜ ਕਾਂਗਰਸ ਦੀ ਵਾਪਸੀ ਜੇ ਅੰਦਰੂਨੀ ਏਕਤਾ ਬਣੀ ਤਾਂ 38.5% ਵਾਲੀ ਪੁਰਾਣੀ ਤਾਕਤ ਵਾਪਸ ਆ ਸਕਦੀ ਹੈ। ਲੋਕਾਂ ਵਿੱਚ ਆਪ ਵਿਰੋਧੀ ਲਹਿਰ ਇਸ ਨੂੰ ਲਾਭ ਦੇ ਸਕਦੀ ਹੈ। ਅੱਜ ਆਪ ਦਾ ਬਚਾਅ 42% ਵੋਟ ਸ਼ੇਅਰ ਬਰਕਰਾਰ ਰੱਖਣਾ ਔਖਾ ਹੈ। ਵਾਅਦਿਆਂ ਦੀ ਪੂਰਤੀ ਅਤੇ ਭ੍ਰਿਸ਼ਟਾਚਾਰ ਤੋਂ ਬਚਾਅ ਇਸ ਲਈ ਸਭ ਤੋਂ ਵੱਡੀ ਚੁਣੌਤੀ ਹੈ ਅਤੇ ਛੋਟੀਆਂ ਤਾਕਤਾਂ ਅਤੇ ਯੁਵਕ ਵੋਟ ਯੁਵਕ ਅਤੇ ਔਰਤ ਵੋਟਰ ਫੈਸਲਾ ਕਰਨਗੇ। ਸੋਸ਼ਲ ਮੀਡੀਆ ਇਸ ਵਾਰ ਵੀ ਵੱਡੀ ਭੂਮਿਕਾ ਨਿਭਾਵੇਗਾ।

ਅੱਜ ਇਸ ਗਠਜੋੜ ਦਾ ਪੰਜਾਬ ਲਈ ਵੱਡਾ ਅਸਰ ਹੋਵੇਗਾ। ਇੱਕ ਪਾਸੇ ਕੇਂਦਰ-ਰਾਜ ਤਾਲਮੇਲ ਨਾਲ ਉਦਯੋਗ, ਰੋਡ ਅਤੇ ਇਨਫਰਾਸਟਰਕਚਰ ਵਧੇਗਾ, ਦੂਜੇ ਪਾਸੇ ਰਾਜੀਆਂ ਅਤੇ ਖੇਤੀ ਲਾਭਾਰਥੀਆਂ ਵਿੱਚ ਨਾਰਾਜ਼ਗੀ ਵਧ ਸਕਦੀ ਹੈ। ਪਿਛਲੀਆਂ ਚੋਣਾਂ ਵਿੱਚ ਵੋਟ ਸ਼ੇਅਰ ਵਿੱਚ 15-20% ਦੀ ਤਬਦੀਲੀ ਨੇ ਸਭ ਕੁਝ ਬਦਲ ਦਿੱਤਾ ਸੀ - 2027 ਵਿੱਚ ਵੀ ਇਸ ਤੋਂ ਘੱਟ ਤਬਦੀਲੀ ਨਹੀਂ ਹੋਵੇਗੀ।

ਇਸ ਭਵਿੱਖ ਦੀ ਰਣਨੀਤੀ ਵਿੱਚ ਕੌਣ ਜਿੱਤੇਗਾ ਇਹ ਖੇਡ ?

ਅੱਜ ਪੰਜਾਬੀ ਲੋਕ ਵਿਕਾਸ, ਰੁਜ਼ਗਾਰ, ਨਸ਼ਾ ਮੁਕਤੀ ਅਤੇ ਖੇਤੀ ਸੁਧਾਰ ਚਾਹੁੰਦੇ ਹਨ। ਜਿਹੜੀ ਧਿਰ ਇਨ੍ਹਾਂ ਮੁੱਦਿਆਂ 'ਤੇ ਠੋਸ ਰਣਨੀਤੀ ਲੈ ਕੇ ਆਵੇਗੀ, ਉਹੀ ਜਿੱਤੇਗੀ। ਭਾਜਪਾ ਨੂੰ ਪੰਜਾਬੀਆਂ (ਖਾਸ ਕਰ ਸਿੱਖ ਭਾਈਚਾਰੇ) ਦੀਆਂ ਭਾਵਨਾਵਾਂ ਨੂੰ ਗੰਭੀਰਤਾ ਨਾਲ ਲੈਣਾ ਪਵੇਗਾ। ਅਕਾਲੀਆਂ ਨੂੰ ਆਪਣੀ ਇਮੇਜ਼ ਮੁੜ ਬਣਾਉਣੀ ਪਵੇਗੀ। ਆਪ ਅਤੇ ਕਾਂਗਰਸ ਨੂੰ ਆਪਣੀਆਂ ਫੁੱਟਾਂ ਖ਼ਤਮ ਕਰਨੀਆਂ ਪੈਣਗੀਆਂ। ਅੱਜ ਇਹ ਸ਼ਤਰੰਜ ਪੰਜਾਬ ਲਈ ਇੱਕ ਵੱਡਾ ਮੋੜ ਸਾਬਤ ਹੋ ਸਕਦੀ ਹੈ। ਜੇ ਭਾਜਪਾ-ਅਕਾਲੀ ਗਠਜੋੜ ਸਫਲ ਹੋਇਆ ਤਾਂ ਰਾਜ ਵਿੱਚ ਸਥਿਰਤਾ ਅਤੇ ਵਿਕਾਸ ਆ ਸਕਦਾ ਹੈ, ਪਰ ਇਸ ਦੀ ਕੀਮਤ ਰਾਜਨੀਤਿਕ ਸੰਤੁਲਨ ਖਰਾਬ ਹੋਣ ਵਜੋਂ ਵੀ ਹੋ ਸਕਦੀ ਹੈ। ਲੋਕ ਇਸ ਵਾਰ ਵੀ ਬਦਲਾਅ ਚਾਹੁੰਦੇ ਹਨ - ਇੱਕ ਅਜਿਹਾ ਬਦਲਾਅ ਜੋ ਵਾਅਦਿਆਂ ਤੋਂ ਅੱਗੇ ਜਾ ਕੇ ਨਤੀਜੇ ਦੇਵੇ।

ਅੱਜ ਪੰਜਾਬ ਦਾ ਭਵਿੱਖ ਇਸ ਤਿੱਖੀ ਖੇਡ 'ਤੇ ਨਿਰਭਰ ਕਰਦਾ ਹੈ। ਰਾਜਨੀਤਿਕ ਧਿਰਾਂ ਨੂੰ ਅੰਕੜਿਆਂ ਤੋਂ ਸਬਕ ਲੈ ਕੇ ਲੋਕਾਂ ਦੀਆਂ ਅਸਲ ਉਮੀਦਾਂ ਪੂਰੀਆਂ ਕਰਨੀਆਂ ਪੈਣਗੀਆਂ, ਨਹੀਂ ਤਾਂ ਵੋਟਰ ਫ਼ੇਰ ਕਿਸੇ ਨਵੀਂ ਚਾਲ ਨੂੰ ਖੇਡਣ ਦੇਣਗੇ।

# ਗ੍ਰੇਟ ਨਿਕੋਬਾਰ: ਭਾਰਤ ਦੀ ਸਮੁੰਦਰੀ ਰਣਨੀਤੀ ਦਾ ਮੁੱਖ ਕੇਂਦਰ

**ਐਡਮਿਰਲ ਡੀ. ਕੇ. ਜੋਸ਼ੀ**

ਕੌਟਿਲਯ ਦੀ ਇਹ ਸਿੱਖਿਆ ਸਦੀਆਂ ਪਹਿਲਾਂ ਹੀ ਸ਼ਾਸਨ ਅਤੇ ਰਣਨੀਤੀ ਦੀ ਮੂਲ ਸੋਚ ਦਾ ਹਿੱਸਾ ਬਣ ਚੁੱਕੀ ਸੀ ਅਤੇ ਅੱਜ ਦੇ ਸਮੇਂ ਵਿੱਚ ਇਹ ਪਹਿਲਾਂ ਨਾਲੋਂ ਕਿਤੇ ਵੱਧ ਪ੍ਰਸੰਗਿਕ ਹੋ ਕੇ ਸਾਹਮਣੇ ਆਈ ਹੈ। ਅੱਜ ਦੇਸ਼ਾਂ ਦੀ ਪ੍ਰੀਖਿਆ ਕੇਵਲ ਉਨ੍ਹਾਂ ਦੀ ਅਰਥਵਿਵਸਥਾ ਦੇ ਆਕਾਰ ਜਾਂ ਫ਼ੌਜੀ ਤਾਕਤ ਨਾਲ ਨਹੀਂ ਹੋ ਰਹੀ, ਸਗੋਂ ਇਸ ਗੱਲ ਨਾਲ ਹੋ ਰਹੀ ਹੈ ਕਿ ਉਹ ਭੂਗੋਲ ਨੂੰ ਕਿੰਨੀ ਚੰਗੀ ਤਰ੍ਹਾਂ ਸਮਝਦੇ ਹਨ, ਭਵਿੱਖ ਦਾ ਕਿੰਨਾ ਸਹੀ ਅਨੁਮਾਨ ਲਗਾਉਂਦੇ ਹਨ ਅਤੇ ਮੌਕੇ ਦੇ ਖ਼ਤਰੇ ਵਿੱਚ ਬਦਲਣ ਤੋਂ ਪਹਿਲਾਂ ਕਿੰਨੀ ਤੇਜ਼ੀ ਨਾਲ ਫੈਸਲੇ ਲੈਂਦੇ ਹਨ। ਗ੍ਰੇਟ ਨਿਕੋਬਾਰ ਭਾਰਤ ਲਈ ਅਜਿਹੀ ਹੀ ਇੱਕ ਵੱਡੀ ਪ੍ਰੀਖਿਆ ਹੈ। ਇਹ ਭਾਰਤੀ ਨਕਸ਼ੇ ਦੇ ਦੱਖਣੀ-ਪੂਰਬੀ ਸਿਰੇ 'ਤੇ ਸਥਿਤ ਇੱਕ ਦੂਰ-ਦੁਰਾਡੇ ਦਵੀਪ ਵਾਂਗ ਪ੍ਰਤੀਤ ਹੁੰਦਾ ਹੈ। ਇੱਕ ਅਜਿਹੀ ਜਗ੍ਹਾ ਜਿਸ ਨੂੰ ਦਹਾਕਿਆਂ ਤੋਂ ਲਗਭਗ ਅਣਛੂਹਿਆ ਛੱਡ ਦਿੱਤਾ ਗਿਆ ਹੈ ਅਤੇ ਜਿਸ ਨੂੰ ਉਵੇਂ ਹੀ ਰਹਿਣ ਦੇਣਾ ਚਾਹੀਦਾ ਹੈ। ਪਰ ਗ੍ਰੇਟ ਨਿਕੋਬਾਰ ਭਾਰਤ ਦੀ ਅਗਲੀ ਸਮੁੰਦਰੀ ਚੌਕੀ ਹੈ। ਹਿੰਦ-ਪ੍ਰਸ਼ਾਂਤ (ਇੰਡੋ-ਪੈਸੀਫਿਕ) ਖੇਤਰ ਦੇ ਸਭ ਤੋਂ ਮਹੱਤਵਪੂਰਨ ਸਮੁੰਦਰੀ ਮਾਰਗਾਂ ਦੇ ਨੇੜੇ ਸਥਿਤ ਇਹ ਦਵੀਪ ਦੁਨੀਆ ਵੱਲ ਭਾਰਤ ਦੇ ਸਭ ਤੋਂ ਅਹਿਮ ਰਣਨੀਤਕ ਮੌਕਿਆਂ ਵਿੱਚੋਂ ਇੱਕ ਹੈ।

ਇਸ ਲਈ ਗ੍ਰੇਟ ਨਿਕੋਬਾਰ ਦੇ ਪ੍ਰਸਤਾਵਿਤ ਵਿਕਾਸ ਨੂੰ ਕੇਵਲ ਇੱਕ ਬੁਨਿਆਦੀ ਢਾਂਚਾ ਪ੍ਰੋਜੈਕਟ ਵਜੋਂ ਨਹੀਂ ਦੇਖਿਆ ਜਾ ਸਕਦਾ। ਇਹ ਕੇਵਲ ਇੱਕ ਬੰਦਰਗਾਹ, ਹਵਾਈ ਅੱਡਾ, ਟਾਊਨਸ਼ਿਪ ਜਾਂ ਬਿਜਲੀ ਪਲਾਂਟ ਬਣਾਉਣ ਦਾ ਸਵਾਲ ਨਹੀਂ ਹੈ। ਇਹ ਵਾਸਤਵ ਵਿੱਚ ਇਸ ਗੱਲ ਦੀ ਰਣਨੀਤਕ ਪ੍ਰੀਖਿਆ ਹੈ ਕਿ ਕੀ ਭਾਰਤ ਆਪਣੀ ਇਸ ਦੁਰਲੱਭ ਭੂਗੋਲਿਕ ਬੜ੍ਹਤ ਨੂੰ ਰਾਸ਼ਟਰੀ ਸ਼ਕਤੀ ਵਿੱਚ ਬਦਲਣ ਲਈ ਤਿਆਰ ਹੈ। ਸਦੀਆਂ ਤੋਂ ਹਿੰਦ ਮਹਾਂਸਾਗਰ ਨੇ ਭਾਰਤ ਦੀ ਤਕਦੀਰ ਨੂੰ ਘੜਿਆ ਹੈ। ਇਸੇ ਸਮੁੰਦਰੀ ਖੇਤਰ ਨੇ ਸਾਡੇ ਵਪਾਰ, ਸਾਡੇ ਵਿਚਾਰਾਂ ਅਤੇ ਸਾਡੀ ਸੱਭਿਅਤਾ ਦੇ ਪ੍ਰਭਾਵ ਨੂੰ ਵਿਸ਼ਵ ਭਰ ਵਿੱਚ ਪਹੁੰਚਾਇਆ, ਪਰ ਕਈ ਵਾਰ ਇਹ ਸਾਡੀਆਂ ਕਮਜ਼ੋਰੀਆਂ ਦਾ ਕਾਰਨ ਵੀ ਬਣਿਆ। ਫਿਰ ਵੀ ਆਜ਼ਾਦੀ ਤੋਂ ਬਾਅਦ ਲੰਬੇ ਸਮੇਂ ਤੱਕ ਭਾਰਤ ਦੀ ਰਣਨੀਤਕ ਸੋਚ ਮੁੱਖ ਤੌਰ 'ਤੇ ਜ਼ਮੀਨ-ਅਧਾਰਤ ਹੀ ਰਹੀ।

ਇਹ ਨਿਰਵਿਵਾਦ ਹੈ ਕਿ ਗ੍ਰੇਟ ਨਿਕੋਬਾਰ ਬਹੁਤ ਮਹੱਤਵਪੂਰਨ ਰਣਨੀਤਕ ਸਥਾਨ ਹੈ। ਇਹ ਅੰਡੇਮਾਨ ਅਤੇ ਨਿਕੋਬਾਰ ਦਵੀਪ ਸਮੂਹ ਦੇ ਸਭ ਤੋਂ ਵੱਡੇ ਦਵੀਪਾਂ ਵਿੱਚੋਂ ਇੱਕ ਹੈ, ਜਿਸ ਦਾ ਖੇਤਰਫਲ ਲਗਭਗ 910 ਵਰਗ ਕਿਲੋਮੀਟਰ ਹੈ। ਪ੍ਰਸਤਾਵਿਤ ਪ੍ਰੋਜੈਕਟ ਦਾ ਕੁੱਲ ਖੇਤਰਫਲ 166.10 ਵਰਗ ਕਿਲੋਮੀਟਰ ਹੈ, ਜੋ ਪੂਰੇ ਦਵੀਪ ਸਮੂਹ ਦੇ ਕੁੱਲ ਖੇਤਰਫਲ ਦਾ ਕੇਵਲ ਲਗਭਗ 2 ਫ਼ੀਸਦੀ ਹੈ। ਇਸ ਵਿੱਚੋਂ 130.75 ਵਰਗ ਕਿਲੋਮੀਟਰ ਜੰਗਲਾਤ ਭੂਮੀ ਨੂੰ ਪ੍ਰੋਜੈਕਟ ਲਈ ਵਰਤੋਂ ਵਿੱਚ ਲਿਆਉਣ ਦਾ ਪ੍ਰਸਤਾਵ ਹੈ, ਜੋ ਦਵੀਪ ਸਮੂਹ ਦੇ ਕੁੱਲ ਜੰਗਲੀ ਖੇਤਰ ਦਾ ਲਗਭਗ 1.82 ਫੀਸਦੀ ਹੈ।

ਇਹ ਦੱਖਣ-ਪੂਰਬੀ ਏਸ਼ੀਆ ਦੇ ਨੇੜੇ ਸਥਿਤ ਹੈ ਅਤੇ ਮਲੱਕਾ ਸਟਰੇਟ, 6 ਡਿਗਰੀ ਚੈਨਲ, ਸੁੰਡਾ ਸਟਰੇਟ ਅਤੇ ਲੋਂਬੋਕ ਸਟਰੇਟ ਵਰਗੇ ਪ੍ਰਮੁੱਖ ਗਲੋਬਲ ਸਮੁੰਦਰੀ ਮਾਰਗਾਂ ਦੇ ਨੇੜੇ ਆਉਂਦਾ ਹੈ। ਅਸਲ ਰਣਨੀਤਕ ਦ੍ਰਿਸ਼ਟੀ ਤੋਂ ਦੇਖੀਏ ਤਾਂ ਇਹ ਭਾਰਤ ਦੀ ਪੂਰਬੀ ਸਮੁੰਦਰੀ ਚੌਕੀ ਹੈ।

ਇਸਦਾ ਮਹੱਤਵ ਉਦੋਂ ਹੋਰ ਸਪੱਸ਼ਟ ਹੋ ਜਾਂਦਾ ਹੈ ਜਦੋਂ ਇਸਨੂੰ ਕੇਵਲ ਭੂ-ਭਾਗ ਦੇ ਦ੍ਰਿਸ਼ਟੀਕੋਣ ਤੋਂ ਨਹੀਂ, ਸਗੋਂ ਸਮੁੰਦਰੀ ਰਣਨੀਤੀ ਦੇ ਵਿਆਪਕ ਸੰਦਰਭ ਵਿੱਚ ਦੇਖਿਆ ਜਾਵੇ। ਕਲਪਨਾ ਕਰੋ ਉਨ੍ਹਾਂ ਜਹਾਜ਼ਾਂ ਦੀ, ਜੋ ਅਦਨ ਦੀ ਖਾੜੀ ਤੋਂ ਮਲੱਕਾ ਸਟਰੇਟ ਵੱਲ ਵਧ ਰਹੇ ਹਨ; ਊਰਜਾ ਨਾਲ ਲੱਦੇ ਮਾਲਵਾਹਕ ਜਹਾਜ਼, ਜੋ ਪੱਛਮੀ ਏਸ਼ੀਆ ਅਤੇ ਅਫ਼ਰੀਕਾ ਤੋਂ ਪੂਰਬੀ ਏਸ਼ੀਆ ਵੱਲ ਜਾ ਰਹੇ ਹਨ; ਏਸ਼ੀਆ, ਅਫ਼ਰੀਕਾ ਅਤੇ ਯੂਰੋਪ ਨੂੰ ਜੋੜਨ ਵਾਲੀ ਕੰਟੇਨਰ ਆਵਾਜਾਈ ਅਤੇ ਨੌਸੈਨਿਕ ਸਰੋਤ, ਨਿਗਰਾਨੀ ਪ੍ਰਣਾਲੀਆਂ ਅਤੇ ਲੌਜਿਸਟਿਕ ਚੇਨਾਂ, ਜੋ ਇਨ੍ਹਾਂ ਜਲਮਾਰਗਾਂ ਤੋਂ ਹੋ ਕੇ ਗੁਜ਼ਰ ਰਹੀਆਂ ਹਨ। ਹਿੰਦ ਮਹਾਂਸਾਗਰ ਹੁਣ ਸ਼ਾਂਤ ਸਮੁੰਦਰ ਨਹੀਂ ਰਿਹਾ। ਇਹ ਤੇਜ਼ੀ ਨਾਲ ਇੱਕ ਭੀੜ-ਭੜੱਕੇ ਵਾਲੇ ਰਣਨੀਤਕ ਖੇਤਰ ਵਿੱਚ ਬਦਲ ਰਿਹਾ ਹੈ। ਊਰਜਾ ਦੀ ਸਪਲਾਈ, ਕੰਟੇਨਰ ਆਵਾਜਾਈ, ਨੌਸੈਨਿਕ ਤਾਇਨਾਤੀ, ਦਵੀਪਾਂ ਦੀਆਂ ਸਹੂਲਤਾਂ, ਸਮੁੰਦਰ ਦੇ ਹੇਠਾਂ ਵਿਛਾਈਆਂ ਕੇਬਲਾਂ ਅਤੇ ਸਮੁੰਦਰੀ ਨਿਗਰਾਨੀ ਹੁਣ ਇੱਕ ਵੱਡੀ ਗਲੋਬਲ ਮੁਕਾਬਲੇਬਾਜ਼ੀ ਦਾ ਹਿੱਸਾ ਬਣ ਚੁੱਕੇ ਹਨ। ਇਹ ਸ਼ਾਇਦ ਮੁੱਖ ਭੂਮੀ 'ਤੇ ਬੈਠੇ ਕਈ ਲੋਕਾਂ ਨੂੰ ਦਿਖਾਈ ਨਾ ਦੇਵੇ, ਪਰ ਦੇਸ਼ਾਂ ਦੇ ਭਵਿੱਖ ਲਈ ਇਹ ਬੇਹੱਦ ਫੈਸਲਾਕੁੰਨ ਹੈ।

ਹਾਲ ਹੀ ਦੀ ਇੱਕ ਮਹੱਤਵਪੂਰਨ ਪ੍ਰਗਤੀ ਇਹ ਹੈ ਕਿ ਅੰਡੇਮਾਨ ਸਾਗਰ ਨੂੰ ਥਾਈਲੈਂਡ ਦੀ ਖਾੜੀ ਨਾਲ ਜੋੜਨ ਵਾਲੇ ਦਹਾਕਿਆਂ ਪੁਰਾਣੇ ਕੈਨਾਲ ਪ੍ਰੋਜੈਕਟ ਨੂੰ ਮੁਲਤਵੀ ਕਰ ਦਿੱਤਾ ਗਿਆ ਹੈ। ਇਸ ਦੀ ਜਗ੍ਹਾ ਹੁਣ ਲਗਭਗ 90 ਕਿਲੋਮੀਟਰ ਲੰਬੇ 'ਮਲਟੀ-ਮੋਡਲ ਲੈਂਡ ਬ੍ਰਿਜ' ਦੀ ਯੋਜਨਾ ਅੰਤਿਮ ਪ੍ਰਵਾਨਗੀ ਦੀ ਉਡੀਕ ਵਿੱਚ ਹੈ। ਇਹ ਪ੍ਰੋਜੈਕਟ 'ਟੈਂਥ ਪੈਰਲਲ' (A@th Parallel) ਦੇ ਨਾਲ ਦੋ ਨਵੇਂ ਡਿਜ਼ਾਈਨ ਕੀਤੇ ਗਏ ਡੂੰਘੇ ਸਮੁੰਦਰੀ ਬੰਦਰਗਾਹਾਂ ਨੂੰ ਜੋੜੇਗਾ — ਇੱਕ ਅੰਡੇਮਾਨ ਸਾਗਰ ਦੇ ਕਿਨਾਰੇ ਰਣੋਂਗ ਵਿੱਚ ਅਤੇ ਦੂਜਾ ਥਾਈਲੈਂਡ ਦੀ ਖਾੜੀ ਦੇ ਕਿਨਾਰੇ ਚੁੰਫੋਨ ਵਿੱਚ। ਇਸ ਦੇ ਨਾਲ ਦੋਹਰੇ ਟਰੈਕਾਂ ਵਾਲੀ ਹਾਈ-ਸਪੀਡ ਰੇਲ, ਬਹੁ-ਲੇਨ ਸੜਕ, ਤੇਲ ਅਤੇ ਗੈਸ ਲਈ ਊਰਜਾ ਪਾਈਪਲਾਈਨਾਂ ਅਤੇ ਹਵਾਈ ਤੇ ਡਿਜੀਟਲ ਗ੍ਰਿਡ ਵੀ ਪ੍ਰਸਤਾਵਿਤ ਹਨ। ਇਹ ਸਾਰੇ ਕਾਰਕ ਮਿਲ ਕੇ ਇੰਡੋ-ਪੈਸੀਫਿਕ ਵਪਾਰਕ ਮਾਰਗਾਂ ਨੂੰ ਪੂਰੀ ਤਰ੍ਹਾਂ ਨਵੇਂ ਸਿਰੇ ਤੋਂ ਪਰਿਭਾਸ਼ਿਤ ਕਰ ਰਹੇ ਹਨ ਅਤੇ ਆਰਥਿਕ ਸ਼ਕਤੀ ਦਾ ਕੇਂਦਰ ਸਿੱਧਾ ਅੰਡੇਮਾਨ ਬੇਸਿਨ ਵੱਲ ਤਬਦੀਲ ਕਰ ਰਹੇ ਹਨ।

ਮਲੱਕਾ ਸਟਰੇਟ ਵਿਸ਼ਵ ਦੇ ਸਭ ਤੋਂ ਮਹੱਤਵਪੂਰਨ ਸਮੁੰਦਰੀ 'ਚੋਕਪੁਆਇੰਟਸ' ਵਿੱਚੋਂ ਇੱਕ ਹੈ। ਇਹ ਹਿੰਦ ਮਹਾਂਸਾਗਰ ਨੂੰ ਪ੍ਰਸ਼ਾਂਤ ਮਹਾਂਸਾਗਰ ਨਾਲ ਜੋੜਦਾ ਹੈ ਅਤੇ ਬੇਹੱਦ ਕੀਮਤੀ ਊਰਜਾ ਸਰੋਤਾਂ (ਤੇਲ ਅਤੇ ਐਲ.ਐਨ.ਜੀ.) ਅਤੇ ਗਲੋਬਲ ਵਪਾਰ ਦਾ ਮੁੱਖ ਰਸਤਾ ਹੈ। ਗ੍ਰੇਟ ਨਿਕੋਬਾਰ ਦੀ ਗਲਾਥੀਆ ਖਾੜੀ 6 ਡਿਗਰੀ ਚੈਨਲ ਤੋਂ ਲਗਭਗ 45 ਕਿਲੋਮੀਟਰ ਦੂਰ ਹੈ, ਜੋ ਮਲੱਕਾ ਸਟਰੇਟ ਨੂੰ ਅਫ਼ਰੀਕਾ, ਮੱਧ ਪੂਰਬ ਅਤੇ ਯੂਰੋਪ ਵੱਲ ਜਾਣ ਵਾਲੇ ਸਮੁੰਦਰੀ ਮਾਰਗਾਂ ਨਾਲ ਜੋੜਦੀ ਹੈ। ਅਨੁਮਾਨ ਹੈ ਕਿ ਹਰ ਸਾਲ ਲਗਭਗ ਇੱਕ ਲੱਖ ਜਹਾਜ਼ ਮਲੱਕਾ ਸਟਰੇਟ 6 ਡਿਗਰੀ ਚੈਨਲ ਮਾਰਗ ਤੋਂ ਗੁਜ਼ਰਦੇ ਹਨ। ਮਲੱਕਾ, ਸੁੰਡਾ ਅਤੇ ਲੋਂਬੋਕ ਵਰਗੇ ਰਣਨੀਤਕ ਚੋਕਪੁਆਇੰਟਸ ਦੇ ਨੇੜੇ ਸਥਿਤ ਹੋਣ ਕਾਰਨ ਇਹ ਦਵੀਪ ਭਾਰਤ ਨੂੰ ਬਹੁਤ ਮਹੱਤਵਪੂਰਨ ਰਣਨੀਤਕ ਬੜ੍ਹਤ ਪ੍ਰਦਾਨ ਕਰਦਾ ਹੈ। ਕੋਈ ਵੀ ਗੰਭੀਰ ਸਮੁੰਦਰੀ ਤਾਕਤ ਅਜਿਹੇ ਭੂਗੋਲਿਕ ਤੱਥਾਂ ਨੂੰ ਨਜ਼ਰਅੰਦਾਜ਼ ਕਰਨ ਦਾ ਜੋਖਮ ਨਹੀਂ ਉਠਾ ਸਕਦੀ। ਹਿੰਦ ਮਹਾਂਸਾਗਰ ਖੇਤਰ (IOR) ਵਿੱਚ ਕਈ ਸ਼ਕਤੀਸ਼ਾਲੀ ਦੇਸ਼ ਬੰਦਰਗਾਹਾਂ, ਲੌਜਿਸਟਿਕ ਪ੍ਰਬੰਧਾਂ, ਸਮੁੰਦਰੀ ਪਹੁੰਚ ਸਹੂਲਤਾਂ, ਨੌਸੈਨਿਕ ਸਰੋਤਾਂ, ਨਿਗਰਾਨੀ ਪ੍ਰਣਾਲੀਆਂ ਅਤੇ ਆਰਥਿਕ ਲਾਂਘਿਆਂ ਰਾਹੀਂ ਨਿਰੰਤਰ ਆਪਣੀ ਮੌਜੂਦਗੀ ਦਾ ਵਿਸਤਾਰ ਕਰ ਰਹੇ ਹਨ। ਭਾਰਤ ਦਾ ਜਵਾਬ ਝਿਜਕ ਵਾਲਾ ਨਹੀਂ ਹੋ ਸਕਦਾ। ਉਸਦਾ ਜਵਾਬ ਰਣਨੀਤਕ ਮਜ਼ਬੂਤੀ ਹੋਣਾ ਚਾਹੀਦਾ ਹੈ। ਪ੍ਰਭੂਸੱਤਾ ਕੇਵਲ ਨਕਸ਼ੇ 'ਤੇ ਸਰਹੱਦਾਂ ਖਿੱਚ ਦੇਣ ਨਾਲ ਮਜ਼ਬੂਤ ਨਹੀਂ ਹੁੰਦੀ। ਉਹ ਉਦੋਂ ਸ਼ਕਤੀਸ਼ਾਲੀ ਹੁੰਦੀ ਹੈ ਜਦੋਂ ਕੋਈ ਭੂ-ਭਾਗ ਜੁੜਿਆ ਹੋਇਆ, ਆਬਾਦ, ਸੁਵਿਧਾਜਨਕ, ਉਤਪਾਦਕ ਅਤੇ ਰਣਨੀਤਕ ਤੌਰ 'ਤੇ ਉਪਯੋਗੀ ਬਣਦਾ ਹੈ। ਅੰਤਰਰਾਸ਼ਟਰੀ ਕੰਟੇਨਰ ਟਰਾਂਸਸ਼ਿਪਮੈਂਟ ਪੋਰਟ, ਗ੍ਰੀਨਫੀਲਡ ਹਵਾਈ ਅੱਡਾ, ਟਾਊਨਸ਼ਿਪ ਅਤੇ ਬਿਜਲੀ ਪਲਾਂਟ ਵੱਖ-ਵੱਖ ਪ੍ਰੋਜੈਕਟ ਨਹੀਂ ਹਨ। ਇਹ ਸਾਰੇ ਮਿਲ ਕੇ ਉਸ ਪ੍ਰਣਾਲੀ (ਇਕੋਸਿਸਟਮ) ਦਾ ਨਿਰਮਾਣ ਕਰਦੇ ਹਨ, ਜਿਸ ਦੀ ਸਹਾਇਤਾ ਨਾਲ ਭਾਰਤ ਇੱਕ ਫੈਸਲਾਕੁੰਨ ਸਮੁੰਦਰੀ ਸਥਾਨ 'ਤੇ ਭਰੋਸੇਯੋਗ, ਨਿਰੰਤਰ ਅਤੇ ਬਹੁ-ਆਯਾਮੀ ਮੌਜੂਦਗੀ ਬਣਾਈ ਰੱਖ ਸਕਦਾ ਹੈ।

ਨੈਸ਼ਨਲ ਗ੍ਰੀਨ ਟ੍ਰਿਬਿਊਨਲ (NGT) ਨੇ ਉਚਿਤ ਜਾਂਚ-ਪੜਤਾਲ ਅਤੇ ਇਤਰਾਜ਼ਾਂ ਦੇ ਨਿਪਟਾਰੇ ਤੋਂ ਬਾਅਦ ਇਹ ਸਵੀਕਾਰ ਕੀਤਾ ਕਿ ਇਹ ਪ੍ਰੋਜੈਕਟ ਕੇਵਲ ਦਵੀਪ ਅਤੇ ਉਸ ਦੇ ਆਸ-ਪਾਸ ਦੇ ਰਣਨੀਤਕ ਖੇਤਰ ਦੇ ਆਰਥਿਕ ਵਿਕਾਸ ਲਈ ਹੀ ਨਹੀਂ, ਸਗੋਂ ਰੱਖਿਆ ਅਤੇ ਰਾਸ਼ਟਰੀ ਸੁਰੱਖਿਆ ਲਈ ਵੀ ਬਹੁਤ ਮਹੱਤਵਪੂਰਨ ਹੈ। ਸਿੰਗਾਪੁਰ ਕੇਵਲ ਇਸ ਲਈ ਇੱਕ ਮਹਾਨ ਸਮੁੰਦਰੀ ਕੇਂਦਰ ਨਹੀਂ ਬਣਿਆ ਕਿਉਂਕਿ ਉਸਦਾ ਭੂਗੋਲਿਕ ਸਥਾਨ ਅਨੁਕੂਲ ਸੀ। ਉਸਨੇ ਉਸ ਸਥਾਨ ਦੇ ਆਲੇ-ਦੁਆਲੇ ਲੋੜੀਂਦੀਆਂ ਸਮਰੱਥਾਵਾਂ ਦਾ ਨਿਰਮਾਣ ਕੀਤਾ। ਭੂਗੋਲਿਕ ਸਥਿਤੀ ਨੇ ਉਸਨੂੰ ਮੌਕਾ ਦਿੱਤਾ ਅਤੇ ਉਸਦੇ ਬੁਨਿਆਦੀ ਢਾਂਚੇ ਦੇ ਵਿਕਾਸ ਨੇ ਉਸ ਮੌਕੇ ਨੂੰ ਪ੍ਰਭਾਵ ਵਿੱਚ ਬਦਲ ਦਿੱਤਾ। ਹਿੰਦ ਮਹਾਂਸਾਗਰ ਵਿੱਚ 'ਡੀਏਗੋ ਗਾਰਸੀਆ' ਇੱਕ ਹੋਰ ਮਹੱਤਵਪੂਰਨ ਉਦਾਹਰਣ ਪੇਸ਼ ਕਰਦਾ ਹੈ। ਇਹ ਦਰਸਾਉਂਦਾ ਹੈ ਕਿ ਕੋਈ ਦੂਰ-ਦੁਰਾਡੇ ਦਾ ਦਵੀਪ ਵੀ, ਜੇਕਰ ਉਸਨੂੰ ਲੌਜਿਸਟਿਕ ਅਤੇ ਸੰਚਾਲਨ ਬੁਨਿਆਦੀ ਢਾਂਚੇ ਨਾਲ ਲੈਸ ਕੀਤਾ ਜਾਵੇ, ਤਾਂ ਬੇਮਿਸਾਲ ਰਣਨੀਤਕ ਮਹੱਤਵ ਹਾਸਲ ਕਰ ਸਕਦਾ ਹੈ। ਸਮੁੰਦਰੀ ਸ਼ਕਤੀ ਕੇਵਲ ਭੂਗੋਲ ਨਾਲ ਨਹੀਂ ਬਣਦੀ; ਉਹ ਭੂਗੋਲ ਦਾ ਉਪਯੋਗ ਕਰਨ ਦੀ ਲੋੜੀਂਦੀ ਸਮਰੱਥਾ ਵਿਕਸਤ ਕਰਨ ਨਾਲ ਬਣਦੀ ਹੈ। ਗ੍ਰੇਟ ਨਿਕੋਬਾਰ ਭਾਰਤ ਨੂੰ ਇਹ ਸਭ ਇੱਕ ਸੰਤੁਲਿਤ ਅਤੇ ਵਿਲੱਖਣ ਭਾਰਤੀ ਦ੍ਰਿਸ਼ਟੀਕੋਣ ਨਾਲ ਕਰਨ ਦਾ ਮੌਕਾ ਪ੍ਰਦਾਨ ਕਰਦਾ ਹੈ। ਇਹ ਵਪਾਰ ਨੂੰ ਹੱਲਾਸ਼ੇਰੀ ਦੇ ਸਕਦਾ ਹੈ ਅਤੇ ਰਾਸ਼ਟਰੀ ਸੁਰੱਖਿਆ ਨੂੰ ਮਜ਼ਬੂਤ ਕਰ ਸਕਦਾ ਹੈ, ਵਿਦੇਸ਼ੀ ਟਰਾਂਸਸ਼ਿਪਮੈਂਟ ਕੇਂਦਰਾਂ 'ਤੇ ਨਿਰਭਰਤਾ ਘਟਾ ਸਕਦਾ ਹੈ, ਨਾਲ ਹੀ ਭਾਰਤ ਦੀ ਸਮੁੰਦਰੀ ਪਹੁੰਚ ਨੂੰ ਵਧਾ ਸਕਦਾ ਹੈ ਅਤੇ ਦੱਖਣ-ਪੂਰਬੀ ਏਸ਼ੀਆ ਲਈ ਇੱਕ ਪ੍ਰਵੇਸ਼ ਦੁਆਰ ਅਤੇ ਵਿਆਪਕ ਇੰਡੋ-ਪੈਸੀਫਿਕ ਖੇਤਰ ਲਈ ਇੱਕ ਰਣਨੀਤਕ ਮੰਚ ਵਜੋਂ ਕੰਮ ਕਰ ਸਕਦਾ ਹੈ। ਗ੍ਰੇਟ ਨਿਕੋਬਾਰ ਵਿੱਚ ਇੱਕ ਟਰਾਂਸਸ਼ਿਪਮੈਂਟ ਪੋਰਟ ਭਾਰਤ ਦੀ ਉਸ ਸਮੱਗਰੀ 'ਤੇ ਨਿਰਭਰਤਾ ਨੂੰ ਘਟਾ ਸਕਦਾ ਹੈ, ਜਿਸਨੂੰ ਮੌਜੂਦਾ ਸਮੇਂ ਵਿੱਚ ਵਿਦੇਸ਼ੀ ਬੰਦਰਗਾਹਾਂ ਰਾਹੀਂ ਟਰਾਂਸਸ਼ਿਪ ਕੀਤਾ ਜਾਂਦਾ ਹੈ। ਇਸ ਨਾਲ ਸਪਲਾਈ ਚੇਨ ਮਜ਼ਬੂਤ ਹੋਵੇਗੀ, ਨਿਵੇਸ਼ ਆਕਰਸ਼ਿਤ ਹੋਵੇਗਾ, ਰੁਜ਼ਗਾਰ ਦੇ ਮੌਕੇ ਪੈਦਾ ਹੋਣਗੇ ਅਤੇ ਭਾਰਤ ਨੂੰ ਆਪਣੀ ਸਮੱਗਰੀ ਦੀ ਆਵਾਜਾਈ 'ਤੇ ਵਧੇਰੇ ਨਿਯੰਤਰਣ ਅਤੇ ਨਿਸ਼ਚਿਤਤਾ ਹਾਸਲ ਹੋਵੇਗੀ।

ਬੇਸ਼ੱਕ, ਗ੍ਰੇਟ ਨਿਕੋਬਾਰ ਵਾਤਾਵਰਣ ਦੀ ਦ੍ਰਿਸ਼ਟੀ ਤੋਂ ਬਹੁਤ ਸੰਵੇਦਨਸ਼ੀਲ ਖੇਤਰ ਹੈ। ਇਸ ਪੱਧਰ ਦੇ ਕਿਸੇ ਵੀ ਪ੍ਰੋਜੈਕਟ ਨੂੰ ਵਾਤਾਵਰਣਕ ਸਾਵਧਾਨੀ, ਕਾਨੂੰਨੀ ਪਾਲਣਾ, ਵਿਗਿਆਨਕ ਨਿਗਰਾਨੀ ਅਤੇ ਅਸਲ ਸੁਧਾਰਾਤਮਕ ਉਪਾਵਾਂ ਨਾਲ ਲਾਗੂ ਕੀਤਾ ਜਾਣਾ ਚਾਹੀਦਾ ਹੈ। ਵਿਕਾਸ ਲਾਪਰਵਾਹ ਨਹੀਂ ਹੋ ਸਕਦਾ। ਪਰ ਵਾਤਾਵਰਣ ਦੀ ਸੰਵੇਦਨਸ਼ੀਲਤਾ ਨੂੰ ਰਣਨੀਤਕ ਸੋਚ 'ਤੇ ਸਥਾਈ ਵੀਟੋ ਦਾ ਅਧਾਰ ਵੀ ਨਹੀਂ ਬਣਾਇਆ ਜਾ ਸਕਦਾ। ਅਸਲ ਚੁਣੌਤੀ ਵਾਤਾਵਰਣ ਅਤੇ ਰਾਸ਼ਟਰੀ ਸੁਰੱਖਿਆ ਵਿੱਚੋਂ ਕਿਸੇ ਇੱਕ ਨੂੰ ਚੁਣਨ ਦੀ ਨਹੀਂ ਹੈ। ਅਸਲ ਚੁਣੌਤੀ ਇਹ ਹੈ ਕਿ ਰਾਸ਼ਟਰੀ ਸੁਰੱਖਿਆ ਨੂੰ ਵਾਤਾਵਰਣਕ ਜ਼ਿੰਮੇਵਾਰੀ ਦੇ ਨਾਲ ਅੱਗੇ ਵਧਾਇਆ ਜਾਵੇ। ਅਸਲ ਸਵਾਲ ਇਹ ਹੈ ਕਿ ਕੀ ਭਾਰਤ ਇਸ ਰਣਨੀਤਕ ਦਵੀਪ ਦਾ ਜ਼ਿੰਮੇਵਾਰੀ ਪੂਰਵਕ ਵਿਕਾਸ ਕਰਨਾ ਚਾਹੁੰਦਾ ਹੈ, ਜਾਂ ਫਿਰ ਅਜਿਹੇ ਸਮੇਂ ਵਿੱਚ ਜਦੋਂ ਪੂਰਾ ਇੰਡੋ-ਪੈਸੀਫਿਕ ਖੇਤਰ ਮੁੜ-ਸੰਗਠਿਤ ਹੋ ਰਿਹਾ ਹੈ, ਉਹ ਇਸ ਦਵੀਪ ਨੂੰ ਅਵਿਕਸਿਤ ਅਤੇ ਨਾਕਾਫ਼ੀ ਰੂਪ ਵਿੱਚ ਜੁੜਿਆ ਹੋਇਆ ਛੱਡ ਦੇਵੇਗਾ। ਭਾਰਤ ਨੂੰ ਰਣਨੀਤਕ ਦ੍ਰਿਸ਼ਟੀ ਤੋਂ ਸੋਚਣ ਲਈ ਕਿਸੇ ਤੋਂ ਮੁਆਫ਼ੀ ਮੰਗਣ ਦੀ ਲੋੜ ਨਹੀਂ ਹੈ। ਉਸ ਨੂੰ ਕੇਵਲ ਜ਼ਿੰਮੇਵਾਰੀ ਪੂਰਵਕ, ਫੈਸਲਾਕੁੰਨ ਰੂਪ ਵਿੱਚ ਅਤੇ ਸਪੱਸ਼ਟ ਰਾਸ਼ਟਰੀ ਹਿੱਤਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਕੰਮ ਕਰਨ ਦੀ ਲੋੜ ਹੈ। ਇੰਡੋ-ਪੈਸੀਫਿਕ ਦੀ ਇਸ ਸਦੀ ਵਿੱਚ, ਗ੍ਰੇਟ ਨਿਕੋਬਾਰ ਭਾਰਤ ਦਾ ਆਖ਼ਰੀ ਸਿਰਾ ਨਹੀਂ ਹੈ, ਇਹ ਭਵਿੱਖ ਦੇ ਪ੍ਰਵੇਸ਼ ਦੁਆਰ 'ਤੇ ਸਥਿਤ ਭਾਰਤ ਦਾ 'ਵਾਚਟਾਵਰ' ਹੈ।



ਵਿੰਕਲਜੀਤ ਸਿੰਘ ਸਰਾ
9501477889

## ਭਾਰਤੀ ਲੋਕਤੰਤਰ ਦੇ ਸ਼ਿਲਪਕਾਰ

# ਡਾ. ਬੀ. ਆਰ. ਅੰਬੇਡਕਰ ਦੇ ਸਮਾਜਿਕ, ਰਾਜਨੀਤਿਕ ਅਤੇ ਸੰਸਦੀ ਵਿਚਾਰਾਂ ਦਾ ਪੁਨਰ-ਮੁਲਾਂਕਣ

**ਇੱਕ ਨਵੇਂ ਯੁੱਗ ਦਾ ਉਦੈ** : ਆਧੁਨਿਕ ਭਾਰਤ ਦੇ ਇਤਿਹਾਸਿਕ ਅਤੇ ਰਾਜਨੀਤਿਕ ਦ੍ਰਿਸ਼ ਪਟਲ 'ਤੇ ਡਾ. ਭੀਮਰਾਓ ਰਾਮਜੀ ਅੰਬੇਡਕਰ ਇੱਕ ਅਜਿਹਾ ਪ੍ਰਕਾਸ਼ਵਾਨ ਨਾਂ ਹਨ, ਜਿਨ੍ਹਾਂ ਦੀ ਸ਼ਖ਼ਸੀਅਤ ਨੂੰ ਕਿਸੇ ਇੱਕ ਦਾਇਰੇ ਵਿੱਚ ਬੰਨ੍ਹਣਾ ਅਸੰਭਵ ਹੈ। ਉਹ ਮਹਿਜ਼ ਸੰਵਿਧਾਨ ਦੀ ਮਸੌਦਾ ਕਮੇਟੀ ਦੇ ਚੇਅਰਮੈਨ ਜਾਂ ਇੱਕ ਕਾਨੂੰਨਦਾਨ ਹੀ ਨਹੀਂ ਸਨ, ਸਗੋਂ ਉਹ ਇੱਕ ਮਹਾਨ ਸਮਾਜਿਕ ਕ੍ਰਾਂਤੀਕਾਰੀ, ਉੱਘੇ ਅਰਥਸ਼ਾਸਤਰੀ, ਮਾਨਵਤਾਵਾਦੀ ਚਿੰਤਕ ਅਤੇ ਦੂਰਦਰਸ਼ੀ ਰਾਜਨੇਤਾ ਸਨ। ਭਾਰਤ ਦੇ ਸਮਾਜਿਕ ਢਾਂਚੇ ਨੂੰ ਬਦਲਣ ਅਤੇ ਦੇਸ਼ ਵਿੱਚ ਇੱਕ ਅਜਿਹੇ ਲੋਕਤੰਤਰ ਦੀ ਸਥਾਪਨਾ ਕਰਨ ਵਿੱਚ ਉਨ੍ਹਾਂ ਦਾ ਯੋਗਦਾਨ ਬੇਮਿਸਾਲ ਹੈ, ਜਿੱਥੇ ਹਰ ਨਾਗਰਿਕ ਨੂੰ ਬਿਨਾਂ ਕਿਸੇ ਭੇਦਭਾਵ ਦੇ ਬਰਾਬਰ ਦੇ ਅਧਿਕਾਰ ਮਿਲ ਸਕਣ। ਅਕਤੂਬਰ 1951 ਵਿੱਚ ਡੀ.ਏ.ਵੀ. ਕਾਲਜ ਜਲੰਧਰ ਵਿਖੇ ਦਿੱਤੇ ਗਏ ਉਨ੍ਹਾਂ ਦੇ ਇਤਿਹਾਸਕ ਭਾਸ਼ਣ ਤੋਂ ਲੈ ਕੇ ਉਨ੍ਹਾਂ ਦੀਆਂ ਡੂੰਘੀਆਂ ਲਿਖਤਾਂ ਤੱਕ, ਅੰਬੇਡਕਰ ਦਾ ਜੀਵਨ-ਦਰਸ਼ਨ ਇਹ ਸਪੱਸ਼ਟ ਕਰਦਾ ਹੈ ਕਿ ਰਾਜਨੀਤਿਕ ਆਜ਼ਾਦੀ ਉਦੋਂ ਤੱਕ ਅਧੂਰੀ ਹੈ, ਜਦੋਂ ਤੱਕ ਸਮਾਜ ਦੇ ਸਭ ਤੋਂ ਪੱਛੜੇ ਵਿਅਕਤੀ ਨੂੰ ਆਰਥਿਕ ਅਤੇ ਸਮਾਜਿਕ ਆਜ਼ਾਦੀ ਨਹੀਂ ਮਿਲਦੀ।

**ਹੰਝੂਆਂ ਤੋਂ ਹੌਸਲੇ ਤੱਕ; 'ਵੇਟਿੰਗ ਫਾਰ ਏ ਵੀਜ਼ਾ' ਅਤੇ ਜਾਤੀਵਾਦ ਦਾ ਕੋੜ੍ਹ** : ਡਾ. ਅੰਬੇਡਕਰ ਦੀ ਸਵੈ-ਜੀਵਨੀਮੂਲਕ ਇਤਿਹਾਸਕ ਲਿਖਤ 'Waiting for a Visa' ਭਾਰਤੀ ਸਮਾਜ ਵਿੱਚ ਸਦੀਆਂ ਤੋਂ ਚੱਲੀ ਆ ਰਹੀ ਛੂਤ-ਛਾਤ ਦੀ ਭਿਆਨਕ ਸੱਚਾਈ ਨੂੰ ਬਿਆਨ ਕਰਦੀ ਹੈ। ਇਹ ਪੁਸਤਕ ਅੱਜ ਵੀ ਵਿਸ਼ਵ ਪੱਧਰ 'ਤੇ, ਖ਼ਾਸ ਕਰਕੇ ਕੋਲੰਬੀਆ ਯੂਨੀਵਰਸਿਟੀ ਵਿੱਚ, ਭਾਰਤੀ ਜਾਤੀ ਵਿਵਸਥਾ ਨੂੰ ਸਮਝਣ ਲਈ ਇੱਕ ਮੁੱਖ ਦਸਤਾਵੇਜ਼ ਵਜੋਂ ਪੜ੍ਹਾਈ ਜਾਂਦੀ ਹੈ। ਇਸ ਵਿੱਚ ਉਨ੍ਹਾਂ ਨੇ ਆਪਣੇ ਜੀਵਨ ਦੇ ਉਨ੍ਹਾਂ ਦਰਦਨਾਕ ਅਨੁਭਵਾਂ ਨੂੰ ਸਾਂਝਾ ਕੀਤਾ ਹੈ, ਜਿਨ੍ਹਾਂ ਨੇ ਉਨ੍ਹਾਂ ਦੀ ਸੋਚ ਨੂੰ ਇੱਕ ਨਵੀਂ ਅਤੇ ਕ੍ਰਾਂਤੀਕਾਰੀ ਦਿਸ਼ਾ ਦਿੱਤੀ। ਬਚਪਨ ਦੇ ਦਿਨਾਂ ਨੂੰ ਯਾਦ ਕਰਦਿਆਂ ਉਨ੍ਹਾਂ ਨੇ ਲਿਖਿਆ ਸੀ ਕਿ ਕਿਵੇਂ ਸਕੂਲ ਵਿੱਚ ਉਨ੍ਹਾਂ ਨੂੰ ਹੋਰਨਾਂ ਬੱਚਿਆਂ ਨਾਲ ਬੈਠਣ ਦੀ ਇਜਾਜ਼ਤ ਨਹੀਂ ਸੀ ਅਤੇ ਪਾਣੀ ਪੀਣ ਲਈ ਵੀ ਉੱਚ ਜਾਤੀ ਦੇ ਚਪੜਾਸੀ 'ਤੇ ਨਿਰਭਰ ਰਹਿਣਾ ਪੈਂਦਾ ਸੀ, ਜੋ ਉੱਪਰੋਂ ਹੱਥਾਂ ਵਿੱਚ ਪਾਣੀ ਪਾਉਂਦਾ ਸੀ। ਜਿਸ ਦਿਨ ਚਪੜਾਸੀ ਛੁੱਟੀ 'ਤੇ ਹੁੰਦਾ, ਉਸ ਦਿਨ ਉਨ੍ਹਾਂ ਨੂੰ ਪਿਆਸੇ ਰਹਿਣਾ ਪੈਂਦਾ ਸੀ, ਜਿਸ ਨੂੰ ਉਨ੍ਹਾਂ ਨੇ ਨੋ ਚਪੜਾਸੀ, ਨੋ ਵਾਟਰ ਦੇ ਦਰਦਨਾਕ ਵਾਕ ਨਾਲ ਬਿਆਨ ਕੀਤਾ। ਇਸੇ ਤਰ੍ਹਾਂ ਕੋਰੇਗਾਓਂ ਦੀ ਯਾਤਰਾ ਦੌਰਾਨ ਸਿਰਫ਼ ਜਾਤ ਪਤਾ ਲੱਗਣ 'ਤੇ ਇੱਕ ਗੱਡੀਵਾਨ ਵੱਲੋਂ ਉਨ੍ਹਾਂ ਨੂੰ ਬੇਇੱਜ਼ਤ ਕਰਕੇ ਉਤਾਰ ਦੇਣਾ, ਇਹ ਸਾਬਤ ਕਰਦਾ ਸੀ ਕਿ ਉਸ ਸਮੇਂ ਮਨੁੱਖ ਦੀ ਯੋਗਤਾ ਨਾਲੋਂ ਉਸ ਦੀ ਜਾਤ ਵੱਡੀ ਮੰਨੀ ਜਾਂਦੀ ਸੀ। ਵਿਦੇਸ਼ੀ ਸੈਲਾਨੀ ਜਾਂ ਬਾਹਰੋਂ ਆਉਣ ਵਾਲੇ ਲੋਕ ਭਾਰਤ ਨੂੰ ਸਿਰਫ਼ ਇਸ ਦੇ ਸੱਭਿਆਚਾਰਕ ਰੰਗਾਂ ਅਤੇ ਇਮਾਰਤਾਂ ਰਾਹੀਂ ਦੇਖਦੇ ਹਨ, ਪਰ ਉਹ ਇਸ ਦੇ ਅੰਦਰੂਨੀ ਸਮਾਜਿਕ ਕੋੜ੍ਹ ਤੋਂ ਅਣਜਾਣ ਹੁੰਦੇ ਹਨ। ਅੰਬੇਡਕਰ ਜੀ ਨੇ ਉਜਾਗਰ ਕੀਤਾ ਕਿ ਕਿਵੇਂ ਦੇਸ਼ ਦੀ ਇੱਕ ਵੱਡੀ ਆਬਾਦੀ ਨੂੰ ਪਿੰਡਾਂ ਤੋਂ ਬਾਹਰ ਗੰਦਗੀ ਵਿੱਚ ਰਹਿਣ ਲਈ ਮਜਬੂਰ ਕੀਤਾ ਜਾਂਦਾ ਸੀ, ਉਨ੍ਹਾਂ ਨੂੰ ਪਿੰਡ ਦੇ ਸਾਂਝੇ ਖੂਹਾਂ ਤੋਂ ਪਾਣੀ ਲੈਣ ਦੀ ਮਨਾਹੀ ਸੀ ਅਤੇ ਉਨ੍ਹਾਂ ਦਾ ਕੰਮ ਸਿਰਫ਼ ਉੱਚ ਵਰਗ ਦੀ ਸੇਵਾ ਕਰਨਾ ਅਤੇ ਬਦਲੇ ਵਿੱਚ ਬਚਿਆ-ਖੁਚਿਆ ਅੰਨ ਮੰਗ ਕੇ ਗੁਜ਼ਾਰਾ ਕਰਨਾ ਸੀ। ਇਨ੍ਹਾਂ ਸਾਰੇ ਅਪਮਾਨਾਂ ਨੇ ਅੰਬੇਡਕਰ ਦੇ ਅੰਦਰ ਨਫ਼ਰਤ ਪੈਦਾ ਨਹੀਂ ਕੀਤੀ, ਸਗੋਂ ਕਾਨੂੰਨ ਅਤੇ ਗਿਆਨ ਦੇ ਰਾਹੀਂ ਇਸ ਪੂਰੇ ਢਾਂਚੇ ਨੂੰ ਬਦਲਣ ਦਾ ਇੱਕ ਅਟੁੱਟ ਸੰਕਲਪ ਪੈਦਾ ਕੀਤਾ।

**ਸੰਸਦੀ ਲੋਕਤੰਤਰ 'ਤੇ ਡਾ. ਅੰਬੇਡਕਰ ਦੇ ਦੂਰਦਰਸ਼ੀ ਵਿਚਾਰ** : ਡਾ. ਅੰਬੇਡਕਰ ਸੰਸਦੀ ਲੋਕਤੰਤਰ (Parliamentary Democracy) ਦੇ ਬਹੁਤ ਵੱਡੇ ਮੁਦਈ ਸਨ। ਉਨ੍ਹਾਂ ਦਾ ਮੰਨਣਾ ਸੀ ਕਿ ਸੰਸਦੀ ਪ੍ਰਣਾਲੀ ਹੀ ਇੱਕ ਅਜਿਹਾ ਮਾਧਿਅਮ ਹੈ, ਜਿਸ ਰਾਹੀਂ ਬਿਨਾਂ ਕਿਸੇ ਖ਼ੂਨ-ਖ਼ਰਾਬੇ ਦੇ ਸਮਾਜ ਵਿੱਚ ਵੱਡੀ ਤਬਦੀਲੀ ਲਿਆਂਦੀ ਜਾ ਸਕਦੀ ਹੈ। ਉਹ ਲੋਕਤੰਤਰ ਨੂੰ ਸਿਰਫ਼ ਸਰਕਾਰ ਚਲਾਉਣ ਦੇ ਇੱਕ ਤਰੀਕੇ ਵਜੋਂ ਨਹੀਂ, ਸਗੋਂ ਮਨੁੱਖੀ ਜੀਵਨ ਦੇ ਇੱਕ ਮਿਆਰ ਵਜੋਂ ਦੇਖਦੇ ਸਨ। ਉਨ੍ਹਾਂ ਦੇ ਅਨੁਸਾਰ ਸੰਸਦੀ ਲੋਕਤੰਤਰ ਦਾ ਮੁੱਖ ਮਕਸਦ ਦੇਸ਼ ਵਿੱਚੋਂ ਰਾਜਸ਼ਾਹੀ ਜਾਂ ਤਾਨਾਸ਼ਾਹੀ ਦਾ ਮੁਕੰਮਲ ਖ਼ਾਤਮਾ ਕਰਨਾ ਹੈ। ਰਾਜਸ਼ਾਹੀ ਵਿੱਚ ਸ਼ਕਤੀ ਇੱਕ ਹੀ ਪਰਿਵਾਰ ਜਾਂ ਵਿਅਕਤੀ ਦੇ ਹੱਥ ਵਿੱਚ ਹੁੰਦੀ ਹੈ, ਜਿੱਥੇ ਆਮ ਜਨਤਾ ਦੀ ਕੋਈ ਆਵਾਜ਼ ਨਹੀਂ ਹੁੰਦੀ। ਇਸ ਦੇ ਉਲਟ, ਸੰਸਦੀ ਲੋਕਤੰਤਰ ਸ਼ਕਤੀ ਦੀ ਚਾਬੀ ਆਮ ਲੋਕਾਂ ਦੇ ਹੱਥਾਂ ਵਿੱਚ ਸੌਂਪਦਾ ਹੈ। ਉਨ੍ਹਾਂ ਨੇ ਸਪੱਸ਼ਟ ਕੀਤਾ ਕਿ ਇਸ ਪ੍ਰਣਾਲੀ ਦੇ ਸਫ਼ਲ ਸੰਚਾਲਨ ਲਈ ਤਿੰਨ ਚੀਜ਼ਾਂ ਬੇਹੱਦ ਜ਼ਰੂਰੀ ਹਨ: ਪਹਿਲੀ, ਨਿਰਪੱਖ ਅਤੇ ਸਮੇਂ ਸਿਰ ਚੋਣਾਂ; ਦੂਜੀ, ਸੰਸਦ ਵਿੱਚ ਇੱਕ ਮਜ਼ਬੂਤ ਅਤੇ ਜ਼ਿੰਮੇਵਾਰ ਵਿਰੋਧੀ ਧਿਰ (Opposition) ਦਾ ਹੋਣਾ; ਅਤੇ ਤੀਜੀ, ਕਾਨੂੰਨ ਦਾ ਸ਼ਾਸਨ (Rule of Law)। ਉਨ੍ਹਾਂ ਦਾ ਮੰਨਣਾ ਸੀ ਕਿ ਜੇਕਰ ਦੇਸ਼ ਵਿੱਚ ਇੱਕ ਸ਼ਕਤੀਸ਼ਾਲੀ ਵਿਰੋਧੀ ਧਿਰ ਨਹੀਂ ਹੋਵੇਗੀ ਤਾਂ ਸੱਤਾਧਾਰੀ ਪਾਰਟੀ ਬਹੁਮਤ ਦੇ ਹੰਕਾਰ ਵਿੱਚ ਆ ਕੇ ਤਾਨਾਸ਼ਾਹ ਬਣ ਜਾਵੇਗੀ। ਵਿਰੋਧੀ ਧਿਰ ਦਾ ਕੰਮ ਸਿਰਫ਼ ਵਿਰੋਧ ਕਰਨਾ ਨਹੀਂ, ਸਗੋਂ ਸਰਕਾਰ ਨੂੰ ਜਨਤਾ ਪ੍ਰਤੀ ਜਵਾਬਦੇਹ ਬਣਾਉਣਾ ਹੈ। ਇਸ ਦੇ ਨਾਲ ਹੀ, 'ਕਾਨੂੰਨ ਦਾ ਸ਼ਾਸਨ' ਇਹ ਯਕੀਨੀ ਬਣਾਉਂਦਾ ਹੈ ਕਿ ਦੇਸ਼ ਦਾ ਪ੍ਰਧਾਨ ਮੰਤਰੀ ਹੋਵੇ ਜਾਂ ਕੋਈ ਗਰੀਬ ਮਜ਼ਦੂਰ, ਸਭ ਕਾਨੂੰਨ ਦੀਆਂ ਨਜ਼ਰਾਂ ਵਿੱਚ ਬਰਾਬਰ ਹਨ ਅਤੇ ਕਿਸੇ ਨੂੰ ਵੀ ਵਿਸ਼ੇਸ਼ ਅਧਿਕਾਰ ਪ੍ਰਾਪਤ ਨਹੀਂ ਹਨ।

**ਰਾਜਨੀਤਿਕ ਬਨਾਮ ਸਮਾਜਿਕ ਲੋਕਤੰਤਰ; ਇੱਕ ਇਤਿਹਾਸਕ ਚੇਤਾਵਨੀ** : 25 ਨਵੰਬਰ 1949 ਨੂੰ ਸੰਵਿਧਾਨ ਸਭਾ ਵਿੱਚ ਦਿੱਤੇ ਆਪਣੇ ਆਖ਼ਰੀ ਭਾਸ਼ਣ ਵਿੱਚ ਡਾ. ਅੰਬੇਡਕਰ ਨੇ ਦੇਸ਼ ਨੂੰ ਇੱਕ ਅਜਿਹੀ ਚੇਤਾਵਨੀ ਦਿੱਤੀ ਸੀ, ਜੋ ਅੱਜ ਦੇ ਰਾਜਨੀਤਿਕ ਹਾਲਾਤ 'ਤੇ ਵੀ ਪੂਰੀ ਤਰ੍ਹਾਂ ਢੁਕਦੀ ਹੈ। ਉਨ੍ਹਾਂ ਕਿਹਾ ਸੀ ਕਿ 26 ਜਨਵਰੀ 1950 ਨੂੰ ਅਸੀਂ ਵਿਰੋਧਾਭਾਸਾਂ (Contradictions) ਨਾਲ ਭਰੇ ਜੀਵਨ ਵਿੱਚ ਕਦਮ ਰੱਖਣ ਜਾ ਰਹੇ ਹਾਂ। ਰਾਜਨੀਤੀ ਵਿੱਚ ਸਾਡੇ ਕੋਲ ਸਮਾਨਤਾ ਹੋਵੇਗੀ, ਕਿਉਂਕਿ ਹਰ ਵਿਅਕਤੀ ਨੂੰ 'ਇੱਕ ਵੋਟ ਅਤੇ ਇੱਕ ਮੁੱਲ' ਦਾ ਅਧਿਕਾਰ ਮਿਲੇਗਾ, ਪਰ ਸਾਡੇ ਸਮਾਜਿਕ ਅਤੇ ਆਰਥਿਕ ਜੀਵਨ ਵਿੱਚ ਡੂੰਘੀ ਅਸਮਾਨਤਾ ਕਾਇਮ ਰਹੇਗੀ।

ਉਨ੍ਹਾਂ ਚੇਤਾਵਨੀ ਦਿੱਤੀ ਸੀ ਕਿ ਜੇਕਰ ਅਸੀਂ ਇਸ ਸਮਾਜਿਕ ਅਤੇ ਆਰਥਿਕ ਅਸਮਾਨਤਾ ਨੂੰ ਜਲਦੀ ਤੋਂ ਜਲਦੀ ਖ਼ਤਮ ਨਾ ਕੀਤਾ ਤਾਂ ਜੋ ਲੋਕ ਇਸ ਨਾ-ਬਰਾਬਰੀ ਦਾ ਸ਼ਿਕਾਰ ਹਨ, ਉਹ ਇੱਕ ਦਿਨ ਇਸ ਰਾਜਨੀਤਿਕ ਲੋਕਤੰਤਰ ਦੇ ਉਸ ਸ਼ਾਨਦਾਰ ਢਾਂਚੇ ਨੂੰ ਤਬਾਹ ਕਰ ਦੇਣਗੇ, ਜਿਸ ਨੂੰ ਸੰਵਿਧਾਨ ਸਭਾ ਨੇ ਇੰਨੀ ਮਿਹਨਤ ਨਾਲ ਤਿਆਰ ਕੀਤਾ ਹੈ। ਉਨ੍ਹਾਂ ਦਾ ਪੱਕਾ ਵਿਸ਼ਵਾਸ ਸੀ ਕਿ ਰਾਜਨੀਤਿਕ ਲੋਕਤੰਤਰ ਉਦੋਂ ਤੱਕ ਸਥਿਰ ਨਹੀਂ ਰਹਿ ਸਕਦਾ, ਜਦੋਂ ਤੱਕ ਉਸ ਦਾ ਆਧਾਰ ਸਮਾਜਿਕ ਲੋਕਤੰਤਰ ਨਹੀਂ ਹੁੰਦਾ।

**ਮਹਿਲਾ ਸਸ਼ਕਤੀਕਰਨ ਅਤੇ ਹਿੰਦੂ ਕੋਡ ਬਿੱਲ ਲਈ ਤਿਆਗ** : ਡਾ. ਅੰਬੇਡਕਰ ਦੇ ਸੰਘਰਸ਼ ਨੂੰ ਅਕਸਰ ਸਿਰਫ਼ ਦਲਿਤਾਂ ਦੀ ਲੜਾਈ ਵਜੋਂ ਦੇਖਿਆ ਜਾਂਦਾ ਹੈ, ਜੋ ਕਿ ਉਨ੍ਹਾਂ ਦੀ ਬਹੁ-ਪੱਖੀ ਸੋਚ ਨਾਲ ਨਾਇਨਸਾਫ਼ੀ ਹੈ। ਉਹ ਸਮੁੱਚੀ ਮਨੁੱਖਤਾ, ਖ਼ਾਸ ਕਰਕੇ ਭਾਰਤੀ ਔਰਤਾਂ ਦੇ ਮੁਕਤੀਦਾਤਾ ਸਨ। ਉਨ੍ਹਾਂ ਦਾ ਪ੍ਰਸਿੱਧ ਕਥਨ ਹੈ ਕਿ ਉਹ ਕਿਸੇ ਵੀ ਸਮਾਜ ਦੀ ਤਰੱਕੀ ਦਾ ਅੰਦਾਜ਼ਾ ਉਸ ਸਮਾਜ ਦੀਆਂ ਔਰਤਾਂ ਦੀ ਤਰੱਕੀ ਤੋਂ ਲਗਾਉਂਦੇ ਹਨ। ਭਾਰਤੀ ਇਤਿਹਾਸ ਵਿੱਚ ਔਰਤਾਂ ਨੂੰ ਪੁਰਸ਼-ਪ੍ਰਧਾਨ ਸੋਚ ਅਤੇ ਰੂੜੀਵਾਦੀ ਕਾਨੂੰਨਾਂ ਕਾਰਨ ਹਮੇਸ਼ਾ ਪਿੱਛੇ ਰੱਖਿਆ ਗਿਆ ਸੀ। ਆਜ਼ਾਦ ਭਾਰਤ ਦੇ ਪਹਿਲੇ ਕਾਨੂੰਨ ਮੰਤਰੀ ਵਜੋਂ ਉਨ੍ਹਾਂ ਨੇ 'ਹਿੰਦੂ ਕੋਡ ਬਿੱਲ' ਪੇਸ਼ ਕੀਤਾ, ਜੋ ਔਰਤਾਂ ਦੇ ਅਧਿਕਾਰਾਂ ਲਈ ਇੱਕ ਕਾਨੂੰਨੀ ਕ੍ਰਾਂਤੀ ਸੀ। ਇਸ ਬਿੱਲ ਰਾਹੀਂ ਉਹ ਔਰਤਾਂ ਨੂੰ ਪਿਤਾ ਦੀ ਜਾਇਦਾਦ ਵਿੱਚ ਬਰਾਬਰ ਦਾ ਹਿੱਸਾ ਦੇਣਾ, ਬਹੁ-ਵਿਆਹ ਪ੍ਰਥਾ 'ਤੇ ਰੋਕ ਲਗਾਉਣਾ, ਔਰਤਾਂ ਨੂੰ ਤਲਾਕ ਲੈਣ ਦਾ ਕਾਨੂੰਨੀ ਹੱਕ ਦੇਣਾ ਅਤੇ ਬੱਚਾ ਗੋਦ ਲੈਣ ਦੀ ਆਜ਼ਾਦੀ ਦਿਵਾਉਣਾ ਚਾਹੁੰਦੇ ਸਨ। ਪਰ ਅਫ਼ਸੋਸ ਦੀ ਗੱਲ ਹੈ ਕਿ ਉਸ ਸਮੇਂ ਦੇ ਕਈ ਕੱਟੜਪੰਥੀ ਅਤੇ ਰੂੜੀਵਾਦੀ ਸਿਆਸਤਦਾਨਾਂ ਨੇ ਇਸ ਦਾ ਤਿੱਖਾ ਵਿਰੋਧ ਕੀਤਾ। ਆਪਣੀਆਂ ਅੱਖਾਂ ਦੇ ਸਾਹਮਣੇ ਔਰਤਾਂ ਦੇ ਅਧਿਕਾਰਾਂ ਦਾ ਘਾਣ ਹੁੰਦਾ ਦੇਖ ਕੇ ਡਾ. ਅੰਬੇਡਕਰ ਨੇ ਦੇਸ਼ ਦੇ ਕਾਨੂੰਨ ਮੰਤਰੀ ਦੇ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ। ਇਹ ਕਦਮ ਸਾਬਤ ਕਰਦਾ ਹੈ ਕਿ ਉਨ੍ਹਾਂ ਲਈ ਕੁਰਸੀ ਜਾਂ ਸੱਤਾ ਦਾ ਕੋਈ ਮੁੱਲ ਨਹੀਂ ਸੀ, ਸਗੋਂ ਮਨੁੱਖੀ ਅਧਿਕਾਰ ਅਤੇ ਸਮਾਨਤਾ ਦੇ ਸਿਧਾਂਤ ਸਭ ਤੋਂ ਉੱਪਰ ਸਨ।

**ਅਜੋਕੇ ਦੌਰ ਵਿੱਚ ਅੰਬੇਡਕਰ ਦੇ ਵਿਚਾਰਾਂ ਦੀ ਪ੍ਰਸੰਗਿਕਤਾ** : ਅੱਜ ਜਦੋਂ ਭਾਰਤ ਵਿਸ਼ਵ ਪੱਧਰ 'ਤੇ ਇੱਕ ਵੱਡੀ ਤਾਕਤ ਵਜੋਂ ਉੱਭਰ ਰਿਹਾ ਹੈ, ਉਦੋਂ ਡਾ. ਅੰਬੇਡਕਰ ਦੇ ਵਿਚਾਰ ਪਹਿਲਾਂ ਨਾਲੋਂ ਵੀ ਵੱਧ ਪ੍ਰਸੰਗਿਕ ਅਤੇ ਜ਼ਰੂਰੀ ਹੋ ਗਏ ਹਨ। ਅੱਜ ਸਾਡਾ ਦੇਸ਼ ਜਿਨ੍ਹਾਂ ਰਾਜਨੀਤਿਕ ਅਤੇ ਸਮਾਜਿਕ ਚੁਣੌਤੀਆਂ ਵਿੱਚੋਂ ਲੰਘ ਰਿਹਾ ਹੈ, ਉਨ੍ਹਾਂ ਦਾ ਹੱਲ ਅੰਬੇਡਕਰ ਦੀ ਸੋਚ ਵਿੱਚ ਹੀ ਛਿਪਿਆ ਹੋਇਆ ਹੈ। ਅੱਜ ਦੀ ਰਾਜਨੀਤੀ 'ਤੇ ਜੇਕਰ ਨਜ਼ਰ ਮਾਰੀਏ, ਤਾਂ ਚੋਣਾਂ ਅਕਸਰ ਜਾਤ, ਧਰਮ, ਖੇਤਰਵਾਦ ਅਤੇ ਲੋਕ-ਲੁਭਾਊ ਮੁਫ਼ਤ ਸਹੂਲਤਾਂ ਦੇ ਵਾਅਦਿਆਂ 'ਤੇ ਲੜੀਆਂ ਜਾਂਦੀਆਂ ਹਨ। ਸਿਆਸੀ ਪਾਰਟੀਆਂ ਜਨਤਾ ਦੇ ਅਸਲ ਮੁੱਦਿਆਂ ਜਿਵੇਂ ਕਿ ਸਿੱਖਿਆ, ਸਿਹਤ ਅਤੇ ਰੁਜ਼ਗਾਰ ਤੋਂ ਧਿਆਨ ਭਟਕਾ ਕੇ ਵੋਟ ਬੈਂਕ ਦੀ ਰਾਜਨੀਤੀ ਕਰਦੀਆਂ ਹਨ। ਡਾ. ਅੰਬੇਡਕਰ ਨੇ ਅਜਿਹੀ ਰਾਜਨੀਤੀ ਦੇ ਖਿਲਾਫ਼ ਸਖ਼ਤ ਚੇਤਾਵਨੀ ਦਿੱਤੀ ਸੀ। ਉਹ ਚਾਹੁੰਦੇ ਸਨ ਕਿ ਜਨਤਾ ਆਪਣੇ ਨੁਮਾਇੰਦਿਆਂ ਨੂੰ ਉਨ੍ਹਾਂ ਦੀ ਯੋਗਤਾ ਅਤੇ ਦੇਸ਼ ਹਿੱਤ ਦੇ ਕੰਮਾਂ ਦੇ ਆਧਾਰ 'ਤੇ ਚੁਣੇ, ਨਾ ਕਿ ਜਾਤੀਗਤ ਸਾਂਝ ਦੇ ਆਧਾਰ 'ਤੇ। ਇਸ ਤੋਂ ਇਲਾਵਾ ਅੱਜ ਦੇ ਦੌਰ ਵਿੱਚ ਸੰਸਦੀ ਬਹਿਸਾਂ ਦਾ ਪੱਧਰ ਲਗਾਤਾਰ ਡਿੱਗ ਰਿਹਾ ਹੈ। ਸੰਸਦ ਵਿੱਚ ਗੰਭੀਰ ਚਰਚਾ ਦੀ ਬਜਾਏ ਹੰਗਾਮੇ, ਬਾਈਕਾਟ ਅਤੇ ਇੱਕ-ਦੂਜੇ 'ਤੇ ਨਿੱਜੀ ਦੋਸ਼ ਲਗਾਉਣ ਦੀ ਪ੍ਰਵਿਰਤੀ ਵੱਧ ਗਈ ਹੈ। ਕਈ ਵਾਰ ਬਿਨਾਂ ਕਿਸੇ ਵਿਸਤ੍ਰਿਤ ਬਹਿਸ ਦੇ ਮਹੱਤਵਪੂਰਨ ਕਾਨੂੰਨ ਪਾਸ ਕਰ ਦਿੱਤੇ ਜਾਂਦੇ ਹਨ, ਜੋ ਲੋਕਤੰਤਰ ਦੀ ਆਤਮਾ ਦੇ ਖਿਲਾਫ਼ ਹੈ। ਅੰਬੇਡਕਰ ਜੀ ਅਨੁਸਾਰ ਸੰਸਦ ਦੇਸ਼ ਦੀ ਜਨਤਾ ਦੀ ਆਵਾਜ਼ ਹੁੰਦੀ ਹੈ, ਜਿੱਥੇ ਹਰ ਕਾਨੂੰਨ 'ਤੇ ਡੂੰਘਾ ਮੰਥਨ ਹੋਣਾ ਚਾਹੀਦਾ ਹੈ ਤਾਂ ਜੋ ਉਹ ਸਮਾਜ ਦੇ ਹਰ ਵਰਗ ਲਈ ਕਲਿਆਣਕਾਰੀ ਸਾਬਤ ਹੋ ਸਕੇ। ਸਿੱਖਿਆ ਦੇ ਖੇਤਰ ਵਿੱਚ ਵੀ ਉਨ੍ਹਾਂ ਦੇ ਵਿਚਾਰ ਬੇਹੱਦ ਮਹੱਤਵਪੂਰਨ ਹਨ।

**ਇੱਕ ਆਦਰਸ਼ ਭਾਰਤ ਦਾ ਸੰਕਲਪ** : ਸੰਖੇਪ ਵਿੱਚ ਕਿਹਾ ਜਾ ਸਕਦਾ ਹੈ ਕਿ ਬਾਬਾਸਾਹਿਬ ਡਾ. ਭੀਮਰਾਓ ਅੰਬੇਡਕਰ ਸਿਰਫ਼ ਭੂਤਕਾਲ ਦੀ ਇੱਕ ਮਹਾਨ ਸ਼ਖ਼ਸੀਅਤ ਨਹੀਂ, ਸਗੋਂ ਉਹ ਵਰਤਮਾਨ ਅਤੇ ਭਵਿੱਖ ਦੇ ਭਾਰਤ ਲਈ ਇੱਕ ਚਾਨਣ-ਮੁਨਾਰਾ ਹਨ। ਉਨ੍ਹਾਂ ਦਾ ਜੀਵਨ ਸਾਨੂੰ ਇਹ ਸਿਖਾਉਂਦਾ ਹੈ ਕਿ ਕੋਈ ਵੀ ਮੁਸ਼ਕਲ, ਕੋਈ ਵੀ ਸਮਾਜਿਕ ਬੰਧਨ ਜਾਂ ਅਪਮਾਨ ਤੁਹਾਡੇ ਹੌਸਲੇ ਨੂੰ ਉਦੋਂ ਤੱਕ ਨਹੀਂ ਤੋੜ ਸਕਦਾ, ਜਦੋਂ ਤੱਕ ਤੁਹਾਡੇ ਅੰਦਰ ਗਿਆਨ ਦੀ ਤੜਪ ਅਤੇ ਸਮਾਜ ਨੂੰ ਬਦਲਣ ਦਾ ਜਜ਼ਬਾ ਮੌਜੂਦ ਹੈ। ਅੱਜ ਭਾਰਤ ਦੇ ਹਰ ਨਾਗਰਿਕ, ਬੁੱਧੀਜੀਵੀ ਅਤੇ ਰਾਜਨੇਤਾ ਦਾ ਇਹ ਨੈਤਿਕ ਫਰਜ਼ ਬਣਦਾ ਹੈ ਕਿ ਉਹ ਸੰਵਿਧਾਨ ਦੀ ਸਿਰਫ਼ ਕਿਤਾਬੀ ਪੂਜਾ ਨਾ ਕਰਨ, ਸਗੋਂ ਉਸ ਦੀ ਅਸਲ ਭਾਵਨਾ ਨੂੰ ਸਮਝਣ। ਸਾਨੂੰ ਇੱਕ ਅਜਿਹਾ ਦੇਸ਼ ਸਿਰਜਣਾ ਪਵੇਗਾ, ਜਿੱਥੇ ਜਾਤ, ਧਰਮ ਜਾਂ ਲਿੰਗ ਦੇ ਆਧਾਰ 'ਤੇ ਕੋਈ ਭੇਦਭਾਵ ਨਾ ਹੋਵੇ, ਜਿੱਥੇ ਹਰ ਔਰਤ ਆਪਣੇ ਆਪ ਨੂੰ ਸੁਰੱਖਿਅਤ ਅਤੇ ਸਮਰੱਥ ਮਹਿਸੂਸ ਕਰੇ ਅਤੇ ਜਿੱਥੇ ਸੰਸਦ ਦੇ ਅੰਦਰ ਜਨਤਾ ਦੇ ਹਿੱਤਾਂ ਦੀ ਸੱਚੀ ਪਹਿਰੇਦਾਰੀ ਹੋਵੇ। ਡਾ. ਅੰਬੇਡਕਰ ਦੇ ਸੁਪਨਿਆਂ ਦਾ ਭਾਰਤ ਉਦੋਂ ਹੀ ਬਣੇਗਾ ਜਦੋਂ ਦੇਸ਼ ਦਾ ਸਭ ਤੋਂ ਕਮਜ਼ੋਰ ਵਿਅਕਤੀ ਵੀ ਪੂਰੇ ਸਨਮਾਨ ਅਤੇ ਆਜ਼ਾਦੀ ਨਾਲ ਜੀ ਸਕੇਗਾ। ਉਨ੍ਹਾਂ ਦੀ ਸੋਚ ਅਤੇ ਦਰਸ਼ਨ ਸਦੀਆਂ ਤੱਕ ਮਨੁੱਖਤਾ ਅਤੇ ਭਾਰਤੀ ਲੋਕਤੰਤਰ ਦਾ ਮਾਰਗਦਰਸ਼ਨ ਕਰਦੇ ਰਹਿਣਗੇ।

# ਨਾਮਧਾਰੀ ਸੰਪਰਦਾ ਸਾਦਗੀ, ਸੱਚਾਈ ਅਤੇ ਨਸ਼ਾ-ਮੁਕਤੀ ਦੀ ਮਿਸਾਲ : ਰਾਜਪਾਲ



ਲੁਧਿਆਣਾ, 7 ਜੂਨ (ਵਿਸ਼ਾਲ ਸ਼ਰਮਾ): ਪੰਜਾਬ ਦੇ ਰਾਜਪਾਲ ਗੁਲਾਬ ਚੰਦ ਕਟਾਰੀਆ ਨੇ ਸ੍ਰੀ ਭੈਣੀ ਸਾਹਿਬ (ਲੁਧਿਆਣਾ) ਦੇ ਅਧਿਆਤਮਿਕ ਅਤੇ ਧਾਰਮਿਕ ਅਸਥਾਨ ਦਾ ਦੌਰਾ ਕੀਤਾ, ਜਿੱਥੇ ਉਨ੍ਹਾਂ ਧਾਰਮਿਕ ਵਿਰਾਸਤੀ ਅਸਥਾਨ ਸ੍ਰੀ ਭੈਣੀ ਸਾਹਿਬ ਦੇ ਦਰਸ਼ਨ ਕੀਤੇ ਅਤੇ ਅਧਿਆਤਮਿਕ ਗੁਰਮਤਿ ਸਮਾਗਮ ਨੂੰ ਸੰਬੋਧਨ ਵੀ ਕੀਤਾ। ਨਾਮਧਾਰੀ ਸੰਪਰਦਾ ਦੇ ਵਿਸ਼ਵ ਮੁਖੀ ਸਤਿਗੁਰੂ ਉਦੈ ਸਿੰਘ ਨੇ ਰਾਜਪਾਲ ਪੰਜਾਬ ਗੁਲਾਬ ਚੰਦ ਕਟਾਰੀਆ ਦਾ ਸਵਾਗਤ ਕਰਦਿਆਂ ਨਾਮਧਾਰੀ ਭਾਈਚਾਰੇ ਦੁਆਰਾ ਅਪਣਾਈਆਂ ਗਈਆਂ ਅਧਿਆਤਮਿਕ ਪਰੰਪਰਾਵਾਂ ਅਤੇ ਮਾਨਵਤਾਵਾਦੀ ਕਦਰਾਂ-ਕੀਮਤਾਂ ਬਾਰੇ ਜਾਣਕਾਰੀ ਸਾਂਝੀ ਕੀਤੀ।

ਇਸ ਮੌਕੇ ਰਾਜ ਸੂਚਨਾ ਕਮਿਸ਼ਨਰ ਪੰਜਾਬ ਹਰਪ੍ਰੀਤ ਸੰਧੂ ਦੁਆਰਾ ਪ੍ਰਸਿੱਧ ਧਾਰਮਿਕ ਵਿਰਾਸਤ 'ਸਚਖੰਡ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ' ਨੂੰ ਦਰਸਾਉਂਦੀ ਇੱਕ ਵਿਸ਼ੇਸ਼ ਚਿੱਤਰਕਾਰੀ ਕੀਤੀ ਤਸਵੀਰ ਜੋ ਸਤਿਗੁਰ ਉਦੈ ਸਿੰਘ ਜੀ ਦੁਆਰਾ ਰਾਜਪਾਲ ਪੰਜਾਬ ਸ੍ਰੀ ਗੁਲਾਬ ਚੰਦ ਕਟਾਰੀਆ ਨੂੰ ਇੱਕ ਪਵਿੱਤਰ ਯਾਦਗਾਰ ਵਜੋਂ ਭੇਟ ਕੀਤੀ ਗਈ। ਗੁਲਾਬ ਚੰਦ ਕਟਾਰੀਆ ਦੀ ਰਾਜਪਾਲ ਪੰਜਾਬ ਬਣਨ ਤੋਂ ਬਾਅਦ ਸ੍ਰੀ ਭੈਣੀ ਸਾਹਿਬ ਦੀ ਇਹ ਪਹਿਲੀ ਫੇਰੀ ਸੀ, ਇਸ ਫੇਰੀ ਦੌਰਾਨ ਰਾਜਪਾਲ ਨੇ ਸ੍ਰੀ ਭੈਣੀ ਸਾਹਿਬ ਦੇ ਅੰਦਰ ਪਵਿੱਤਰ ਅਸਥਾਨ ਰਾਮ ਮੰਦਰ ਦਾ ਵੀ ਦੌਰਾ ਕੀਤਾ, ਜਿੱਥੇ 1857 ਵਿੱਚ ਅੰਗਰੇਜ਼ਾਂ ਵਿਰੁੱਧ ਕੂਕਾ ਲਹਿਰ ਸ਼ੁਰੂ ਹੋਈ ਸੀ। ਰਾਜਪਾਲ ਨੇ ਰਾਮ ਮੰਦਰ ਅੰਦਰ ਲੱਗੀ ਫੋਟੋ ਪ੍ਰਦਰਸ਼ਨੀ ਵੀ ਦੇਖੀ। ਇਸ ਤੋਂ ਬਾਅਦ ਉਹਨਾਂ ਨੇ ਨਾਮਧਾਰੀ ਗਊਸ਼ਾਲਾ ਦਾ ਵੀ ਦੌਰਾ ਕੀਤਾ ਜਿੱਥੇ ਉਹਨਾਂ ਨੇ ਗਊਆਂ ਨੂੰ ਗੁੜ ਖਵਾਇਆ ਅਤੇ ਗਊਆਂ ਦੀ ਰੱਖਿਆ ਅਤੇ ਭਲਾਈ ਲਈ ਕੀਤੇ ਜਾ ਰਹੇ ਸਮਰਪਿਤ ਯਤਨਾਂ ਦੀ ਸ਼ਲਾਘਾ ਵੀ ਕੀਤੀ।

ਗੁਲਾਬ ਚੰਦ ਕਟਾਰੀਆ ਨੇ ਸਤਿਗੁਰੂ ਉਦੈ ਸਿੰਘ ਦੀ ਮੌਜੂਦਗੀ ਵਿੱਚ ਸ੍ਰੀ ਭੈਣੀ ਸਾਹਿਬ ਵਿਖੇ ਕਰਵਾਏ ਗਏ ਗੁਰਮਤਿ ਸਮਾਗਮ ਵਿੱਚ ਵੀ ਹਿੱਸਾ ਲਿਆ, ਜਿੱਥੇ ਉਨ੍ਹਾਂ ਨੇ ਕੀਰਤਨ ਸਰਵਣ ਕੀਤਾ।ਇਸ ਮੌਕੇ ਉਨ੍ਹਾਂ ਦੇ ਨਾਲ ਮੁੱਖ ਸੂਚਨਾ ਕਮਿਸ਼ਨਰ ਪੰਜਾਬ ਇੰਦਰਪਾਲ ਸਿੰਘ ਧੰਨਾ ਅਤੇ ਪੰਜਾਬ ਰਾਜ ਸੂਚਨਾ ਕਮਿਸ਼ਨਰ ਹਰਪ੍ਰੀਤ ਸੰਧੂ ਨੇ ਵੀ ਗੁਰਮਤਿ ਸਮਾਗਮ ਵਿੱਚ ਸ਼ਿਰਕਤ ਕੀਤੀ। ਸਮਾਗਮ ਨੂੰ ਸੰਬੋਧਨ ਕਰਦਿਆਂ ਰਾਜਪਾਲ ਗੁਲਾਬ ਚੰਦ ਕਟਾਰੀਆ ਨੇ ਕਿਹਾ ਕਿ ਭਾਰਤ ਦੀ ਅਜ਼ਾਦੀ ਦੀ ਲੜਾਈ ਦਾ ਮੁੱਢ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਅੰਗਰੇਜ ਸਾਮਰਾਜ ਵਿਰੁੱਧ ਨਾ ਮਿਲਵਤਰਨ ਲਹਿਰ ਚਲਾ ਕੇ ਬੰਨ੍ਹਿਆ ਅਤੇ ਦੇਸ਼ ਨੂੰ ਧਾਰਮਿਕ, ਸਮਾਜਿਕ ਅਤੇ ਰਾਜਨੀਤਕ ਸੇਧ ਪ੍ਰਦਾਨ ਕੀਤੀ ਅਤੇ ਉਹਨਾਂ ਨੇ ਸੱਚ, ਸਤਿਆਗ੍ਰਹਿ ਅਤੇ ਅਹਿੰਸਾ ਦੇ ਸਿਧਾਂਤਾ ਤੇ ਪਹਿਰਾ ਦਿੱਤਾ ਅਤੇ ਇਹਨਾਂ ਸਿਧਾਂਤਾ ਨੂੰ ਅਪਣਾ ਕੇ ਦੇਸ਼ ਦੀ ਅਜ਼ਾਦੀ ਦੀ ਲਹਿਰ ਵਿਚ ਵਡਮੁੱਲਾ ਯੋਗਦਾਨ ਪਾਇਆ। ਸਤਿਗੁਰੂ ਰਾਮ ਸਿੰਘ ਜੀ ਦੀ ਸੋਚ ਨੂੰ ਸਮਾਜ ਸੁਧਾਰ ਦਾ ਆਧਾਰ ਬਣਾਉਣ ਦੀ ਲੋੜ ਹੈ।ਕੂਕਾ ਸ਼ਹੀਦਾਂ ਦੀਆਂ ਕੁਰਬਾਨੀਆਂ ਦਾ ਜ਼ਿਕਰ ਕਰਦਿਆਂ, ਗੁਲਾਬ ਚੰਦ ਕਟਾਰੀਆ ਨੇ ਅੱਗੇ ਕਿਹਾ ਕਿ ਸਤਿਗੁਰੂ ਰਾਮ ਸਿੰਘ ਜੀ ਨੇ ਬਹਾਦਰ ਕ੍ਰਾਂਤੀਕਾਰੀ ਪੈਦਾ ਕੀਤੇ, ਜਿਨ੍ਹਾਂ ਨੇ ਅੰਗਰੇਜ਼ਾਂ ਦੇ ਖਿਲਾਫ ਹੌਸਲੇ ਨਾਲ ਲੜਾਈ ਲੜੀ ਅਤੇ ਦੇਸ਼ ਨੂੰ ਆਜ਼ਾਦ ਕਰਵਾਉਣ ਲਈ ਤੋਪਾਂ ਦੇ ਸਾਹਮਣੇ ਖੜ੍ਹੇ ਹੋ ਕੇ ਆਪਣੀਆਂ ਜਾਨਾਂ ਕੁਰਬਾਨ ਕੀਤੀਆਂ।

# ਹਰਿਆਣਾ ਦੇ ਮੁੱਖ ਮੰਤਰੀ ਸੈਣੀ ਦਾ ਦੇਬੀ ਦੇ ਦਫ਼ਤਰ ਵਿਖੇ ਭਰਵਾਂ ਸਵਾਗਤ



ਲੁਧਿਆਣਾ, 7 ਜੂਨ (ਰਵਿੰਦਰ ਸਿੰਘ ਨਿੱਝਰ) : ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਅੱਜ ਭਾਜਪਾ ਪ੍ਰਦੇਸ਼ ਖਜ਼ਾਨਚੀ ਗੁਰਦੇਵ ਸ਼ਰਮਾ ਦੇਬੀ ਦੇ ਦਫ਼ਤਰ ਵਿਖੇ ਭਾਜਪਾ ਦੇ ਪ੍ਰਦੇਸ਼ ਉਪ ਪ੍ਰਧਾਨ ਡਾ. ਸੁਭਾਸ਼ ਸ਼ਰਮਾ ਅਤੇ ਜ਼ਿਲ੍ਹਾ ਪ੍ਰਧਾਨ ਰਜਨੀਸ਼ ਧੀਮਾਨ ਦੇ ਨਾਲ ਪਹੁੰਚੇ। ਇਸ ਮੌਕੇ ਭਾਜਪਾ ਆਗੂਆਂ ਅਤੇ ਵਰਕਰਾਂ ਵੱਲੋਂ ਉਨ੍ਹਾਂ ਦਾ ਗਰਮਜੋਸ਼ੀ ਨਾਲ ਸਵਾਗਤ ਕੀਤਾ ਗਿਆ। ਸ੍ਰੀ ਸੈਣੀ ਨੇ ਮੌਜੂਦ ਵਰਕਰਾਂ ਅਤੇ ਅਹੁਦੇਦਾਰਾਂ ਨਾਲ ਮੁਲਾਕਾਤ ਕਰਦਿਆਂ ਸੰਗਠਨਾਤਮਕ ਮਸਲਿਆਂ 'ਤੇ ਚਰਚਾ ਕੀਤੀ ਅਤੇ ਪਾਰਟੀ ਨੂੰ ਹੋਰ ਮਜ਼ਬੂਤ ਬਣਾਉਣ ਲਈ ਮਿਲ ਕੇ ਕੰਮ ਕਰਨ ਦਾ ਸੱਦਾ ਦਿੱਤਾ। ਉਨ੍ਹਾਂ ਨੇ ਕੇਂਦਰ ਸਰਕਾਰ ਦੀਆਂ ਲੋਕ-ਭਲਾਈ ਯੋਜਨਾਵਾਂ ਅਤੇ ਪ੍ਰਾਪਤੀਆਂ ਨੂੰ ਹਰ ਵਰਗ ਤੱਕ ਪਹੁੰਚਾਉਣ 'ਤੇ ਵੀ ਜ਼ੋਰ ਦਿੱਤਾ। ਭਾਜਪਾ ਦੇ ਸੀਨੀਅਰ ਆਗੂਆਂ ਅਤੇ ਕਾਰਕੁਨਾਂ ਨੇ ਮੁੱਖ ਮੰਤਰੀ ਦਾ ਸਨਮਾਨ ਕੀਤਾ। ਦੇਬੀ ਨੇ ਮੁੱਖ ਮੰਤਰੀ ਸੈਣੀ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਨ੍ਹਾਂ ਦਾ ਮਾਰਗਦਰਸ਼ਨ ਕਾਰਕੁੰਨਾਂ ਲਈ ਪ੍ਰੇਰਣਾਦਾਇਕ ਹੈ।ਇਸ ਮੌਕੇ ਮਨੀਸ਼ ਚੋਪੜਾ, ਨਰਿੰਦਰ ਸਿੰਘ ਮੱਲੀ, ਪ੍ਰੈਸ ਸਕੱਤਰ ਡਾ. ਸਤੀਸ਼ ਕੁਮਾਰ, ਯਸ਼ਪਾਲ ਚੌਧਰੀ, ਰਵੀ ਬੱਤਰਾ, ਵਿਕੀ ਸਹੋਤਾ, ਰਾਜੀਵ ਸ਼ਰਮਾ, ਦੀਪਕ ਜੌਹਰ, ਅਮਿਤ ਮਿੱਤਲ, ਹਿਮਾਂਸ਼ੂ ਕਾਲੜਾ, ਸੰਜੇ ਖਟਕ, ਅਭਿਸ਼ੇਕ ਸ਼ਰਮਾ, ਸੁਰਿੰਦਰ ਸ਼ਿੰਦਾ, ਵਿਜੈ ਖਟਕ, ਹਿਮਾਨੀ ਸ਼ਰਮਾ, ਨਿਸ਼ਾ, ਰਾਕੇਸ਼ ਸਹੋਤਾ, ਆਰਯਨ, ਸੂਰਜ ਡਾਵਲ ਅਤੇ ਦੀਪਕ ਬਾਮਨੀਆ ਸਮੇਤ ਵੱਡੀ ਗਿਣਤੀ ਵਿੱਚ ਭਾਜਪਾ ਅਹੁਦੇਦਾਰ, ਅਤੇ ਭਾਜਪਾ ਵਰਕਰ ਹਾਜ਼ਰ ਸਨ।

# ਲੁਧਿਆਣਾ ਦੇ 2,927 ਪੋਲਿੰਗ ਬੂਥਾਂ 'ਤੇ ਵਿਸ਼ੇਸ਼ ਕੈਂਪ ਲਗਾਏ : ਏ.ਡੀ.ਸੀ.



ਲੁਧਿਆਣਾ, 7 ਜੂਨ (ਵਿਸ਼ਾਲ ਸ਼ਰਮਾ): ਭਾਰਤ ਚੋਣ ਕਮਿਸ਼ਨ ਅਤੇ ਮੁੱਖ ਚੋਣ ਅਫਸਰ, ਪੰਜਾਬ ਦੇ ਨਿਰਦੇਸ਼ਾਂ 'ਤੇ ਐਤਵਾਰ ਨੂੰ ਬੂਥ ਲੈਵਲ ਅਫ਼ਸਰਾਂ (ਬੀ.ਐਲ.ਓਜ਼) ਦੁਆਰਾ ਸਾਰੇ ਵਿਧਾਨ ਸਭਾ ਹਲਕਿਆਂ ਦੇ 2,927 ਪੋਲਿੰਗ ਬੂਥਾਂ 'ਤੇ ਵਿਸ਼ੇਸ਼ ਕੈਂਪ ਲਗਾਏ ਗਏ ਤਾਂ ਜੋ ਪ੍ਰੀ-ਐਸ.ਆਈ.ਆਰ ਵੋਟਰ ਮੈਪਿੰਗ ਅਧੀਨ ਬਾਕੀ ਵੋਟਰਾਂ ਦੀ ਮੈਪਿੰਗ ਦੀ ਪ੍ਰਗਤੀ ਨੂੰ ਤੇਜ਼ ਕੀਤਾ ਜਾ ਸਕੇ। ਵਧੀਕ ਡਿਪਟੀ ਕਮਿਸ਼ਨਰ (ਜ)-ਕਮ-ਵਧੀਕ ਜ਼ਿਲ੍ਹਾ ਚੋਣ ਅਫਸਰ ਪੂਨਮ ਸਿੰਘ ਨੇ ਬੀ.ਐਲ.ਓਜ਼ ਦੀ ਮੌਜੂਦਗੀ ਦੀ ਜਾਂਚ ਕਰਨ ਲਈ ਵੱਖ-ਵੱਖ ਵਿਧਾਨ ਸਭਾ ਹਲਕਿਆਂ ਦੇ ਪੋਲਿੰਗ ਬੂਥਾਂ 'ਤੇ ਨਿਰੀਖਣ ਕੀਤਾ ਅਤੇ ਉਨ੍ਹਾਂ ਦੁਆਰਾ ਕੀਤੇ ਜਾ ਰਹੇ ਵੋਟਰ ਮੈਪਿੰਗ ਦੇ ਕੰਮ ਦਾ ਜਾਇਜ਼ਾ ਲਿਆ। ਉਨ੍ਹਾਂ ਨੇ ਬਾਜਵਾ ਨਗਰ ਨੇੜੇ ਕਮਲਾ ਲੋਹਟੀਆ ਸਨਾਤਨ ਧਰਮ ਕਾਲਜ ਵਿਖੇ ਲੁਧਿਆਣਾ ਸੈਂਟਰਲ ਅਧੀਨ ਬੂਥ ਨੰਬਰ 2, 3 ਅਤੇ 4 ਦਾ ਦੌਰਾ ਕੀਤਾ। ਲੁਧਿਆਣਾ ਪੱਛਮੀ ਅਧੀਨ ਬੂਥ ਨੰਬਰ 52, 53, 54, 55 ਅਤੇ 56 ਸਰਕਾਰੀ ਐਲੀਮੈਂਟਰੀ ਸਕੂਲ ਨੰਬਰ 5, ਕਾਲਜ ਰੋਡ, ਸਿਵਲ ਲਾਈਨਜ਼ ਵਿਧਾਨ ਸਭਾ ਚੋਣ ਹਲਕਾ 65-ਲੁਧਿਆਣਾ ਉੱਤਰੀ ਦੇ ਬੂਥ ਨੰਬਰ 132, 133, 134, 135 ਅਤੇ 136 ਸਰਕਾਰੀ ਹਾਈ ਸਕੂਲ ਕੁੰਦਨਪੁਰੀ ਵਿਖੇ ਦੌਰਾ ਕੀਤਾ ਗਿਆ। ਇਨ੍ਹਾਂ ਬੂਥਾਂ 'ਤੇ ਸਾਰੇ ਬੀ.ਐਲ.ਓ ਮੌਜੂਦ ਪਾਏ ਗਏ। ਪੂਨਮ ਸਿੰਘ ਨੇ ਬੀ.ਐਲ.ਓਜ਼ ਨੂੰ ਵੋਟਰ ਮੈਪਿੰਗ ਦੇ ਯਤਨਾਂ ਨੂੰ ਵਧਾਉਣ ਅਤੇ ਵੋਟਰਾਂ ਤੱਕ ਪਹੁੰਚ ਕਰਨ ਦੇ ਨਿਰਦੇਸ਼ ਦਿੱਤੇ। ਇਸ ਤੋਂ ਇਲਾਵਾ, ਮੈਪਿੰਗ ਨਾ ਕੀਤੇ ਗਏ ਵੋਟਰਾਂ ਦੀ ਸੂਚੀ ਬੂਥ ਲੈਵਲ ਏਜੰਟਾਂ (ਬੀ.ਐਲ.ਏ) ਦੇ ਸਥਾਨਕ ਰਾਜਨੀਤਿਕ ਪਾਰਟੀਆਂ ਦੇ ਨੁਮਾਇੰਦਿਆਂ ਨਾਲ ਸਾਂਝੀ ਕਰਨ ਦੇ ਵੀ ਨਿਰਦੇਸ਼ ਜਾਰੀ ਕੀਤੇ ਗਏ।

ਭਾਰਤ ਚੋਣ ਕਮਿਸ਼ਨ ਦੀਆਂ ਹਦਾਇਤਾਂ ਅਨੁਸਾਰ ਵੱਖ-ਵੱਖ ਰਾਜਨੀਤਿਕ ਪਾਰਟੀਆਂ ਦੁਆਰਾ ਨਿਯੁਕਤ ਬੀ.ਐਲ.ਏ ਅਤੇ ਸਥਾਨਕ ਕੌਂਸਲਰ ਵੀ ਮੌਜੂਦ ਸਨ। ਵਧੀਕ ਜ਼ਿਲ੍ਹਾ ਚੋਣ ਅਫ਼ਸਰ ਨੇ ਬੀ.ਐਲ.ਏਜ਼ ਅਤੇ ਕੌਂਸਲਰਾਂ ਨੂੰ ਬੀ.ਐਲ.ਓਜ਼ ਦੀ ਸਹਾਇਤਾ ਕਰਨ ਅਤੇ ਗੈਰ-ਮੈਪ ਕੀਤੇ ਵੋਟਰਾਂ ਦੀ ਮੈਪਿੰਗ ਵਿੱਚ ਮੱਦਦ ਕਰਨ ਲਈ ਵੀ ਕਿਹਾ ਗਿਆ।

# ਪੀ.ਏ.ਯੂ. ਵਿਖੇ ਵਿਸ਼ਵ ਸਾਈਕਲ ਦਿਵਸ ਮਨਾਇਆ



ਲੁਧਿਆਣਾ, 7 ਜੂਨ ਵਿਸ਼ਾਲ ਸ਼ਰਮਾ) : ਸਾਈਕਲਿੰਗ ਐਸੋਸੀਏਸ਼ਨ ਆਫ਼ ਪੰਜਾਬ (ਸੀ.ਏ.ਪੀ) ਦੀ ਅਗਵਾਈ ਹੇਠ ਸਪੋਰਟਸ ਅਥਾਰਟੀ ਆਫ਼ ਇੰਡੀਆ (ਐਸ.ਏ.ਆਈ) ਸਿਖਲਾਈ ਕੇਂਦਰ, ਲੁਧਿਆਣਾ ਅਤੇ ਸਾਈਕਲਿੰਗ ਫੈਡਰੇਸ਼ਨ ਆਫ਼ ਇੰਡੀਆ (ਸੀ.ਐਫ.ਆਈ) ਦੇ ਸਹਿਯੋਗ ਨਾਲ ਸਾਈਕਲਿੰਗ ਐਸੋਸੀਏਸ਼ਨ ਆਫ਼ ਲੁਧਿਆਣਾ (ਸੀ.ਏ.ਐਲ.ਡੀ) ਨੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ (ਪੀ.ਏ.ਯੂ), ਲੁਧਿਆਣਾ ਦੇ ਸਹਿਯੋਗ ਨਾਲ ਪੀ.ਏ.ਯੂ ਕੈਂਪਸ ਵਿਖੇ ਵਿਸ਼ਵ ਸਾਈਕਲ ਦਿਵਸ 2026 ਮਨਾਉਣ ਲਈ ਇੱਕ ਸ਼ਾਨਦਾਰ ਸਾਈਕਲਿੰਗ ਸਮਾਗਮ ਦਾ ਸਫਲਤਾਪੂਰਵਕ ਆਯੋਜਨ ਕੀਤਾ।ਇਸ ਸਮਾਗਮ ਦੇ ਸਫਲ ਆਯੋਜਨ ਲਈ ਸ੍ਰੀ ਹਿਮਾਂਸ਼ੂ ਜੈਨ (ਆਈ.ਏ.ਐਸ) ਡਿਪਟੀ ਕਮਿਸ਼ਨਰ, ਲੁਧਿਆਣਾ, ਅਤੇ ਡਾ. ਰਿਸ਼ੀ ਪਾਲ ਸਿੰਘ (ਆਈ.ਏ.ਐਸ), ਰਜਿਸਟਰਾਰ, ਪੰਜਾਬ ਐਗਰੀਕਲਚਰਲ ਯੂਨੀਵਰਸਿਟੀ, ਲੁਧਿਆਣਾ ਨੇ ਮਹੱਤਵਪੂਰਨ ਭੂਮਿਕਾ ਨਿਭਾਈ ਅਤੇ 500 ਤੋਂ ਵੱਧ ਭਾਗੀਦਾਰ ਉਤਸ਼ਾਹ ਨਾਲ ਇਸ ਸਮਾਗਮ ਵਿੱਚ ਸ਼ਾਮਲ ਹੋਏ। ਇਹ ਸਮਾਗਮ ਭਾਰਤ ਸਰਕਾਰ ਦੇ ਯੁਵਾ ਮਾਮਲੇ ਅਤੇ ਖੇਡ ਮੰਤਰਾਲੇ ਦੀ ਅਗਵਾਈ ਹੇਠ ਆਯੋਜਿਤ ਕੀਤਾ ਗਿਆ ਸੀ ਅਤੇ ਇਸ ਵਿੱਚ ਕਈ ਪ੍ਰਸਿੱਧ ਸ਼ਖਸੀਅਤਾਂ ਅਤੇ ਖੇਡ ਸ਼ਖਸੀਅਤਾਂ ਦੀ ਮੌਜੂਦਗੀ ਦੇਖਣ ਨੂੰ ਮਿਲੀ। ਭਾਗ ਲੈਣ ਵਾਲਿਆਂ ਨੇ ਸੁੰਦਰ ਪੀ.ਏ.ਯੂ ਕੈਂਪਸ ਵਿੱਚ 10 ਕਿਲੋਮੀਟਰ ਦੀ ਸਾਈਕਲਿੰਗ ਸਵਾਰੀ ਪੂਰੀ ਕੀਤੀ। ਇੱਕ ਸਿਹਤਮੰਦ ਜੀਵਨ ਸ਼ੈਲੀ, ਵਾਤਾਵਰਣ ਸੰਭਾਲ ਅਤੇ ਸਮਾਜਿਕ ਜ਼ਿੰਮੇਵਾਰੀ ਪ੍ਰਤੀ ਆਪਣੀ ਵਚਨਬੱਧਤਾ ਦਾ ਪ੍ਰਦਰਸ਼ਨ ਕੀਤਾ। ਰੈਲੀ ਵਿੱਚ ਹਰ ਉਮਰ ਸਮੂਹ ਦੇ ਸਾਈਕਲ ਸਵਾਰਾਂ ਦੀ ਉਤਸ਼ਾਹੀ ਭਾਗੀਦਾਰੀ ਦੇਖੀ ਗਈ। ਜਸ਼ਨਾਂ ਵਿੱਚ ਰੰਗ ਅਤੇ ਉਤਸ਼ਾਹ ਜੋੜਦੇ ਹੋਏ ਊਰਜਾਵਾਨ ਭੰਗੜਾ ਅਤੇ ਜ਼ੁੰਬਾ ਸੈਸ਼ਨ ਅਮਨ ਮਾਨ ਕੋਚ ਦੁਆਰਾ ਆਯੋਜਿਤ ਕੀਤੇ ਗਏ ਭਾਈਚਾਰਕ ਸ਼ਮੂਲੀਅਤ ਨੂੰ ਉਤਸ਼ਾਹਿਤ ਕੀਤਾ ਗਿਆ।

# ਬਲੌਸਮਜ਼ ਕਾਨਵੈਂਟ ਸਕੂਲ ਵਿਖੇ ਰਾਸ਼ਟਰੀ ਸਿੱਖਿਆ ਨੀਤੀ-2020 ਸਬੰਧੀ ਸੀ.ਬੀ.ਐਸ.ਈ. ਵਰਕਸ਼ਾਪ



ਜਗਰਾਓਂ, 7 ਜੂਨ (ਵਿਸ਼ਾਲ ਅੱਤਰੇ ਆਰੀਅਨ ਅੱਤਰੇ) : ਬਲੌਸਮਜ਼ ਕਾਨਵੈਂਟ ਸਕੂਲ ਵਿਖੇ ਅੱਜ ਸੀ.ਬੀ.ਐਸ.ਈ. ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਰਾਸ਼ਟਰੀ ਸਿੱਖਿਆ ਨੀਤੀ-2020 ਸਬੰਧੀ ਅਧਿਆਪਕਾਂ ਲਈ ਇੱਕ ਵਿਸ਼ੇਸ਼ ਵਰਕਸ਼ਾਪ ਦਾ ਆਯੋਜਨ ਕੀਤਾ ਗਿਆ। ਇਸ ਵਰਕਸ਼ਾਪ ਦਾ ਮੁੱਖ ਉਦੇਸ਼ ਅਧਿਆਪਕਾਂ ਨੂੰ ਐਨ.ਈ.ਪੀ.-2020 ਦੇ ਮੁੱਖ ਉਦੇਸ਼ਾਂ, ਨਵੀਆਂ ਸਿੱਖਣ-ਸਿਖਾਉਣ ਪੱਧਤੀਆਂ ਅਤੇ ਵਿਦਿਆਰਥੀ-ਕੇਂਦਰਿਤ ਸਿੱਖਿਆ ਬਾਰੇ ਜਾਣੂ ਕਰਵਾਉਣਾ ਸੀ।ਵਰਕਸ਼ਾਪ ਵਿੱਚ ਸੀ.ਬੀ.ਐਸ.ਈ. ਵੱਲੋਂ ਨਾਮਜ਼ਦ ਰਿਸੋਰਸ ਪਰਸਨ ਡਾ. ਨਵਨੀਤ ਕੌਰ, ਜੋ ਕਿ ਸ੍ਰੀ ਰਾਮ ਯੂਨੀਵਰਸਲ ਸਕੂਲ, ਲੁਧਿਆਣਾ ਦੇ ਪ੍ਰਿੰਸੀਪਲ ਹਨ, ਅਤੇ ਸ੍ਰੀਮਤੀ ਮੀਨਾ ਕੁਮਾਰੀ, ਜੋ ਕਿ ਡੀ.ਏ.ਵੀ. ਸੈਂਟੇਨਰੀ ਪਬਲਿਕ ਸਕੂਲ, ਜਗਰਾਓਂ ਵਿੱਚ ਪੀ.ਜੀ.ਟੀ. ਅਧਿਆਪਕਾ ਹਨ, ਨੇ ਆਪਣੇ ਤਜਰਬੇ ਅਤੇ ਗਿਆਨ ਰਾਹੀਂ ਅਧਿਆਪਕਾਂ ਨੂੰ ਵਿਸਥਾਰਪੂਰਵਕ ਜਾਣਕਾਰੀ ਦਿੱਤੀ।ਰਿਸੋਰਸ ਪਰਸਨਾਂ ਨੇ ਵੱਖ-ਵੱਖ ਗਤੀਵਿਧੀਆਂ ਰਾਹੀਂ ਸਮਝਾਇਆ ਕਿ ਰਾਸ਼ਟਰੀ ਸਿੱਖਿਆ ਨੀਤੀ-2020 ਦੇ ਤਹਿਤ ਕਲਾਸਰੂਮ ਸਿੱਖਿਆ ਨੂੰ ਹੋਰ ਪ੍ਰਭਾਵਸ਼ਾਲੀ, ਰੁਚਿਕਰ ਅਤੇ ਵਿਦਿਆਰਥੀ-ਕੇਂਦਰਿਤ ਕਿਵੇਂ ਬਣਾਇਆ ਜਾ ਸਕਦਾ ਹੈ। ਉਨ੍ਹਾਂ ਨੇ ਅਧਿਆਪਕਾਂ ਨੂੰ ਇਹ ਵੀ ਦੱਸਿਆ ਕਿ ਨਵੀਆਂ ਰਣਨੀਤੀਆਂ ਨੂੰ ਅਪਣਾ ਕੇ ਵਿਦਿਆਰਥੀਆਂ ਦੀ ਸਮਝ, ਰਚਨਾਤਮਕਤਾ ਅਤੇ ਸਿੱਖਣ ਦੀ ਯੋਗਤਾ ਨੂੰ ਹੋਰ ਬਿਹਤਰ ਕੀਤਾ ਜਾ ਸਕਦਾ ਹੈ।ਇਸ ਮੌਕੇ ਸਕੂਲ ਦੇ ਪ੍ਰਿੰਸੀਪਲ ਡਾ. ਨਵਨੀਤ ਕੌਰ ਨੇ ਦੋਵੇਂ ਰਿਸੋਰਸ ਪਰਸਨਾਂ ਦਾ ਤਹਿ ਦਿਲੋਂ ਧੰਨਵਾਦ ਕਰਦਿਆਂ ਕਿਹਾ ਕਿ ਸੀ.ਬੀ.ਐਸ.ਈ. ਵੱਲੋਂ ਸਮੇਂ-ਸਮੇਂ 'ਤੇ ਦਿੱਤੀਆਂ ਜਾਣ ਵਾਲੀਆਂ ਸਿਖਲਾਈਆਂ ਅਤੇ ਦਿਸ਼ਾ-ਨਿਰਦੇਸ਼ ਅਧਿਆਪਕਾਂ ਦੀ ਪੇਸ਼ੇਵਰ ਯੋਗਤਾ ਵਿੱਚ ਵਾਧਾ ਕਰਦੇ ਹਨ, ਜਿਸ ਦਾ ਸਿੱਧਾ ਲਾਭ ਵਿਦਿਆਰਥੀਆਂ ਨੂੰ ਮਿਲਦਾ ਹੈ।ਸਕੂਲ ਦੇ ਪ੍ਰਧਾਨ ਸ. ਮਨਪ੍ਰੀਤ ਸਿੰਘ ਬਰਾੜ ਨੇ ਵੀ ਸੀ.ਬੀ.ਐਸ.ਈ. ਦੇ ਇਸ ਉਪਰਾਲੇ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਭਵਿੱਖ ਵਿੱਚ ਵੀ ਅਧਿਆਪਕਾਂ ਲਈ ਅਜਿਹੇ ਸੈਮੀਨਾਰਾਂ ਅਤੇ ਵਰਕਸ਼ਾਪਾਂ ਦਾ ਆਯੋਜਨ ਕੀਤਾ ਜਾਂਦਾ ਰਹੇਗਾ, ਤਾਂ ਜੋ ਸਿੱਖਿਆ ਦਾ ਮਿਆਰ ਹੋਰ ਉੱਚਾ ਚੁੱਕਿਆ ਜਾ ਸਕੇ।

# ਧੀਰਾ ਖੁੱਡੀਆਂ ਨੇ ਪੰਜਾਬ ਗੋਦਾਮ ਨਿਗਮ ਦੇ ਚੇਅਰਮੈਨ ਦਾ ਅਹੁਦਾ ਸੰਭਾਲਿਆ



ਲੁਧਿਆਣਾ, 7 ਜੂਨ (ਰਵਿੰਦਰ ਸਿੰਘ ਨਿੱਝਰ) : ਕੈਬਨਿਟ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਦੇ ਭਤੀਜੇ ਰਣਧੀਰ ਸਿੰਘ ਧੀਰਾ ਖੁੱਡੀਆਂ ਜਿਨ੍ਹਾਂ ਨੂੰ ਕਿ ਹਾਲ ਹੀ ਵਿੱਚ ਪੰਜਾਬ ਸਰਕਾਰ ਵੱਲੋਂ ਪੰਜਾਬ ਕੰਟੇਨਰ ਐਂਡ ਵੇਅਰ ਹਾਊਸਿੰਗ ਕਾਰਪੋਰੇਸ਼ਨ ਦਾ ਚੇਅਰਮੈਨ ਨਿਯੁਕਤ ਕੀਤਾ ਗਿਆ ਸੀ, ਉਹਨਾਂ ਨੇ ਆਪਣੇ ਅਹੁਦੇ ਦਾ ਚਾਰਜ ਸੰਭਾਲ ਲਿਆ ਹੈ । ਉਹਨਾਂ ਚੰਡੀਗੜ੍ਹ ਦੇ ਸੈਕਟਰ 17 ਵਿਖੇ ਆਪਣਾ ਅਹੁਦਾ ਸੰਭਾਲਣ ਮੌਕੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਮਾਤਾ ਸ੍ਰੀਮਤੀ ਹਰਪਾਲ ਕੌਰ ਦਾ ਆਸ਼ੀਰਵਾਦ ਵੀ ਪ੍ਰਾਪਤ ਕੀਤਾ। ਇਸ ਮੌਕੇ 'ਤੇ ਕੈਬਨਿਟ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਅਤੇ ਪੰਜਾਬ ਕੰਟੇਨਰ ਅਤੇ ਵੇਅਰਹਾਊਸਿੰਗ ਦੇ ਡਾਇਰੈਕਟਰ ਰਵਿੰਦਰਪਾਲ ਸਿੰਘ ਪਾਲੀ ਵੀ ਮੌਜੂਦ ਸਨ।ਪਾਲੀ ਨੇ ਇਸ ਖੁਸ਼ੀ ਦੇ ਮੌਕੇ ਖੁੱਡੀਆਂ ਪਰਿਵਾਰ ਨੂੰ ਮੁਬਾਰਕਾਂ ਤੇ ਸ਼ੁਭ ਕਾਮਨਾਵਾਂ ਭੇਟ ਕੀਤੀਆਂ।

# ਸੂਬਾ ਸਰਕਾਰ ਵਿਰੁੱਧ ਇੱਕਮੁੱਠ ਹੋਣ ਦਾ ਸੱਦਾ

ਲੁਧਿਆਣਾ, 7 ਜੂਨ (ਰਵਿੰਦਰ ਸਿੰਘ ਨਿੱਝਰ) : ਦੇਸ਼ ਨੂੰ ਸਭ ਤੋਂ ਵੱਡੀ ਜਮਹੂਰੀਅਤ ਕਹਿ ਕੇ ਆਪਣੀ ਪਿੱਠ ਥਪਥਪਾਉਣ ਵਾਲੀ ਸਰਕਾਰ, ਲੋਕਾਂ ਦੇ ਮਸਲੇ ਹੱਲ ਕਰਨ ਵਿੱਚ ਨਾਕਾਮ ਰਹਿਣ ਕਾਰਣ ਉਹਨਾਂ ਦੇ ਹੱਕੀ ਤੇ ਸ਼ਾਂਤਮਈ ਸੰਘਰਸ਼ ਨੂੰ ਪੁਲਸੀ ਤਸ਼ੱਦਦ ਨਾਲ ਦਬਾਉਣ ਦਾ ਭਰਮ ਪਾਲ ਰਹੀ ਹੈ। ਸਰਕਾਰ ਵੱਲੋਂ ਕੀਤੇ ਵਾਅਦਿਆਂ ਨੂੰ ਨਾ ਪੂਰਾ ਕਰਨ 'ਤੇ ਜਦੋਂ ਬੇਰੋਜ਼ਗਾਰਾਂ ਤੇ ਸੇਵਾ ਕੇਂਦਰਾਂ ਦੇ ਕਾਮਿਆਂ ਨੇ ਸੰਘਰਸ਼ ਦਾ ਰਸਤਾ ਅਪਣਾਇਆ ਤਾਂ ਸਰਕਾਰ ਉਹਨਾਂ ਦੀ ਹੱਕੀ ਆਵਾਜ਼ ਸੁਣਨ ਦੀ ਥਾਂ ਜਬਰ ਕਰਨ 'ਤੇ ਉੱਤਰ ਆਈ ਹੈ । ਸਰਕਾਰ ਵੱਲੋਂ ਫੈਲਾਈ ਜਾ ਰਹੀ ਇਸ ਬਦ ਅਮਨੀ ਦਾ ਜਨਤਕ ਜਮਹੂਰੀ ਜੱਥੇਬੰਦੀਆਂ ਨੇ ਗੰਭਾਰ ਨੋਟਿਸ ਲੈਂਦਿਆਂ ਸਖਤ ਨਿੰਦਾ ਕੀਤੀ ਹੈ । ਜਮਹੂਰੀ ਅਧਿਕਾਰ ਸਭਾ ਪੰਜਾਬ ਦੇ ਆਗੂ ਜਸਵੰਤ ਜ਼ੀਰਖ, ਅਜਮੇਰ ਦਾਖਾ, ਸਤੀਸ਼ ਸੱਚਦੇਵਾ, ਸ਼ਹੀਦ ਭਗਤ ਸਿੰਘ ਵਿਚਾਰ ਮੰਚ ਦੇ ਪ੍ਰਧਾਨ ਪ੍ਰੋ ਏ ਕੇ ਮਲੇਰੀ, ਡਾ ਹਰਬੰਸ ਗਰੇਵਾਲ, ਇਨਕਲਾਬੀ ਮਜ਼ਦੂਰ ਕੇਂਦਰ ਦੇ ਪ੍ਰਧਾਨ ਸੁਰਿੰਦਰ ਸਿੰਘ, ਗਦਰੀ ਸ਼ਹੀਦ ਬਾਬਾ ਭਾਨ ਸਿੰਘ ਨੌਜਵਾਨ ਸਭਾ ਲੁਧਿਆਣਾ ਦੇ ਪ੍ਰਧਾਨ ਐਡਵੋਕੇਟ ਹਰਪ੍ਰੀਤ ਜ਼ੀਰਖ ਅਤੇਮਹਾਂ ਸਭਾ ਲੁਧਿਆਣਾ ਦੇ ਪ੍ਰਧਾਨ ਬਲਕੌਰ ਸਿੰਘ ਗਿੱਲ, ਨੇ ਸਮੁੱਚੀ ਪੁਲਿਸ ਸਮੇਤ ਇੱਕ ਡੀ ਐਸ ਪੀ ਵੱਲੋਂ ਵਿਸ਼ੇਸ਼ ਤੌਰ 'ਤੇ ਨੌਜਵਾਨਾਂ ਉੱਪਰ ਢਾਹੇ ਜ਼ੁਲਮ ਨੂੰ ਸਰਕਾਰ ਦੀ ਸਰਪ੍ਰਸਤੀ ਹੇਠ ਹੋਏ ਤਸ਼ੱਦਦ ਨੂੰ ਸਰਕਾਰੀ ਗੁੰਡਾ ਗਰਦੀ ਕਰਾਰ ਦਿੱਤਾ ਹੈ।ਆਗੂਆਂ ਨੇ ਪੰਜਾਬ ਸਰਕਾਰ ਦੀ ਵਾਅਦਾ ਖਿਲਾਫੀ ਵਿਰੁੱਧ ਇੱਕ ਜੁੱਟ ਹੋ ਕੇ ਸਰਕਾਰ ਵੱਲੋਂ ਪਾਈ ਜਾ ਰਹੀ ਦਹਿਸ਼ਤ ਵਿਰੁੱਧ ਇਕੱਠੇ ਹੋਣ ਦਾ ਸੱਦਾ ਦਿੱਤਾ ਹੈ।

# ਜਸਵਿੰਦਰ ਸਿੰਘ ਠੁਕਰਾਲ ਬਣੇ ਚੈਂਬਰ ਦੇ ਮੀਤ ਪ੍ਰਧਾਨ





ਲੁਧਿਆਣਾ, 7 ਜੂਨ (ਰਵਿੰਦਰ ਸਿੰਘ ਨਿੱਝਰ) : ਚੈਂਬਰ ਆਫ ਇੰਡਸਟਰੀਅਲ ਅਤੇ ਕਮਰਸ਼ੀਅਲ ਅੰਡਰਟੇਕਿੰਗ ਦੇ ਪ੍ਰਧਾਨ.ਉਪਕਾਰ ਸਿੰਘ ਅਹੂਜਾ ਵੱਲੋਂ ਅਗਲੇ ਦੋ ਸਾਲ ਲਈ ਜਸਵਿੰਦਰ ਸਿੰਘ ਠੁਕਰਾਲ ਨੂੰ ਚੈਂਬਰ ਦਾ ਮੀਤ ਪ੍ਰਧਾਨ ਨਿਯੁਕਤ ਕੀਤਾ ਗਿਆ ਹੈ।ਇੱਥੇ ਇਹ ਵਰਨਣਯੋਗ ਹੈ ਕਿ ਠੁਕਰਾਲ ਸਮਾਲ ਸਕੇਲ ਮੈਨੂਫੈ: ਐਸੋ:, ਜਨਤਾ ਨਗਰ ਦੇ ਪ੍ਰਧਾਨ ਹਨ ਅਤੇ ਯੂਨਾਈਟਿਡ ਸਾਈਕਲ ਐਂਡ ਪਾਰਟਸ ਮੈਨੂਫੈ: ਐਸੋ: ਦੇ ਸੀਨੀਅਰ ਮੀਤ ਪ੍ਰਧਾਨ ਹਨ। ਸ ਅਹੂਜਾ ਨੇ ਕਿਹਾ ਕਿ ਠੁਕਰਾਲ ਮਿਕਸ ਲੈਂਡ ਯੂਜ ਦੀ ਇੰਡਸਟਰੀ ਦੀ ਨੁਮਾਇੰਦਗੀ ਕਰਦੇ ਹਨ ਅਤੇ ਸਮੇ ਸਮੇਂ 'ਤੇ ਮੁਹੱਲਿਆਂ ਵਿੱਚ ਵਸੀ ਇੰਡਸਟਰੀ ਦੀਆਂ ਸਮੱਸਿਆਵਾਂ ਨੂੰ ਬੇਬਾਕ ਹੋ ਕੇ ਹੱਲ ਕਰਵਾਉਂਦੇ ਹਨ। ਅਹੂਜਾ ਨੇ ਕਿਹਾ ਕਿ ਜਿੱਥੇ ਠੁਕਰਾਲ ਦੀ ਇਸ ਨਿਯੁਕਤੀ ਨਾਲ ਚੈਂਬਰ ਮਜਬੂਤ ਹੋਵੇਗਾ, ਉੱਥੇ ਇੰਡਸਟਰੀ ਦੀਆਂ ਸਮੱਸਿਆਵਾਂ ਦਾ ਹੱਲ ਸੁਚੱਜੇ ਢੰਗ ਨਾਲ ਹੋਣ ਵਿੱਚ ਮੱਦਦ ਮਿਲੇਗੀ।ਇਸ ਸਮੇ ਠੁਕਰਾਲ ਨੇ ਇਸ ਨਿਯੁਕਤੀ ਲਈ ਪ੍ਰਧਾਨ ਅਹੂਜਾ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ ਉਹ ਹਮੇਸ਼ਾ ਇੰਡਸਟਰੀ ਦੇ ਮਸਲੇ ਹੱਲ ਕਰਵਾਉਣ ਲਈ ਲੜਾਈ ਲੜਦੇ ਰਹੇ ਹਨ। ਹੁਣ ਚੈਂਬਰ ਦਾ ਪਲੇਟਫਾਰਮ ਬਹੁਤ ਵੱਡਾ ਹੈ ਇਸ ਨਾਲ ਮਿਕਸ ਲੈਂਡ ਯੂਜ ਅਤੇ ਮੁਹੱਲਿਆਂ ਵਿੱਚ ਵਸੀ ਇੰਡਸਟਰੀ ਦੀਆ ਸਮੱਸਿਆ ਨੂੰ ਹੱਲ ਕਰਨਾ ਆਸਾਨ ਹੋ ਜਾਵੇਗਾ, ਕਿਉਂਕਿ ਚੈਂਬਰ ਦੀ ਅਵਾਜ ਸਰਕਾਰ ਤੱਕ ਜਲਦੀ ਪਹੁੰਚ ਜਾਂਦੀ ਹੈ, ਜਿਸ ਨਾਲ ਸਮੱਸਿਆ ਦਾ ਹੱਲ ਜਲਦ ਅਤੇ ਪੱਕੇ ਤੌਰ 'ਤੇ ਹੋਣ ਵਿੱਚ ਮੱਦਦ ਮਿਲੇਗੀ ਅਤੇ ਜਲਦ ਹੀ ਮਿਕਸ ਲੈਂਡ ਯੂਜ਼,ਨਿਊ ਜਨਤਾ ਨਗਰ, ਸਿਮਲਾਪੁਰੀ ਅਤੇ ਨਾਲ ਲਗਦੇ ਇਲਾਕੇ ਜੋ ਇੰਡਸਟਰੀ ਹੋਣ ਦੇ ਬਾਵਜੂਦ ਰਿਹਾਇਸ਼ੀ ਐਲਾਨੇ ਗਏ ਸਨ ਨੂੰ ਸਨਅਤੀ ਖੇਤਰ ਐਲਾਨ ਕਰਵਾਇਆ ਜਾਵੇਗਾ।

# ਛੁੱਟੀਆਂ ਆਪਣੇ ਗਿਆਨ ਅਤੇ ਹੁਨਰ ਨੂੰ ਨਿਖਾਰਨ ਦਾ ਵੀ ਸੁਨਹਿਰੀ ਮੌਕਾ : ਪ੍ਰਿੰਸੀਪਲ ਸੁਪ੍ਰਿਆ ਖੁਰਾਣਾ



ਜਗਰਾਓਂ, 7 ਜੂਨ (ਵਿਸ਼ਾਲ ਅੱਤਰੇ ਆਰੀਅਨ ਅੱਤਰੇ): ਸਨਮਤੀ ਵਿਮਲ ਜੈਨ ਸੀਨੀਅਰ ਸੈਕੰਡਰੀ ਪਬਲਿਕ ਸਕੂਲ, ਜਗਰਾਓਂ ਦੀ ਪ੍ਰਿੰਸੀਪਲ ਮੈਡਮ ਸੁਪ੍ਰਿਆ ਖੁਰਾਣਾ ਨੇ ਗਰਮੀਆਂ ਦੀਆਂ ਛੁੱਟੀਆਂ ਦੇ ਮੌਕੇ 'ਤੇ ਵਿਦਿਆਰਥੀਆਂ ਨੂੰ ਸੰਦੇਸ਼ ਦਿੰਦਿਆਂ ਕਿਹਾ ਕਿ ਛੁੱਟੀਆਂ ਆਰਾਮ ਦੇ ਨਾਲ-ਨਾਲ ਆਪਣੇ ਗਿਆਨ ਅਤੇ ਹੁਨਰ ਨੂੰ ਨਿਖਾਰਨ ਦਾ ਵੀ ਸੁਨਹਿਰੀ ਮੌਕਾ ਹੁੰਦੀਆਂ ਹਨ। ਉਨ੍ਹਾਂ ਵਿਦਿਆਰਥੀਆਂ ਨੂੰ ਪ੍ਰੇਰਿਤ ਕੀਤਾ ਕਿ ਉਹ ਛੁੱਟੀਆਂ ਦਾ ਸਮਾਂ ਸਹੀ ਢੰਗ ਨਾਲ ਵਰਤਣ ਅਤੇ ਰੋਜ਼ਾਨਾ ਕੁਝ ਸਮਾਂ ਪੜ੍ਹਾਈ, ਕਿਤਾਬਾਂ ਪੜ੍ਹਨ ਅਤੇ ਰਚਨਾਤਮਕ ਗਤੀਵਿਧੀਆਂ ਲਈ ਜ਼ਰੂਰ ਕੱਢਣ। ਮੈਡਮ ਖੁਰਾਣਾ ਨੇ ਕਿਹਾ ਕਿ ਬੱਚੇ ਮੋਬਾਈਲ ਫੋਨ, ਟੀ.ਵੀ. ਅਤੇ ਸੋਸ਼ਲ ਮੀਡੀਆ ਦੀ ਵਰਤੋਂ ਸੀਮਤ ਰੱਖਣ ਅਤੇ ਖੇਡਾਂ, ਯੋਗਾ, ਸਰੀਰਕ ਕਸਰਤ ਅਤੇ ਪਰਿਵਾਰ ਨਾਲ ਸਮਾਂ ਬਿਤਾਉਣ ਨੂੰ ਤਰਜੀਹ ਦੇਣ। ਉਨ੍ਹਾਂ ਵਿਦਿਆਰਥੀਆਂ ਨੂੰ ਵਾਤਾਵਰਣ ਪ੍ਰਤੀ ਜਾਗਰੂਕ ਰਹਿਣ, ਰੁੱਖ ਲਗਾਉਣ ਅਤੇ ਪਾਣੀ ਦੀ ਬੱਚਤ ਕਰਨ ਲਈ ਵੀ ਪ੍ਰੇਰਿਤ ਕੀਤਾ। ਉਨ੍ਹਾਂ ਕਿਹਾ ਕਿ ਗਰਮੀ ਦੇ ਮੌਸਮ ਨੂੰ ਧਿਆਨ ਵਿੱਚ ਰੱਖਦਿਆਂ ਬੱਚੇ ਆਪਣੀ ਸਿਹਤ ਦਾ ਖ਼ਾਸ ਧਿਆਨ ਰੱਖਣ, ਵੱਧ ਤੋਂ ਵੱਧ ਪਾਣੀ ਪੀਣ, ਪੌਸ਼ਟਿਕ ਭੋਜਨ ਖਾਣ ਅਤੇ ਦੁਪਹਿਰ ਦੇ ਸਮੇਂ ਬਿਨਾਂ ਲੋੜ ਘਰ ਤੋਂ ਬਾਹਰ ਨਾ ਨਿਕਲਣ। ਨਾਲ ਹੀ ਉਨ੍ਹਾਂ ਮਾਪਿਆਂ ਨੂੰ ਵੀ ਅਪੀਲ ਕੀਤੀ ਕਿ ਉਹ ਬੱਚਿਆਂ ਦੀਆਂ ਗਤੀਵਿਧੀਆਂ 'ਤੇ ਨਜ਼ਰ ਰੱਖਣ ਅਤੇ ਉਨ੍ਹਾਂ ਨੂੰ ਚੰਗੀਆਂ ਆਦਤਾਂ ਅਪਣਾਉਣ ਲਈ ਉਤਸ਼ਾਹਿਤ ਕਰਨ। ਅੰਤ ਵਿੱਚ ਮੈਡਮ ਸੁਪ੍ਰਿਆ ਖੁਰਾਣਾ ਨੇ ਸਾਰੇ ਵਿਦਿਆਰਥੀਆਂ ਨੂੰ ਖੁਸ਼ਹਾਲ, ਸੁਰੱਖਿਅਤ ਅਤੇ ਗਿਆਨਵਰਧਕ ਛੁੱਟੀਆਂ ਦੀਆਂ ਸ਼ੁਭਕਾਮਨਾਵਾਂ ਦਿੰਦਿਆਂ ਕਿਹਾ ਕਿ ਉਹ ਨਵੇਂ ਜੋਸ਼, ਉਤਸ਼ਾਹ ਅਤੇ ਉੱਚੇ ਲਕਸ਼ਾਂ ਨਾਲ ਨਵੇਂ ਸੈਸ਼ਨ ਲਈ ਤਿਆਰ ਹੋ ਕੇ ਸਕੂਲ ਵਾਪਸ ਆਉਣ।

# ਨੌਜਵਾਨ ਸਭਾ ਵੱਲੋਂ ਬਾਲ ਸਿਰਜਣਾਤਮਕ ਕੈਂਪ ਸ਼ੁਰੂ



ਲੁਧਿਆਣਾ, 7 ਜੂਨ (ਰਵਿੰਦਰ ਸਿੰਘ ਨਿੱਝਰ) : ਗ਼ਦਰੀ ਸ਼ਹੀਦ ਬਾਬਾ ਭਾਨ ਸਿੰਘ ਨੌਜਵਾਨ ਸਭਾ ਦੀ ਅਹਿਮ ਮੀਟਿੰਗ ਬਾਬਾ ਭਾਨ ਸਿੰਘ ਯਾਦਗਾਰ ਸੁਨੇਤ ਵਿਖੇ ਕੀਤੀ ਗਈ। ਨੌਜਵਾਨ ਸਭਾ ਦੇ ਪ੍ਰਧਾਨ ਐਡਵੋਕੇਟ ਹਰਪ੍ਰੀਤ ਜ਼ੀਰਖ ਅਤੇ ਜਨਰਲ ਸਕੱਤਰ ਰਾਕੇਸ਼ ਆਜ਼ਾਦ ਨੇ ਕਿਹਾ ਸਭਾ ਵੱਲੋਂ ਇਹ ਤੀਸਰਾ ਬਾਲ ਸਿਰਜਣਾਤਮਕ ਕੈਂਪ ਹੈ ਜੋ ਸ਼ਹੀਦ ਬਾਬਾ ਭਾਨ ਸਿੰਘ ਗ਼ਦਰ ਮੈਮੋਰੀਅਲ ਟਰੱਸ਼ਟ ਦੇ ਬਾਨੀ ਪ੍ਰਧਾਨ ਮਰਹੂਮ ਕਰਨਲ ਜਗਦੀਸ਼ ਸਿੰਘ ਬਰਾੜ ਨੂੰ ਸਮਰਪਿਤ ਹੈ। ਇਹ ਕੈਂਪ ਬੱਚਿਆਂ ਵਿੱਚ ਸਰਵਪੱਖੀ ਵਿਕਾਸ ਦੇ ਨਾਲ ਨਾਲ ਉਨ੍ਹਾਂ ਨੂੰ ਪੰਜਾਬ ਦੇ ਵਿਰਸੇ ਅਤੇ ਸ਼ਹੀਦਾਂ ਬਾਰੇ ਜਾਣਕਾਰੀ ਪ੍ਰਦਾਨ ਕਰਨ ਲਈ ਵਿਸ਼ੇਸ਼ ਉਪਰਾਲੇ ਕੀਤੇ ਜਾਣਗੇ। ਬੱਚਿਆਂ ਨੂੰ ਕੋਰਿਓਗ੍ਰਾਫੀ, ਚਿੱਤਰ ਕਲਾ , ਭਾਸ਼ਣ ਕਲਾ, ਗੀਤ ਸੰਗੀਤ ਆਦਿ ਦੀ ਸਿਖਲਾਈ ਦਿੱਤੀ ਜਾਵੇਗੀ।ਬੱਚਿਆਂ ਵਿੱਚ ਵਿਗਿਆਨਕ ਚੇਤਨਾ ਵਿਕਸਿਤ ਕਰਨ ਲਈ ਵਿਸ਼ੇਸ਼ ਤੌਰ 'ਤੇ ਯਤਨ ਕੀਤੇ ਜਾਣਗੇ। ਇਹ ਕੈਂਪ ਸੱਤ ਜੂਨ ਤੋਂ ਚੌਦਾਂ ਜੂਨ ਤੱਕ ਜਾਰੀ ਰਹੇਗਾ, ਜਿਸ ਵਿੱਚ ਕਿਸੇ ਕਿਸਮ ਦੀ ਕੋਈ ਫੀਸ ਨਹੀਂ ਲਈ ਜਾਵੇਗੀ। ਇਸ ਮੀਟਿੰਗ ਦੌਰਾਨ ਸਭਾ ਦੇ ਮੀਤ ਪ੍ਰਧਾਨ ਜਗਜੀਤ ਗੁੜੇ, ਸਹਾਇਕ ਸਕੱਤਰ ਮੀਨੂੰ ਸ਼ਰਮਾ, ਖਜਾਨਚੀ ਤਜਿੰਦਰ ਕੁਮਾਰ, ਪ੍ਰਤਾਪ ਸਿੰਘ, ਕੁਲਵਿੰਦਰ ਸਿੰਘ ਆਦਿ ਹਾਜ਼ਰ ਸਨ।

# ਬੇਰੁਜ਼ਗਾਰ ਲਾਈਨਮੈਨਾਂ 'ਤੇ ਲਾਠੀਚਾਰਜ ਬੇਹੱਦ ਸ਼ਰਮਨਾਕ : ਡਾ. ਓਂਕਾਰ ਚੰਦ



ਲੁਧਿਆਣਾ, 7 ਜੂਨ (ਰਵਿੰਦਰ ਸਿੰਘ ਨਿੱਝਰ) : ਸੀਨੀਅਰ ਕਾਂਗਰਸੀ ਨੇਤਾ ਡਾ ਓਂਕਾਰ ਚੰਦ ਸ਼ਰਮਾ ਨੇ ਆਖਿਆ ਹੈ ਕਿ ਪਟਿਆਲਾ ਵਿਖੇ ਬੇਰੁਜ਼ਗਾਰ ਅਪ੍ਰੈਂਟਿਸ਼ਿਪ ਲਾਈਨਮੈਨਾਂ 'ਤੇ ਪੁਲਿਸ ਵੱਲੋਂ ਕੀਤੇ ਗਏ ਭਿਆਨਕ ਤਸ਼ੱਦਦ ਦੀ ਜਿੰਨੀ ਨਿੰਦਾ ਕੀਤੀ ਜਾਵੇ ਥੋੜ੍ਹੀ ਹੈ। ਉਹਨਾਂ ਆਖਿਆ ਕਿ ਨੌਜਵਾਨ ਪੁਲਿਸ ਦੀਆਂ ਡਾਂਗਾਂ ਖਾਣ ਲਈ ਪੈਦਾ ਨਹੀਂ ਹੋਏ ਉਹ ਆਪਣੇ ਹੱਥਾਂ ਨਾਲ ਮਿਹਨਤ ਕਰਕੇ ਦੇਸ਼ ਦੀ ਸੇਵਾ ਕਰਨ ਲਈ ਪੈਦਾ ਹੋਏ ਹਨ। ਉਹਨਾਂ ਆਖਿਆ ਕਿ ਜੋ ਵੀ ਪਟਿਆਲਾ ਵਿੱਚ ਹੋਇਆ ਹੈ ਉਹ ਪੁਲਿਸ ਅਤੇ ਸੂਬਾ ਸਰਕਾਰ ਲਈ ਬਹੁਤ ਹੀ ਸ਼ਰਮਨਾਕ ਗੱਲ ਹੈ। ਉਹਨਾਂ ਕਿਹਾ ਕਿ ਗ੍ਰਹਿ ਵਿਭਾਗ ਮੁੱਖ ਮੰਤਰੀ ਕੋਲ ਹੈ। ਇਸ ਲਈ ਉਸ ਨੂੰ ਆਪਣਾ ਸਪੱਸ਼ਟੀਕਰਨ ਦੇਣਾ ਚਾਹੀਦਾ ਹੈ ਨਹੀਂ ਤਾਂ ਸਮਝਿਆ ਜਾਵੇਗਾ ਕਿ ਇਹ ਸਭ ਸੂਬਾ ਸਰਕਾਰ ਦੇ ਇਸ਼ਾਰੇ 'ਤੇ ਹੋ ਰਿਹਾ ਹੈ। ਡਾ ਸ਼ਰਮਾ ਨੇ ਆਖਿਆ ਕਿ ਜਿਹੜੇ ਪੁਲਿਸ ਵਾਲਿਆਂ ਨੇ ਲਾਈਨ ਮੈਨਾਂ 'ਤੇ ਅੰਨ੍ਹੇਵਾਹ ਤਸ਼ੱਦਦ ਕੀਤਾ ਹੈ। ਉਹਨਾਂ ਵਿਰੁੱਧ ਸਖਤ ਕਾਰਵਾਈ ਕੀਤੀ ਜਾਣੀ ਚਾਹੀਦੀ ਹੈ ਤਾਂ ਕਿ ਅੱਗੇ ਤੋਂ ਪੁਲਿਸ ਵਾਲੇ ਕਾਨੂੰਨ ਦੀ ਹੱਦ ਤੋਂ ਬਾਹਰ ਨਾ ਜਾਣ। ਉਹਨਾਂ ਆਖਿਆ ਕਿ ਦੇਸ਼ ਵਿੱਚ ਬੇਰੁਜ਼ਗਾਰੀ ਵੱਡੇ ਪੱਧਰ 'ਤੇ ਫੈਲ ਗਈ ਹੈ। ਅੱਜ ਪੰਜਾਬ ਅਤੇ ਪੂਰਾ ਦੇਸ਼ ਬੇਰੁਜ਼ਗਾਰੀ, ਨਸ਼ਿਆਂ ਅਤੇ ਗੈਂਗਸਟਰਵਾਦ ਦਾ ਸ਼ਿਕਾਰ ਬਣਿਆ ਹੋਇਆ ਹੈ। ਇਸੇ ਕਰਕੇ ਨੌਜਵਾਨ ਵਿਦੇਸ਼ਾਂ ਨੂੰ ਜਾ ਰਹੇ ਹਨ। ਉਹਨਾਂ ਕਿਹਾ ਕਿ ਜੇਕਰ ਨੌਜਵਾਨਾਂ ਨੂੰ ਪੰਜਾਬ ਜਾਂ ਸਾਡੇ ਦੇਸ਼ ਵਿੱਚ ਹੀ ਚੰਗਾ ਰੁਜ਼ਗਾਰ ਮਿਲੇ ਤਾਂ ਉਹ ਬਾਹਰ ਕਿਉਂ ਜਾਣਗੇ ? ਡਾ ਸ਼ਰਮਾ ਨੇ ਮੰਗ ਕੀਤੀ ਕਿ ਇਸ ਸਮੁੱਚੇ ਮਾਮਲੇ ਦੀ ਅਦਾਲਤੀ ਜਾਂਚ ਹੋਣੀ ਚਾਹੀਦੀ ਹੈ।

# ਭਾਜਪਾ ਦੇ ਜਨਰਲ ਸਕੱਤਰ ਨੇ ਅਹੁਦੇ ਤੋਂ ਦਿੱਤਾ ਅਸਤੀਫ਼ਾ

ਲੁਧਿਆਣਾ, 7 ਜੂਨ (ਵਿਸ਼ਾਲ ਸ਼ਰਮਾ) : ਇੱਕ ਮਹੱਤਵਪੂਰਨ ਰਾਜਨੀਤਿਕ ਖ਼ਬਰ ਸਾਹਮਣੇ ਆਈ ਹੈ। ਭਾਰਤੀ ਜਨਤਾ ਪਾਰਟੀ (ਭਾਜਪਾ) ਦੇ ਸੀਨੀਅਰ ਨੇਤਾ ਡਾ. ਜਗਮੋਹਨ ਸਿੰਘ ਰਾਜੂ ਨੇ ਪੰਜਾਬ ਭਾਜਪਾ ਦੇ ਜਨਰਲ ਸਕੱਤਰ ਦੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਹੈ। ਉਨ੍ਹਾਂ ਨੇ 5 ਜੂਨ ਨੂੰ ਸੰਗਠਨ ਮੰਤਰੀ ਨੂੰ ਇੱਕ ਪੱਤਰ ਭੇਜਿਆ ਸੀ, ਜਿਸਨੂੰ ਉਨ੍ਹਾਂ ਨੇ ਹੁਣ ਸੋਸ਼ਲ ਮੀਡੀਆ @ਤੇ ਜਨਤਕ ਕੀਤਾ ਹੈ। ਆਪਣੇ ਪੱਤਰ ਵਿੱਚ, ਡਾ. ਰਾਜੂ ਨੇ ਕਿਹਾ ਕਿ ਪਿਛਲੇ ਚਾਰ ਸਾਲਾਂ ਦੌਰਾਨ, ਉਨ੍ਹਾਂ ਨੇ ਪਾਰਟੀ ਦੇ ਉਪ ਪ੍ਰਧਾਨ ਅਤੇ ਜਨਰਲ ਸਕੱਤਰ ਵਜੋਂ ਸੇਵਾ ਨਿਭਾਈ ਅਤੇ ਇਹ ਤਜਰਬਾ ਕੀਮਤੀ ਰਿਹਾ ਹੈ। ਦੱਸਿਆ ਜਾ ਰਿਹਾ ਹੈ ਕਿ ਉਨ੍ਹਾਂ ਨੇ ਇਹ ਫੈਸਲਾ ਕੇਵਲ ਸਿੰਘ ਢਿੱਲੋਂ ਨੂੰ ਪੰਜਾਬ ਭਾਜਪਾ ਦਾ ਨਵਾਂ ਸੂਬਾ ਪ੍ਰਧਾਨ ਨਿਯੁਕਤ ਕੀਤੇ ਜਾਣ ਤੋਂ ਬਾਅਦ ਲਿਆ।

# ਜਵੱਦੀ ਟਕਸਾਲ ਵਿਖੇ ਹਫ਼ਤਾਵਾਰੀ ਨਾਮ ਸਿਮਰਨ ਸਮਾਗਮ ਹੋਇਆ

ਲੁਧਿਆਣਾ 7 ਜੂਨ (ਕਰਨੈਲ ਸਿੰਘ ਐੱਮ.ਏ.) : ਗੁਰਬਾਣੀ ਪ੍ਰਚਾਰ ਪ੍ਰਸਾਰ ਅਤੇ ਪੁਰਾਤਨ ਗੁਰਮਤਿ ਸੰਗੀਤ ਦੀ ਬਹਾਲੀ ਲਈ ਨਿਰੰਤਰ ਕਾਰਜਸ਼ੀਲ ਜਵੱਦੀ ਟਕਸਾਲ ਵਿਖੇ ਹਫਤਾਵਾਰੀ ਨਾਮ ਸਿਮਰਨ ਸਮਾਗਮ ਹੋਇਆ। ਸਮਾਗਮ ਦੀ ਅਰੰਭਤਾ ਟਕਸਾਲ ਦੇ ਵਿਦਿਆਰਥੀਆਂ ਵੱਲੋਂ ਗਾਇਨ ਸ਼ਬਦਾਂ ਨਾਲ ਹੋਈ। ਮੌਜੂਦਾ ਮੁਖੀ ਬਾਬਾ ਅਮੀਰ ਸਿੰਘ ਨੇ ਗੁਰਮਤਿ ਵਿਚਾਰਾਂ ਦੀ ਸਾਂਝ ਪਾਉਂਦਿਆਂ ਪੰਜ ਵਿਕਾਰ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਦੀ ਗੱਲ ਕਰਦਿਆਂ ਸਮਝਾਇਆ ਕਿ ਇਹ ਮਨੁੱਖੀ ਸਰੀਰ ਦਾ ਹਿੱਸਾ ਵੀ ਹਨ। ਇਹ ਪੰਜੇ ਪ੍ਰਭੂ ਦੀ ਦਾਤ ਵੀ ਹਨ। ਜਿਵੇਂ ਭੋਜਨ ਸਾਡੇ ਸਰੀਰ ਦੀ ਤੰਦਰੁਸਤੀ ਲਈ ਜ਼ਰੂਰੀ ਹੈ, ਪ੍ਰੰਤੂ ਜੇ ਭੋਜਨ ਦਾ ਸੰਤੁਲਨ ਨਾ ਰਹੇ ਅਤੇ ਲੋੜ ਤੋਂ ਵਧੇਰੇ ਘੱਟ ਜਾਂ ਵੱਧ ਹੋ ਜਾਵੇ ਤਾਂ ਸਰੀਰ ਰੋਗੀ ਹੋ ਕੇ ਜਰਜਰਾ ਹੋ ਜਾਵੇਗਾ। ਇਵੇਂ ਹੀ ਇਹ ਪੰਜ ਤੱਤ ਹਨ ਅਤੇ ਪੰਜ ਸ਼ਕਤੀਆਂ ਦਾ ਸੰਤੁਲਨ ਸਾਡੇ ਜੀਵਨ ਦੀ ਸਫਲਤਾ ਲਈ ਜ਼ਰੂਰੀ ਹੈ, ਇਸ ਦੀ ਸੋਝੀ ਹੋਣੀ ਵੀ ਜ਼ਰੂਰੀ ਹੈ। ਮਹਾਂਪੁਰਸ਼ਾਂ ਨੇ ਗੁਰਬਾਣੀ ਦੇ ਹਵਾਲਿਆਂ ਨਾਲ 'ਹਉਮੈ' ਬਾਰੇ ਭਾਵ ਸਮਝਾਉਂਦਿਆਂ ਕਿਹਾ ਕਿ ਹਉਮੈਂ ਦੀ ਵਾਸ਼ਨਾ ਕਰਕੇ ਹੀ ਜੀਵਨ ਇੱਥੇ ਆਇਆ ਅਤੇ ਮੈਂ ਵਿੱਚ ਹੀ ਇੱਥੋਂ ਚਲਾ ਜਾਂਦਾ ਹੈ। ਮੈਂ ਜਾਂ ਹਉਂ ਭਾਵ 'ਚ ਹੀ ਮਨੁੱਖ ਚੰਗੇ-ਮੰਦੇ ਕਰਮ ਕਰਦਾ ਹੈ। ਪੁੰਨ-ਦਾਨ ਅਤੇ ਭਲੇ ਕਰਕੇ ਉਸ ਦਾ ਫਲ ਵਾਹ-ਵਾਹ ਪੀ ਲੈਂਦਾ ਹੈ। ਇਸ ਹਉਂ ਵਿੱਚ ਹੀ ਖੱਟੀ ਕਮਾਈ ਕਰਦਾ ਹੈ, ਗਵਾਉਂਦਾ ਹੈ, ਖਰਚਦਾ ਹੈ, ਹਉਮੈ ਵਿੱਚ ਹੀ ਮਨੁੱਖ ਹੱਸਦਾ ਹੈ, ਰੋਂਦਾ ਹੈ, ਆਪਣੀ ਜਾਤ ਦਾ, ਧਨ ਦਾ, ਦੌਲਤ ਦਾ ਮਾਣ ਕਰਦਾ ਹੈ। ਹਉਮੈਂ ਵਿੱਚ ਹੀ ਮਾਇਆ ਨੂੰ ਸਤ ਸਮਝਦਾ ਹੈ।

ਮਨੁੱਖ ਹਉਮੈਂ ਕਾਰਨ ਹੀ ਹੋਰ-ਹੋਰ ਬੰਧਨਾਂ 'ਚ ਜਕੜਦਾ ਜਾ ਰਿਹਾ ਹੈ। ਪਰ ਹਉਮੈਂ ਨੂੰ ਸਮਝਣ ਲਈ ਯਤਨ ਨਹੀਂ ਕਰਦਾ। ਆਪਣੀ ਬੁੱਧੀ ਜਾਂ ਅਕਲ ਨਾਲ ਇਸ ਦੀ ਸਮਝ ਨਹੀਂ ਹੋ ਸਕਦੀ। ਇਸ ਦੀ ਸੂਝ ਅਤੇ ਬੂਝ ਲਈ ਪੂਰੇ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਹੁਕਮ-ਗਿਆਨ ਮੰਨਣਾ ਜ਼ਰੂਰੀ ਹੈ।

# 'ਇੱਕ ਦੇਸ਼ ਇੱਕ ਚੋਣ' ਨਾਅਰੇ ਅਤੇ ਬੁਲਡੋਜ਼ਰ ਰਾਜ ਦਾ ਪੂਰੀ ਤਾਕਤ ਨਾਲ ਵਿਰੋਧ ਕਰਾਂਗੇ : ਕਾਮਰੇਡ ਦੀਪਾਂਕਰ

ਲੁਧਿਆਣਾ, 7 ਜੂਨ (ਰਵਿੰਦਰ ਸਿੰਘ ਨਿੱਝਰ) : ਮੋਦੀ ਦੇ ਫਾਸ਼ੀਵਾਦੀ ਰਾਜ ਅੰਦਰ ਲੋਕਤੰਤਰ ਦੀ ਪ੍ਰੀਭਾਸ਼ਾ ਬਦਲ ਦਿੱਤੀ ਗਈ ਹੈ। ਪਹਿਲਾਂ ਜਿੱਥੇ ਦੇਸ਼ ਦੇ ਵੋਟਰ ਸਰਕਾਰਾਂ ਚੁਣਦੇ ਸਨ, ਉੱਥੇ ਹੁਣ ਮਨਮਾਨੇ ਐਸ.ਆਈ.ਆਰ. ਦੇ ਜ਼ਰੀਏ ਸਰਕਾਰ ਵੋਟਰਾਂ ਨੂੰ ਚੁਣ ਰਹੀ ਹੈ, ਕਿ ਕੌਣ ਵੋਟ ਪਾ ਸਕੇਗਾ ਤੇ ਕੌਣ ਨਹੀਂ। ਇਹ ਗੱਲ ਇੱਥੋਂ ਦੇ ਅੰਬੇਡਕਰ ਭਵਨ ਵਿਖੇ ਐਸ.ਆਈ.ਆਰ. ਦੇ ਮੁੱਦੇ ਉੱਤੇ ਬੁਲਾਈ ਗਈ ਵਿਸ਼ਾਲ 'ਲੋਕ ਸੁਣਵਾਈ ਕਨਵੈਨਸ਼ਨ' ਨੂੰ ਸੰਬੋਧਨ ਕਰਨ ਵਾਲੇ ਬੁਲਾਰਿਆਂ ਨੇ ਕਹੀ। ਸਖ਼ਤ ਗਰਮੀ ਦੇ ਬਾਵਜੂਦ ਲੁਧਿਆਣਾ ਸ਼ਹਿਰ ਸਮੇਤ ਪੰਜਾਬ ਦੇ ਸਾਰੇ ਜ਼ਿਲ੍ਹਿਆਂ 'ਚੋਂ ਸਰਗਰਮ ਸਿਆਸੀ ਕਾਰਕੁੰਨ, ਮਜ਼ਦੂਰ-ਕਿਸਾਨ, ਔਰਤਾਂ ਤੇ ਨੌਜਵਾਨ ਇਸ ਲੋਕ ਸੁਣਵਾਈ ਦਾ ਹਿੱਸਾ ਬਣਨ ਲਈ ਵੱਡੀ ਗਿਣਤੀ 'ਚ ਪਹੁੰਚੇ ਹੋਏ ਸਨ। ਕਨਵੈਨਸ਼ਨ ਦੀ ਪ੍ਰਧਾਨਗੀ ਸਾਥੀ ਰੁਲਦੂ ਸਿੰਘ ਮਾਨਸਾ ਤੇ ਸਾਥੀ ਰਤਨ ਸਿੰਘ ਰੰਧਾਵਾ ਨੇ ਕੀਤੀ। ਕਨਵੈਨਸ਼ਨ ਦਾ ਆਰੰਭ ਸੰਸਾਰ ਦੇ ਵੱਖ ਵੱਖ ਭਾਗਾਂ ਵਿੱਚ ਪਸਾਰਵਾਦੀ ਸਾਮਰਾਜੀ ਤੇ ਨਸਲਵਾਦੀ ਜੰਗਾਂ ਤੇ ਹਮਲਿਆਂ ਵਿੱਚ ਮਾਰੇ ਗਏ ਸਮੂਹ ਨਿਰਦੋਸ਼ ਲੋਕਾਂ ਅਤੇ ਦਿੱਲੀ ਹੋਟਲ ਅਗਨੀ ਕਾਂਡ ਵਿੱਚ ਮਾਰੇ ਗਏ ਲੋਕਾਂ ਨੂੰ ਸ਼ਰਧਾਂਜਲੀ ਭੇਂਟ ਕਰਨ ਨਾਲ ਹੋਇਆ।ਸੀਪੀਆਈ (ਐਮ.ਐਲ.) ਲਿਬਰੇਸ਼ਨ ਦੇ ਜਨਰਲ ਸਕੱਤਰ ਸਾਥੀ ਦੀਪਾਂਕਰ ਭੱਟਾਚਾਰੀਆ ਅਤੇ ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ (ਆਰ.ਐਮ.ਪੀ.ਆਈ.) ਦੇ ਜਨਰਲ ਸਕੱਤਰ ਸਾਥੀ ਮੰਗਤ ਰਾਮ ਪਾਸਲਾ ਮੁੱਖ ਬੁਲਾਰੇ ਸਨ। ਉੱਘੇ ਅੰਬੇਦਕਰੀ ਚਿੰਤਕ ਐਡਵੋਕੇਟ ਐਸ.ਐਲ. ਵਿਰਦੀ, ਆਰ.ਐਮ.ਪੀ.ਆਈ. ਦੇ ਸੂਬਾ ਸਕੱਤਰ ਸਾਥੀ ਪਰਗਟ ਸਿੰਘ ਜਾਮਾਰਾਏ, ਲਿਬਰੇਸ਼ਨ ਦੇ ਸੀਨੀਅਰ ਸੂਬਾਈ ਆਗੂ ਸਾਥੀ ਸੁਖਦਰਸ਼ਨ ਸਿੰਘ ਨੱਤ, 'ਸਮਾਜਿਕ ਸੰਘਰਸ਼ ਪਾਰਟੀ' ਦੀ ਕੌਮੀ ਪ੍ਰਧਾਨ ਹਰਵਿੰਦਰ ਕੌਰ, 'ਭਾਰਤ ਮੁਕਤੀ ਮੋਰਚਾ' ਦੇ ਸੂਬਾ ਜਨਰਲ ਸਕੱਤਰ ਦਲਵਿੰਦਰ ਸਿੰਘ ਨੇ ਵੀ ਵਿਚਾਰ ਰੱਖੇ। ਮੰਚ ਸੰਚਾਲਨ ਪ੍ਰੋਫੈਸਰ ਜੈ ਪਾਲ ਸਿੰਘ ਨੇ ਕੀਤਾ। ਸਾਥੀ ਦੀਪਾਂਕਰ ਭੱਟਾਚਾਰੀਆ ਨੇ ਕਿਹਾ ਕਿ ਬਿਹਾਰ ਤੇ ਪੱਛਮੀ ਬੰਗਾਲ 'ਚ ਐਸ.ਆਈ.ਆਰ. ਦੇ ਜ਼ਰੀਏ ਲੱਖਾਂ ਲੋਕਾਂ ਦੇ ਨਾਂ ਵੋਟਰ ਸੂਚੀਆਂ 'ਚੋਂ ਕੱਢ ਦਿੱਤੇ ਗਏ ਹਨ। ਪੰਜਾਬੀਆਂ ਨੂੰ ਜਾਗਰੂਕ ਤੇ ਜਥੇਬੰਦ ਹੋ ਕੇ ਇਸ ਸਾਜ਼ਿਸ਼ ਨੂੰ ਨਾਕਾਮ ਕਰਨਾ ਹੋਵੇਗਾ। ਬੁਲਡੋਜ਼ਰ ਜਰੀਏ ਅਜਿਹੇ ਲੋਕਾਂ ਦੇ ਘਰਾਂ-ਦੁਕਾਨਾਂ ਆਦਿ ਨੂੰ ਮਲੀਆਮੇਟ ਕਰਕੇ ਲੋਕਾਂ ਦੇ ਰੋਜ਼ੀ-ਰੋਟੀ ਦੇ ਵਸੀਲੇ ਖੋਹੇ ਜਾ ਰਹੇ ਹਨ। ਇਹੋ ਨਹੀਂ ਵੋਟਰ ਸੂਚੀ ਤੋਂ ਬਾਹਰ ਕੱਢੇ ਲੋਕਾਂ ਨੂੰ ਰਾਸ਼ਨ ਤੇ ਹੋਰ ਭਲਾਈ ਯੋਜਨਾਵਾਂ ਤੋਂ ਵੀ ਵਾਂਝਾ ਕੀਤਾ ਜਾ ਰਿਹਾ ਹੈ। ਪੰਜਾਬ ਦੀ ਬਹਾਦਰ ਜਨਤਾ ਇਸ ਤਾਨਾਸ਼ਾਹੀ ਨੀਤੀ-ਪਹੁੰਚ ਤੇ ਬੁਲਡੋਜ਼ਰ ਰਾਜ ਨੂੰ ਯਕੀਨਨ ਠੱਲ੍ਹ ਪਾਵੇਗੀ। ਉਨ੍ਹਾਂ ਕਿਹਾ ਕਿ 'ਆਪ' ਸਰਕਾਰ ਆਪਣੇ ਚੋਣ ਵਾਅਦੇ ਪੂਰਾ ਕਰਨ ਪੱਖੋਂ ਬੁਰੀ ਤਰ੍ਹਾਂ ਅਸਫਲ ਰਹੀ ਹੈ। ਜਦੋਂ ਕਿ ਮੋਦੀ ਸਰਕਾਰ ਚੋਰ ਦਰਵਾਜ਼ੇ ਰਾਹੀਂ ਮੁੜ ਕੇ ਕਾਰਪੋਰੇਟ ਪੱਖੀ ਖੇਤੀ ਕਾਨੂੰਨ ਲਿਆਉਣ 'ਚ ਜੁੱਟੀ ਹੋਈ ਹੈ। ਕਾਨੂੰਨ ਬਦਲ ਕੇ ਐਫ.ਸੀ.ਆਈ. ਨੂੰ ਅਡਾਨੀ ਗਰੁੱਪ ਦੇ ਹਵਾਲੇ ਕੀਤਾ ਜਾ ਰਿਹਾ ਹੈ ਅਤੇ ਅਮਰੀਕਾ ਨੂੰ ਦੇਸ਼ ਦੇ ਖੇਤੀ ਖੇਤਰ ਤੇ ਪ੍ਰਚੂਨ ਬਾਜ਼ਾਰ ਉੱਤੇ ਕਬਜ਼ਾ ਕਰਨ ਦੀ ਖੁੱਲ੍ਹੀ ਛੁੱਟੀ ਦਿੱਤੀ ਜਾ ਰਹੀ ਹੈ। ਸਨਅਤੀ ਮਜ਼ਦੂਰਾਂ ਨੂੰ ਦੇਸ਼ ਵਿਰੋਧੀ ਐਲਾਨ ਕੇ ਝੂਠੇ ਕੇਸਾਂ ਅਧੀਨ ਜੇਲ੍ਹੀਂ ਬੰਦ ਕੀਤਾ ਜਾ ਰਿਹਾ ਹੈ। ਪੰਜਾਬ ਨੂੰ ਸਮੂਹ ਪੀੜ੍ਹਤ ਕਿਸਾਨਾਂ-ਮਜ਼ਦੂਰਾਂ ਤੇ ਬੇਰੁਜ਼ਗਾਰ ਨੌਜਵਾਨਾਂ ਦੇ ਹੱਕ ਵਿੱਚ ਅਤੇ 'ਇਕ ਦੇਸ਼ ਇਕ ਚੋਣ' ਵਰਗੇ ਭਰਮਾਊ ਨਾਅਰਿਆਂ ਖਿਲਾਫ ਡੱਟਦਿਆਂ ਲੋਕਤੰਤਰ, ਫੈਡਰਲ ਢਾਂਚੇ, ਧਰਮ ਨਿਰਪੱਖਤਾ ਤੇ ਅਨੇਕਤਾ ਵਿੱਚ ਏਕਤਾ ਦੇ ਸਿਧਾਂਤ ਦੇ ਪੱਖ 'ਚ ਖੜ੍ਹੇ ਹੋਣਾ ਚਾਹੀਦਾ ਹੈ। ਮੰਗਤ ਰਾਮ ਪਾਸਲਾ ਨੇ ਕਿਹਾ ਕਿ ਮੋਦੀ ਸਰਕਾਰ, ਆਪਣੇ ਵਿਚਾਰਧਾਰਕ ਆਕਾ ਆਰ.ਐਸ.ਐਸ. ਦੇ ਅਜੰਡੇ ਤਹਿਤ ਦੇਸ਼ ਦੇ ਸੰਵਿਧਾਨ ਅਤੇ 'ਲੋਕ ਰਾਜੀ, 'ਧਰਮ ਨਿਰਪੱਖ, ਸੰਘਾਤਮਕ ਢਾਂਚੇ' ਨੂੰ ਤਬਾਹ ਕਰਕੇ ਧਰਮ ਅਧਾਰਤ, ਕੱਟੜ ਹਿੰਦੂਤਵੀ ਰਾਸ਼ਟਰ ਦੀ ਉਸਾਰੀ ਦਾ ਰਾਹ ਪੱਧਰਾ ਕਰਨ ਲੱਗੀ ਹੋਈ ਹੈ। ਇਸ ਦਾ ਇਰਾਦਾ ਵੋਟ ਦੇ ਅਧਿਕਾਰ ਸਮੇਤ ਲੋਕਾਂ ਦੇ ਸਾਰੇ ਮੌਲਿਕ ਅਧਿਕਾਰ ਖੋਹ ਲੈਣ ਦਾ ਹੈ। ਧਾਰਮਿਕ ਤੇ ਕੌਮੀ ਘੱਟ ਗਿਣਤੀਆਂ, ਦਲਿਤਾਂ-ਔਰਤਾਂ 'ਤੇ ਸੰਘ ਪਰਿਵਾਰ ਤੇ ਬੀਜੇਪੀ ਦੇ ਕਾਰਕੁੰਨਾਂ ਵੱਲੋਂ ਲਗਾਤਾਰ ਜਾਨਲੇਵਾ ਹਮਲੇ ਕੀਤੇ ਜਾ ਰਹੇ ਹਨ। ਭਾਰਤ ਦੇ ਸਿਆਸੀ-ਆਰਥਿਕ ਹਿੱਤਾਂ ਨੂੰ ਨਜ਼ਰ ਅੰਦਾਜ਼ ਕਰਕੇ ਭਾਜਪਾ ਸਰਕਾਰ ਅਮਰੀਕਾ ਤੇ ਹੋਰ ਸਾਮਰਾਜੀ ਦੇਸ਼ਾਂ ਨਾਲ ਸਾਡੀ ਖੇਤੀ ਤੇ ਪ੍ਰਚੂਨ ਵਪਾਰ ਨੂੰ ਤਬਾਹ ਕਰਨ ਵਾਲੇ ਵਿਉਪਾਰਕ ਸਮਝੌਤੇ ਥੋਪ ਰਹੀ ਹੈ ਤੇ ਦੇਸ਼ ਨੂੰ 'ਨਵਬਸਤੀਵਾਦੀ' ਗੁਲਾਮੀ ਦੇ ਸੰਗਲਾਂ 'ਚ ਜਕੜ ਰਹੀ ਹੈ।

ਕਾਮਰੇਡ ਪਾਸਲਾ ਨੇ ਕਿਹਾ ਕਿ ਭਾਜਪਾ ਆਉਂਦੀਆਂ ਅਸੈਂਬਲੀ ਚੋਣਾਂ ਦੌਰਾਨ 'ਸਾਮ-ਦਾਮ-ਦੰਡ-ਭੇਦ' ਦੇ ਸਾਰੇ ਹਥਿਆਰ ਵਰਤ ਕੇ ਪੰਜਾਬ ਦੀ ਸੱਤਾ 'ਤੇ ਕਾਬਜ਼ ਹੋਣ ਲਈ ਤਰਲੋ-ਮੱਛੀ ਹੋ ਰਹੀ ਹੈ।ਉਨ੍ਹਾਂ ਕਿਹਾ ਕਿ ਖੱਬੀਆਂ ਪਾਰਟੀਆਂ, ਅੰਬੇਦਕਰੀ ਵਿਚਾਰਧਾਰਾ ਨੂੰ ਪ੍ਰਣਾਏ ਸੰਗਠਨ ਤੇ ਹੋਰ ਹਮਖਿਆਲ ਸ਼ਕਤੀਆਂ ਮਿਲ ਕੇ ਮਨਮਾਨੇ ਐਸ.ਆਈ.ਆਰ. ਦਾ ਵਿਰੋਧ ਕਰਦਿਆਂ ਪੰਜਾਬ ਅੰਦਰ ਇਕ ਮਜ਼ਬੂਤ ਸਿਆਸੀ ਬਦਲ ਉਸਾਰਨ ਲਈ ਪੂਰੀ ਤਾਕਤ ਨਾਲ ਕੰਮ ਕਰਨ ਲਈ ਦ੍ਰਿੜ ਹਨ। ਇਸ ਮੌਕੇ ਕਾਮਰੇਡ ਪ੍ਰਸ਼ੋਤਮ ਸ਼ਰਮਾ, ਰਾਜਵਿੰਦਰ ਸਿੰਘ ਰਾਣਾ, ਕਿਸਾਨ ਆਗੂ ਡਾ ਸਤਨਾਮ ਸਿੰਘ ਅਜਨਾਲਾ, ਕੁਲਵੰਤ ਸਿੰਘ ਸੰਧੂ, ਗੁਰਨਾਮ ਸਿੰਘ ਭੀਖੀ, ਕਾਮਰੇਡ ਮਹੀਪਾਲ, ਰਘਬੀਰ ਸਿੰਘ ਬੈਨੀਪਾਲ, ਪ੍ਰਗਤੀਸ਼ੀਲ ਇਸਤਰੀ ਸਭਾ (ਏਪਵਾ) ਦੀ ਕੇਂਦਰੀ ਆਗੂ ਜਸਬੀਰ ਕੌਰ ਨੱਤ, ਜੈ ਪ੍ਰਕਾਸ਼ ਨਰਾਇਣ, ਕਾਮਰੇਡ ਗੁਰਨਾਮ ਸਿੰਘ ਦਾਊਦ, ਗੋਬਿੰਦ ਸਿੰਘ ਛਾਜਲੀ ਅਤੇ ਬਲਬੀਰ ਸਿੰਘ ਝਾਮਕਾ ਵੀ ਮੌਜੂਦ ਸਨ।

## ਸਿਲੇਖਵਾਰ ਇਸ਼ਤਿਹਾਰ /Classified Advertisement

**(U/o 5 Rule 20 CPC)**
**In The Court of Mrs. Manjot Kaur**
**District and Sesssions Judge, Rupnagar**
CNR No.PBRO01-000535-2025
Next Date: 09.07.2026
CA/32/03-02-2025
Under Section 96 CPC
Barinder Pal Singh
Versus
Jaspinder Kaur & Ors.
appeal against judgement and decree dated 10-01-2025 passed by the LD. court of sh. jagmeet singh addl. civil judge (sr. div.) rupnagar
Notice to: Respondent No.1 1. Jaspinder Kaur Divorcee W/O Barinder Pal Singh D/O Surjit Singh R/O Village Guru Nagar, Back Side Gurudwara Bhata Sahib Village Kotla Nihang, Tehsil And District-Rupnagar Now Residing At Village Rail Majra, Near Govt. School, District-Sbs Nagar No.2 2. Surveen Kaur (Minor) D/O Barinder Pal Singh Son Of Janmej Singh R/O ii.No. 63, Street No.3, Satluj Colony, Bari Haveli, Tehsil And District Rupnagar Second Address: Guru Nagar, Back Side Of Gurudwara Bhata Sahib, Village Kotla Nihang Tehsil And District Rupnagar
In the above titled case the defendant(s)/respondent(s) could not be served. It is ordered that the defendant(s)/respondent(s) should appear in person or through counsel on 09.07.2026 at 10:00 am.
For details logon to https://highcourtchd.gov.in/?mod=district_notice&district=Rupnagar
Dated this day of 04-06-2026
**Sd/- District and Sesssions Judge, Rupnagar**

**(U/o 5 Rule 20 CPC)**
**In The Court of Sh. Gurmohan Singh**
**Additional District and Sessions Judge,Hoshiarpur**
CNR No.PBHO01-007012-2025
Next Date: 09.07.2026
Sham Lal Son Of Rattna, Resident Of Village Depur, Tehsil Mukerian, District Hoshiarpur And Anr.
.........Appellants
Versus
Babita Rani Wife Of Moti Lal, Resident Of Village Depur, Tehsil Mukerian, District Hoshiarpur And Anr.
.........Respondents
Appeal Against The Judment And Decree Dated 22-07-2025 Passed By The Court Of Ms. Ramandeep Neetu, Ld. Addl. Civil Judge (Sr. Div) Mukerian, District Hoshiarpur
Notice to: 4. Archna Daughter Of Des Raj, Resident Of Village Depur, Tehsil Mukerian, District Hoshiarpur 5. Bandna Daughter Of Des Raj, Resident Of Batala, Tehsil Batala, District Batala. 15. Rattni Daughter Of Mangat Ram, Resident Of Village Budhabar, Tehsil Mukerian, District Hoshiarpur
In the above titled case the defendant(s)/respondent(s) **4. Archna Daughter Of Des Raj, Resident Of Village Depur, Tehsil Mukerian, District Hoshiarpur 5. Bandna Daughter Of Des Raj, Resident Of Batala, Tehsil Batala, District Batala. 15. Rattni Daughter Of Mangat Ram, Resident Of Village Budhabar, Tehsil Mukerian, District Hoshiarpur** could not be served. It is ordered that the defendant(s)/respondent(s) should appear in person or through counsel on 09.07.2026 at 10:00 am.
For details logon to https://highcourtchd.gov.in/?trs=district_notice&district=Hoshiarpur
Dated this day of 03-06-2026
**Sd/- Additional District and Sessions Judge,Hoshiarpur**

**(U/o 5 Rule 20 CPC)**
**In The Court of Sh. Baljinder Singh Maan**
**Principal Judge, Family Court, SBS Nagar**
CNR No.PBSB01-005087-2025
Next Date: 06.07.2026
Surinder Kaur
Versus
Rakesh Kumar
Petition under section 13 of the Hindu marriage Act 1955
Notice to: Rakesh Kumar Son Of Jit Ram R/O Kailash Nagar Road, Bajra Basti, Jodhewal, Ludhiana, Distt Ludhiana
In above titled Petition the defendant(s)/respondent(s) could not be served. It is ordered that the defendant(s)/respondent(s) should appear in person or through counsel on **06**.07.2026 at 10:00 A.M.
For details logon to https://highcourtchd.gov.in/?mod=district_notice&district=sbsnagar
Dated this day of 05-06-2026
**Sd /- Principal Judge, Family Court, SBS Nagar**

**(U/o 5 Rule 20 CPC)**
**In The Court of Ms. Sumandeep Kaur**
**Civil Judge (Junior Division), Malout**
CNR No. PBSMB0-000071-2024
Next Date:- 02-07-2026
State Bank of India
Versus
Harshpinder Singh
Notice to: Harshpinder Singh Father::-Rajinderpal Singh Village Urang Tehsil Malout
In above titled Petition the defendant(s)/respondent(s) could not be served. It is ordered that the defendant(s)/respondent(s) should appear in person or through counsel on **02**.07.2026 at 10:00 A.M.
For details logon to https://highcourtchd.gov.in/?mod=district_notice&district=mogacourt
Dated this day of 29-05-2026
**Sd/- Civil Judge (Junior Division), Malout**

**(U/o 5 Rule 20 CPC)**
**In The Court of Ms. Rupinder Kaur**
**Civil Judge (Junior Division), Dhuri**
CNR No.-PBSGB0-000011-2025
Next Date: 03.07.2026
Mohant Gopal Dass
Versus
Gurcharan Singh Bhatia(Batterian wala)
Notice to: 2.Paramdeep Singh Father::-Gurcharan Singh Bhatia Dalhousi Road, Vasant Colony, Pathankot
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **03.**07.2026 at 10:00 A.M.
For details logon to https://highcourtchd.gov.in/?mod=district_notice&district=Sangrur
Dated, this day of 01-06-2026
**Sd/- Civil Judge (Junior Division), Dhuri**

**(U/o 5 Rule 20 CPC)**
**In The Court of Sh. Kanwaljit Singh Bajwa**
**District and Sesssions Judge, Tarn Taran**
**Next Date, Purpose of case, Orders and Judgments as well as other case information is available on http://districts.ecourts.gov.in**
CNR No.PBTT01-006129-2025
Next Date: 04.07.2026
CMA/24/2025
Kashmir Singh & Another
Versus
Kirpal Singh & Others
Notice to: Lr (Ii) Of R.No. 2 - Satnam Singh Father::-Dalbir Singh R/O Kherdinke, Tehsil And District Tarn Taran Lr (Iii) Of R.No 2-Amarjit Singh Father::-Dalbir Singh R/O Kherdinke, Tehsil And District Tarn Taran
In the above titled case the defendant(s)/respondent(s) could not be served. It is ordered that the defendant(s)/respondent(s) should appear in person or through counsel on 04.07.2026 at 10:00 a.m.
For details logon to https://highcourtchd.gov.in/?trs=district_notice&district=Tarn Taran
Dated this day of 02-06-2026
**Sd/- District and Sesssions Judge, Tarn Taran**

**Criminal Courts,Ludhiana**
**In The Court of Ms. Prabhjot Kaur Sandhu**
**Judicial Magistrate-Ist Class, Ludhiana**
CNR No.PBLD03-015504-2023
Peshi: 10.07.2026
COMA/4130/2023
Publication Notice For Proclamation Under Section 82 Cr.Pc
Axis Bank
Versus
Inder Singh
Complaint R/W Sec- 138 Of N.I Act
Notice to: Linder singh r/o H.no. 30 vill lodhi gudar teh ajnaza distt. amritsar near gurdawara sahib amritsar, punjab 143110, india
Whereas it has been proved to the satisfaction of the court that your the accused above named cannot be served in the ordinary way of service. hence, this proclamation under section 82 crpc is hereby issued against you with a direction that you should appear personally before the court on 10.07.2026 at 10:00 am or within 30 days from the date of publication of this proclamation.
Take notice that, in default of your part to appear as directed above, the above said case will be heard and determined as per law, in your absence Given under my hand and the seal of the court, this for details login to https://highcourtchd.gov.in/?trs-district notice&district-ludhiana
**Sd/- Judicial Magistrate-Ist Class, Ludhiana**

**(U/o 5 Rule 20 CPC)**
**In The Court of Sh. Sumit Bhalla**
**Additional District and Sessions Judge, Ludhiana**
CNR No.PBLD01-016189-2025
Next Date: 13.07.2026
CRR/470/2025
Ramandeep Singh
Versus
Raman Kumar
Notice to: Raman Kumar Son Of Barma Nand (P.O. In Fir No. 118 Of 2012) Resident Of Village And Post Office Ballowal District Ludhiana
In above titled Petition the defendant(s)/respondent(s) could not be served. It is ordered that the defendant(s)/respondent(s) should appear in person or through counsel on **13**.07.2026 at 10:00 A.M.
For details logon to https://highcourtchd.gov.in/?trs=district_notice&district=Ludhiana
Dated this day of 27-05-2026
**Sd/- Additional District and Sessions Judge, Ludhiana**

**(U/o 5 Rule 20 CPC)**
**In The Court of Sh. Sumit Bhalla**
**Additional District and Sessions Judge, Ludhiana**
CNR No. PBLD01-019015-2023
Next Date:- 15-07-2026
CRR/800/2023
Raminder Singh
Versus
Hardeep Kaur
Notice to: 1. Hardeep Kaur W/O Raminder Singh D/O Manjit Singh 2. Manjit Singh S/O Surjit Singh 3. Kamaljit Kaur W/O Manjit Singh 4. Manpreet Singh S/O Manjit Singh All Residents Of 5903, Telian Mohalla, Near Kamal Chowk, Subhash Gate, Jagraon, Punjab
In above titled Petition the defendant(s)/respondent(s) could not be served. It is ordered that the defendant(s)/respondent(s) should appear in person or through counsel on **15**.07.2026 at 10:00 A.M.
For details logon to https://highcourtchd.gov.in/?trs=district_notice&district=Ludhiana
Dated this day of 27-05-2026
**Sd/- Additional District and Sessions Judge, Ludhiana**


# ਸਪੈਸ਼ਲ ਇੰਟੈਂਸਿਵ ਰਵੀਜ਼ਨ ਤਹਿਤ ਜ਼ਿਲ੍ਹਾ ਪ੍ਰਸ਼ਾਸਨ ਦਾ ਵਿਸ਼ੇਸ਼ ਅਭਿਆਨ, 544 ਪੋਲਿੰਗ ਬੂਥਾਂ 'ਤੇ ਲਗਾਏ ਗਏ ਵੋਟਰ ਮੈਪਿੰਗ ਕੈਂਪ



ਫ਼ਤਹਿਗੜ੍ਹ ਸਾਹਿਬ, 7 ਜੂਨ (ਹਰਪ੍ਰੀਤ ਕੌਰ ਟਿਵਾਣਾ): ਭਾਰਤ ਚੋਣ ਕਮਿਸ਼ਨ ਵੱਲੋਂ ਵੋਟਰ ਸੂਚੀਆਂ ਦੀ ਸਪੈਸ਼ਲ ਇੰਟੈਂਸਿਵ ਰਿਵੀਜ਼ਨ (ਐਸ.ਆਈ.ਆਰ.)-2026 ਤਹਿਤ ਚਲਾਈ ਜਾ ਰਹੀ ਮੁਹਿੰਮ ਨੂੰ ਸਫਲਤਾਪੂਰਵਕ ਨੇਪਰੇ ਚਾੜ੍ਹਨ ਲਈ ਜ਼ਿਲ੍ਹਾ ਚੋਣ ਅਫ਼ਸਰ-ਕਮ-ਡਿਪਟੀ ਕਮਿਸ਼ਨਰ ਡਾ ਸੋਨਾ ਥਿੰਦ ਦੀ ਅਗਵਾਈ ਹੇਠ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਵਿਸ਼ੇਸ਼ ਉਪਰਾਲੇ ਕੀਤੇ ਜਾ ਰਹੇ ਹਨ। ਇਸੇ ਤਹਿਤ ਅੱਜ ਜ਼ਿਲ੍ਹੇ ਦੇ ਸਮੂਹ 544 ਪੋਲਿੰਗ ਬੂਥਾਂ 'ਤੇ ਵਿਸ਼ੇਸ਼ ਮੈਪਿੰਗ ਕੈਂਪ ਲਗਾਏ ਗਏ, ਜਿੱਥੇ ਵੋਟਰਾਂ ਨੂੰ ਮੈਪਿੰਗ ਪ੍ਰਕਿਰਿਆ ਨਾਲ ਜੋੜਨ ਅਤੇ ਵੋਟਰ ਸੂਚੀਆਂ ਦੀ ਸ਼ੁੱਧਤਾ ਯਕੀਨੀ ਬਣਾਉਣ ਲਈ ਸਹੂਲਤਾਂ ਪ੍ਰਦਾਨ ਕੀਤੀਆਂ ਗਈਆਂ। ਵਧੀਕ ਡਿਪਟੀ ਕਮਿਸ਼ਨਰ -ਕਮ-ਵਧੀਕ ਜ਼ਿਲ੍ਹਾ ਚੋਣ ਅਫ਼ਸਰ ਸ੍ਰੀਮਤੀ ਪੂਜਾ ਸਿਆਲ ਗਰੇਵਾਲ ਨੇ ਵੱਖ-ਵੱਖ ਪੋਲਿੰਗ ਬੂਥਾਂ ਦਾ ਦੌਰਾ ਕਰਕੇ ਮੈਪਿੰਗ ਕਾਰਜ ਦੀ ਪ੍ਰਗਤੀ ਦਾ ਜਾਇਜ਼ਾ ਲਿਆ। ਇਸ ਦੌਰਾਨ ਉਨ੍ਹਾਂ ਬੂਥ ਲੈਵਲ ਅਫ਼ਸਰਾਂ (ਬੀ.ਐਲ.ਓਜ਼) ਨੂੰ ਹਦਾਇਤ ਕੀਤੀ ਕਿ ਹਰੇਕ ਯੋਗ ਵੋਟਰ ਤੱਕ ਪਹੁੰਚ ਬਣਾਈ ਜਾਵੇ ਅਤੇ ਮੈਪਿੰਗ ਕਾਰਜ ਨੂੰ ਨਿਰਧਾਰਿਤ ਸਮੇਂ ਅੰਦਰ ਮੁਕੰਮਲ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਸਹੀ ਅਤੇ ਅੱਪਡੇਟ ਵੋਟਰ ਸੂਚੀਆਂ ਲੋਕਤੰਤਰ ਦੀ ਮਜ਼ਬੂਤੀ ਲਈ ਬੇਹੱਦ ਜ਼ਰੂਰੀ ਹਨ। ਉਨ੍ਹਾਂ ਜਾਣਕਾਰੀ ਦਿੰਦਿਆਂ ਦੱਸਿਆ ਕਿ ਜ਼ਿਲ੍ਹਾ ਫਤਿਹਗੜ੍ਹ ਸਾਹਿਬ ਦੇ ਕੁੱਲ 4ਲੱਖ 54 ਹਜ਼ਾਰ 180 ਰਜਿਸਟਰਡ ਵੋਟਰਾਂ ਵਿੱਚੋਂ ਕਰੀਬ 3 ਲੱਖ 99 ਹਜ਼ਾਰ 51 ਵੋਟਰਾਂ ਦੀ ਮੈਪਿੰਗ ਸਫਲਤਾਪੂਰਵਕ ਕੀਤੀ ਜਾ ਚੁੱਕੀ ਹੈ, ਜੋ ਕਿ ਕੁੱਲ ਵੋਟਰਾਂ ਦਾ ਕਰੀਬ 88 ਫੀਸਦੀ ਬਣਦਾ ਹੈ। ਉਨ੍ਹਾਂ ਇਸ ਮਹੱਤਵਪੂਰਨ ਕਾਰਜ ਵਿੱਚ ਯੋਗਦਾਨ ਪਾਉਣ ਵਾਲੇ ਬੂਥ ਲੈਵਲ ਅਫ਼ਸਰਾਂ ਅਤੇ ਹੋਰ ਸਬੰਧਤਾਂ ਦੀ ਸ਼ਲਾਘਾ ਕੀਤੀ।ਵਧੀਕ ਜ਼ਿਲ੍ਹਾ ਚੋਣ ਅਫ਼ਸਰ ਨੇ ਇਹ ਵੀ ਦੱਸਿਆ ਕਿ ਵੋਟਰਾਂ ਦੀ ਸਹੂਲਤ ਲਈ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਇੱਕ ਵਿਸ਼ੇਸ਼ ਹੈਲਪ ਡੈਸਕ ਸਥਾਪਿਤ ਕੀਤਾ ਗਿਆ ਹੈ। ਇਸ ਹੈਲਪ ਡੈਸਕ ਰਾਹੀਂ ਵੋਟਰ ਸੂਚੀਆਂ ਨਾਲ ਸਬੰਧਤ ਦਾਅਵਿਆਂ, ਇਤਰਾਜ਼ਾਂ, ਨਾਮ ਦਰਜ ਕਰਵਾਉਣ, ਸੋਧ ਅਤੇ ਹੋਰ ਲੋੜੀਂਦੀ ਜਾਣਕਾਰੀ ਬਾਰੇ ਮਾਰਗਦਰਸ਼ਨ ਦਿੱਤਾ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਸੋਧੇ ਹੋਏ ਪ੍ਰੋਗਰਾਮ ਅਨੁਸਾਰ ਵੋਟਰ ਸੂਚੀ ਦੇ ਖਰੜੇ ਦਾ ਪ੍ਰਕਾਸ਼ਨ 03 ਅਗਸਤ 2026 ਨੂੰ ਕੀਤਾ ਜਾਵੇਗਾ। ਇਸ ਤੋਂ ਬਾਅਦ ਦਾਅਵਿਆਂ ਅਤੇ ਇਤਰਾਜ਼ਾਂ ਦੀ ਮਿਆਦ 03 ਅਗਸਤ ਤੋਂ 02 ਸਤੰਬਰ 2026 ਤੱਕ ਰਹੇਗੀ, ਜਦਕਿ ਇਨ੍ਹਾਂ ਦੇ ਨਿਪਟਾਰੇ ਦੀ ਪ੍ਰਕਿਰਿਆ 28 ਸਤੰਬਰ 2026 ਤੱਕ ਜਾਰੀ ਰਹੇਗੀ। ਉਨ੍ਹਾਂ ਸਮੂਹ ਵੋਟਰਾਂ, ਬੀ.ਐਲ.ਏਜ਼ ਅਤੇ ਰਾਜਨੀਤਿਕ ਪਾਰਟੀਆਂ ਦੇ ਨੁਮਾਇੰਦਿਆਂ ਨੂੰ ਅਪੀਲ ਕੀਤੀ ਕਿ ਉਹ ਇਸ ਲੋਕਤੰਤਰੀ ਪ੍ਰਕਿਰਿਆ ਵਿੱਚ ਸਰਗਰਮ ਭਾਗੀਦਾਰੀ ਨਿਭਾਉਣ ਅਤੇ ਵੋਟਰ ਸੂਚੀਆਂ ਨੂੰ ਹੋਰ ਸ਼ੁੱਧ, ਪਾਰਦਰਸ਼ੀ ਅਤੇ ਭਰੋਸੇਯੋਗ ਬਣਾਉਣ ਲਈ ਆਪਣਾ ਸਹਿਯੋਗ ਦੇਣ। ਇਸਦੇ ਨਾਲ ਹੀ ਵਿਧਾਨ ਸਭਾ ਚੋਣ ਹਲਕਾ ਫਤਿਹਗੜ੍ਹ ਸਾਹਿਬ ਦੇ ਤਹਿਸੀਲਦਾਰ-ਕਮ-ਸਹਾਇਕ ਚੋਣਕਾਰ ਰਜਿਸਟ੍ਰੇਸ਼ਨ ਅਫ਼ਸਰ ਸ੍ਰੀ ਵਿਸ਼ਾਲ ਵਰਮਾ ਵੱਲੋਂ ਵੀ ਸਰਹਿੰਦ ਦੇ ਵੱਖ ਵੱਖ ਬੂਥਾਂ 'ਤੇ ਜਾ ਕੇ ਕੈਂਪਾਂ ਦਾ ਜਾਇਜ਼ਾ ਲਿਆ ਗਿਆ।

# ਭਾਰਤੀ ਕਿਸਾਨ ਯੂਨੀਅਨ ਕਰਾਂਤੀ ਕਾਰੀ ਪੰਜਾਬ ਨੇ ਮੁੱਖ ਮੰਤਰੀ ਦਾ ਪੁਤਲਾ ਫੂਕਿਆ



ਘੁਮਾਣ ਸ੍ਰੀ ਹਰਿਗੋਬਿੰਦਪੁਰ ਸਾਹਿਬ, 7 ਜੂਨ (ਡਾ. ਨਰਿੰਦਰ ਸਿੰਘ ਘੁਮਾਣ/ਜਗੀਰ ਸਿੰਘ ਮੰਡ): ਭਾਰਤੀ ਕਿਸਾਨ ਯੂਨੀਅਨ ਕਰਾਂਤੀ ਕਾਰੀ ਪੰਜਾਬ ਜ਼ਿਲ੍ਹਾ ਗੁਰਦਾਸਪੁਰ ਬਲਾਕ ਸ੍ਰੀ ਹਰਿਗੋਬਿੰਦਪੁਰ ਕਾਦੀਆਂ ਵੱਲੋਂ ਅੱਜ ਪਿੰਡ ਮਠੋਲਾ ਵਿੱਚ ਪੰਜਾਬ ਸਰਕਾਰ ਤੇ ਮੁੱਖ ਮੰਤਰੀ ਭਗਵੰਤ ਮਾਨ ਦਾ ਪੁਤਲਾ ਸਾੜਿਆ ਗਿਆ। ਸਰਕਾਰ ਖਿਲਾਫ ਵਿਰੋਧ ਪ੍ਰਦਰਸ਼ਨ ਕੀਤਾ ਗਿਆ। ਬਲਾਕ ਪ੍ਰਧਾਨ ਕੈਪਟਨ ਅਜੀਤ ਸਿੰਘ ਸੈਰੋਵਾਲ ਦੀ ਪ੍ਰਧਾਨਗੀ ਹੇਠ ਵੱਖ ਵੱਖ ਪਿੰਡਾਂ ਤੋਂ ਵੱਡੀ ਗਿਣਤੀ ਵਿੱਚ ਇਕੱਤਰ ਹੋਏ ਕਿਸਾਨਾਂ ਅਤੇ ਬੀਬੀਆਂ ਨੂੰ ਸੰਬੋਧਨ ਕਰਦਿਆਂ ਵੱਖ ਵੱਖ ਆਗੂਆਂ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਪੰਜਾਬ ਸੂਬੇ ਨੂੰ ਪੁਲਿਸ ਰਾਜ ਵਿਚ ਤਬਦੀਲ ਕਰ ਦਿੱਤਾ ਹੈ। ਪਹਿਲਾਂ ਕਿਸਾਨ ਜਥੇਬੰਦੀਆਂ ਫਿਰ ਮਜ਼ਦੂਰ ਜਥੇਬੰਦੀਆਂ ਤੀਸਰੇ ਹਿੱਸੇ ਦੀ ਜ਼ਮੀਨ 'ਤੇ ਦਲਿਤਾਂ ਦੇ ਅਧਿਕਾਰਾਂ ਦੀ ਲੜਾਈ ਲੜ ਰਹੇ ਪੇਂਡੂ ਮਜ਼ਦੂਰਾਂ 'ਤੇ ਤਸ਼ੱਦਦ ਕਰਨ ਤੋਂ ਬਾਅਦ ਹੁਣ ਡੈਮੋਕ੍ਰੇਟਿਕ ਮੁਲਾਜ਼ਮਾਂ ਅਤੇ ਅਪਰੈਂਸਸ਼ਿੱਪ ਲਾਈਨਮੈਨ ਕਾਮਿਆਂ 'ਤੇ ਅੰਨ੍ਹਾ ਤਸ਼ੱਦਦ ਢਾਹਿਆ ਗਿਆ ਅਤੇ ਗ੍ਰਿਫਤਾਰੀਆਂ ਅਤੇ ਪਰਚੇ ਦਰਜ ਕਰ ਕੇ ਮੁਕੰਮਲ ਤਾਨਾਸ਼ਾਹੀ ਦਾ ਸਬੂਤ ਦਿੱਤਾ ਹੈ। ਜ਼ਿਲ੍ਹਾ ਖਜਾਨਚੀ ਸਿਕੰਦਰ ਸਿੰਘ ਚੀਮਾ ਖੁੱਡੀ ਬਲਕਾਰ ਸਕੱਤਰ ਕੁਲਦੀਪ ਸਿੰਘ ਸੈਰੋਵਾਲ ਬਲਕਾਰ ਸਿੰਘ ਧਰਮੀ ਫੌਜੀ ਆਦਿ ਨੇ ਸਰਕਾਰ ਦੀ ਨਿਖੇਧੀ ਕਰਦਿਆਂ ਲੋਕਾਂ ਨੂੰ ਇਕੱਠੇ ਹੋ ਕੇ ਵਿਰੋਧ ਕਰਨ ਦਾ ਸੱਦਾ ਦਿੱਤਾ। ਸੂਬਾਈ ਕਾਰਕੁੰਨ ਡਾ ਅਸ਼ੋਕ ਭਾਰਤੀ ਨੇ ਕਿਹਾ ਕਿ ਪੰਜਾਬ ਸਰਕਾਰ ਕੇਂਦਰ ਸਰਕਾਰ ਦੇ ਭਵਿੱਖ ਦੇ ਏਜੰਡੇ ਨੂੰ ਲਾਗੂ ਕਰ ਰਹੀ ਹੈ ਜਿਸ ਖਿਲਾਫ ਸਮੂਹ ਲੋਕਾਂ ਅਤੇ ਇਨਕਲਾਬੀ ਜਮਹੂਰੀ ਸ਼ਕਤੀਆਂ ਨੂੰ ਇਕੱਠੇ ਹੋਣਾ ਚਾਹੀਦਾ ਹੈ।

# ਪਾਰਟੀ ਵਰਕਰ ਦੀ ਗ੍ਰਿਫ਼ਤਾਰੀ ਦੇ ਵਿਰੋਧ ਵਿਚ ਕਾਂਗਰਸ ਵੱਲੋਂ ਰੋਸ-ਪ੍ਰਦਰਸ਼ਨ

ਟਾਂਡਾ ਉੜਮੁੜ, 7 ਜੂਨ (ਅਰਜੁਨ ਜੈਨ):ਕਾਂਗਰਸੀ ਵਰਕਰਾਂ ਨੇ ਹੁਸ਼ਿਆਰਪੁਰ ਦੇ ਟਾਂਡਾ ਵਿਖੇ ਪਾਰਟੀ ਵਰਕਰ ਅਰਸ਼ਦੀਪ ਸਿੰਘ ਦੀ 'ਝਾੜੂ' ਦੀ ਕਥਿਤ ਬੇਅਦਬੀ ਕਰਨ ਦੇ ਦੋਸ਼ ਹੇਠ ਹੋਈ ਗ੍ਰਿਫ਼ਤਾਰੀ ਦੇ ਵਿਰੋਧ ਵਿਚ ਅੱਜ ਰੋਸ-ਪ੍ਰਦਰਸ਼ਨ ਕੀਤਾ। ਪੂਰੇ ਸੂਬੇ ਵਿਚ ਕਾਂਗਰਸੀ ਵਰਕਰਾਂ ਨੇ ਆਪਣੇ ਸਾਥੀ ਖ਼ਿਲਾਫ਼ ਕੀਤੀ ਗਈ ਸਰਕਾਰੀ ਕਾਰਵਾਈ ਦੇ ਵਿਰੋਧ ਵਿਚ ਸੰਕੇਤਕ ਤੌਰ 'ਤੇ ਵੱਖ-ਵੱਖ ਥਾਵਾਂ 'ਤੇ ਝਾੜੂ ਖਿਲਾਰ ਕੇ ਰੋਸ-ਪ੍ਰਦਰਸ਼ਨ ਕੀਤਾ।ਇਸ ਮੌਕੇ ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਇਕ ਸਾਧਾਰਨ ਸੰਕੇਤਕ ਵਿਰੋਧ ਕਰਨ 'ਤੇ ਕਾਂਗਰਸ ਵਰਕਰ ਦੀ ਗ੍ਰਿਫ਼ਤਾਰੀ ਨੂੰ ਲੈ ਕੇ ਪੰਜਾਬ ਪੁਲਿਸ ਦੀ ਤਾਨਾਸ਼ਾਹੀ ਕਾਰਵਾਈ ਦੀ ਨਿੰਦਾ ਕੀਤੀ।

ਉਨ੍ਹਾਂ ਕਿਹਾ ਕਿ ਅਰਸ਼ਦੀਪ ਸਿੰਘ ਨੂੰ ਝਾੜੂ ਦੀ ਬੇਅਦਬੀ ਦਾ ਦੋਸ਼ ਲਾ ਕੇ ਜੇਲ੍ਹ 'ਚ ਡੱਕਣਾ ਮੌਜੂਦਾ ਸਰਕਾਰ ਦੀ ਘਟੀਆ ਰਾਜਨੀਤੀ ਦਾ ਸਭ ਤੋਂ ਨੀਵਾਂ ਪੱਧਰ ਹੈ। ਵੜਿੰਗ ਨੇ ਇੱਥੇ ਅਰਸ਼ਦੀਪ ਅਤੇ ਉਸ ਦੇ ਪਰਿਵਾਰ ਮੈਂਬਰਾਂ ਨਾਲ ਮੁਲਾਕਾਤ ਵੀ ਕੀਤੀ।ਇਸ ਮੌਕੇ ਸਾਬਕਾ ਕੈਬਨਿਟ ਮੰਤਰੀ ਪੰਜਾਬ ਸੰਗਤ ਸਿੰਘ ਗਿਲਜੀਆਂ ਅਤੇ ਜ਼ਿਲਾ ਪ੍ਰਧਾਨ ਕਾਂਗਰਸ ਐਡਵੋਕੇਟ ਦਲਜੀਤ ਸਿੰਘ ਗਿਲਜੀਆਂ ਅਤੇ ਵੱਡੀ ਗਿਣਤੀ ਵਿਚ ਕਾਂਗਰਸੀ ਕਾਰਕੁੰਨਾਂ ਦੀ ਮੌਜੂਦਗੀ ਵਿਚ ਬਲਾਕ ਕਾਂਗਰਸ ਦਫਤਰ ਤੋਂ ਰੋਸ ਮਾਰਚ ਕੱਢਣ ਤੋਂ ਬਾਅਦ ਸ਼ਿਮਲਾ ਪਹਾੜੀ ਪਾਰਕ ਸਾਹਮਣੇ ਝਾੜੂ ਖਿਲਾਰਦੇ ਹੋਏ ਪੰਜਾਬ ਸਰਕਾਰ ਨੂੰ ਵੰਗਾਰ ਰਾਜਾ ਵੜਿੰਗ ਨੇ ਰੋਸ ਜ਼ਾਹਿਰ ਕੀਤਾ ।

ਉਨ੍ਹਾਂ ਦਸੂਹਾ ਦੇ ਕਾਂਗਰਸੀ ਆਗੂ 'ਤੇ ਹੋਏ ਜਾਨਲੇਵਾ ਹਮਲੇ ਦਾ ਹਵਾਲਾ ਦਿੰਦੇ ਹੋਏ ਆਖਿਆ ਕਿ ਮਾਮਲੇ 'ਚ ਮਾਮੂਲੀ ਪਰਚਾ ਦਿੱਤਾ ਗਿਆ ਹੈ, ਜੇਕਰ ਪੁਲਸ ਨੇ ਇਸ ਮਾਮਲੇ 'ਚ ਇਰਾਦਾ ਕਤਲ ਦਾ ਮਾਮਲਾ ਦਰਜ ਨਾ ਕੀਤਾ ਤਾਂ ਕਾਂਗਰਸ ਪਾਰਟੀ ਐੱਸ. ਐੱਸ. ਪੀ. ਦਫਤਰ ਸਾਹਮਣੇ ਧਰਨਾ ਪ੍ਰਦਰਸ਼ਨ ਕਰੇਗੀ।

# ਵਾਤਾਵਰਨ ਦੀ ਸ਼ੁੱਧਤਾ ਲਈ ਸਿਵਲ ਹਸਪਤਾਲ ਵਿਖੇ ਲਾਇਆ ਜਾਗਰੂਕਤਾ ਕੈਂਪ

ਫ਼ਿਰੋਜ਼ਪੁਰ, 7 ਜੂਨ (ਤਿਵਾੜੀ): ਦਿਨੋਂ-ਦਿਨ ਗੰਧਲੇ ਹੋ ਰਹੇ ਵਾਤਾਵਰਣ ਦੀ ਬਿਹਤਰੀ ਲਈ ਜਾਗਰੂਕਤਾ ਸੈਮੀਨਾਰ ਸਿਵਲ ਹਸਪਤਾਲ ਫ਼ਿਰੋਜ਼ਪੁਰ ਵਿਖੇ ਲਾਇਆ ਗਿਆ। ਇਸ ਮੌਕੇ ਜੁੜੇ ਵੱਡੀ ਤਦਾਦ ਵਿਚ ਲੋਕਾਂ ਅਤੇ ਸਟਾਫ ਨਾਲ ਵਿਚਾਰ ਸਾਂਝੇ ਕਰਦਿਆਂ ਸੀਨੀਅਰ ਮੈਡੀਕਲ ਅਫਸਰ ਡਾ: ਨਿਖਿਲ ਗੁਪਤਾ ਨੇ ਸਪੱਸ਼ਟ ਕੀਤਾ ਕਿ ਵੱਧ ਰਹੀ ਅਬਾਦੀ, ਸ਼ਹਿਰੀਕਰਨ ਤੇ ਵਹੀਕਲਾਂ ਤੋਂ ਪੈਦਾ ਹੋਣ ਵਾਲੇ ਧੂੰਏ ਸਮੇਤ ਫੈਕਟਰੀਆਂ ਅਤੇ ਘਰਾਂ ਵਿਚ ਬਾਲੀ ਜਾਂਦੀ ਅੱਗ ਸਦਕਾ ਵਾਤਾਵਰਣ ਕਾਫੀ ਦੂਸ਼ਿਤ ਹੋ ਚੁੱਕਾ ਹੈ, ਉਥੇ ਪਲਾਸਟਿਕ ਦੀ ਵਰਤੋਂ ਨਾਲ ਵੀ ਵਾਤਾਵਰਣ 'ਤੇ ਕਾਫੀ ਮਾੜਾ ਪ੍ਰਭਾਵ ਪੈ ਰਿਹਾ ਹੈ। ਉਨ੍ਹਾਂ ਕਿਹਾ ਕਿ ਹਰ ਸਾਲ 400 ਲੱਖ ਟਨ ਸਮੁੰਦਰਾਂ ਕੰਢੇ ਇਕੱਠਾ ਹੋ ਰਿਹਾ ਹੈ, ਜੇਕਰ ਪਲਾਸਟਿਕ ਦੀ ਗੱਲ ਕਰੀਏ ਤਾਂ ਇਸ ਨੂੰ ਗਲਣ ਵਿਚ ਸੈਂਕੜੇ ਸਾਲ ਲੱਗ ਜਾਂਦੇ ਹਨ, ਜਿਸ ਕਰਕੇ ਇਹ ਪਲਾਸਟਿਕ ਮਨੁੱਖਤਾ ਤੇ ਭਾਰੂ ਪੈਣ ਦੇ ਨਾਲ-ਨਾਲ ਜਾਨਵਰਾਂ ਦੀ ਜਾਨ ਲਈ ਵੀ ਜੋਖ਼ਮ ਬਣਿਆ ਰਹਿੰਦਾ ਹੈ।ਡਾ: ਨਿਖਿਲ ਗੁਪਤਾ ਸੀਨੀਅਰ ਮੈਡੀਕਲ ਅਫਸਰ ਨੇ ਅਜੋਕੇ ਦੌਰ ਵਿਚ ਹਰ ਮਨੁੱਖ ਸਕੂਨ ਦੀ ਜਿੰਦਗੀ ਜਿਊਣਾ ਚਾਹੁੰਦਾ ਹੈ ਅਤੇ ਇਸ ਮਨਸ਼ਾ ਨਾਲ ਸ਼ਹਿਰਾਂ ਵੱਲ ਭੱਜ ਰਿਹਾ ਹੈ, ਜਿਸ ਦੇ ਚੱਲਦਿਆਂ ਸ਼ਹਿਰਾਂ ਦੇ ਨਾਲ ਲੱਗਦੇ ਖਾਲੀ ਇਲਾਕਿਆਂ ਵਿਚ ਆਮ ਲੋਕਾਂ ਦੀ ਰਿਹਾਇਸ਼ਗਾਹ ਬਣ ਚੁੱਕੀਆਂ ਹਨ ਅਤੇ ਇਸ ਸਦਕਾ ਸ਼ਹਿਰਾਂ ਦੇ ਨੇੜਿਓਂ ਵੱਡੀ ਤਦਾਦ ਵਿਚ ਦਰੱਖਤਾਂ ਦੀ ਕਟਾਈ ਹੋ ਚੁੱਕੀ ਹੈ, ਜਿਸ ਕਰਕੇ ਵੀ ਵਾਤਾਵਰਣ ਕਾਫੀ ਪਰਭਾਵਿਤ ਹੋ ਰਿਹਾ ਹੈ। ਉਨ੍ਹਾਂ ਕਿਹਾ ਕਿ ਵਾਤਾਵਰਣ ਨੂੰ ਸਥਿਰ ਰੱਖਣ ਵਿਚ ਜਿੱਥੇ ਦਰੱਖਤ ਸਹਾਈ ਹੁੰਦੇ ਹਨ, ਉੱਥੇ ਸਾਫ-ਸਫਾਈ ਵੀ ਆਪਣਾ ਬਣਦਾ ਯੋਗਦਾਨ ਪਾਉਂਦੀ ਹੈ। ਉਨ੍ਹਾਂ ਕਿਹਾ ਕਿ ਹਰ ਸਾਲ ਇਨ੍ਹਾਂ ਕਾਰਨਾਂ ਕਰਕੇ ਵੱਡੀ ਤਾਦਾਦ ਵਿੱਚ ਲੋਕ ਮੌਤ ਦੇ ਮੂੰਹ ਵਿਚ ਜਾਂਦੇ ਹਨ।ਉਨ੍ਹਾਂ ਕਿਹਾ ਕਿ ਜੇਕਰ ਅਸੀਂ ਆਪਣੇ ਬੱਚਿਆਂ ਦੇ ਬਿਹਤਰੀਨ ਭਵਿੱਖ ਲਈ ਆਪਣੇ ਘਰਾਂ ਦੇ ਆਲੇ ਦੁਆਲੇ ਦਰੱਖਤ, ਬੂਟੇ ਲਗਾ ਕੇ ਉਨ੍ਹਾਂ ਦੀ ਸਾਂਭ-ਸੰਭਾਲ ਆਪਣੇ ਬੱਚਿਆਂ ਵਾਂਗ ਕਰੀਏ ਤਾਂ ਸ਼ਾਇਦ ਇਹ ਵਾਤਾਵਣ ਕਾਫੀ ਹੱਦ ਤੱਕ ਪਰਦੂਸ਼ਨ ਮੁਕਤ ਹੋ ਜਾਵੇਗਾ।

# 'ਸੇਵ ਸ਼ਿਵਾਲਿਕ ਸੇਵ ਮਦਰ ਅਰਥ' ਵਾਤਾਵਰਨ ਸੰਸਥਾ ਵੱਲੋਂ ਵਿਸ਼ਵ ਵਾਤਾਵਰਣ ਦਿਵਸ ਮਨਾਇਆ

ਦਸੂਹਾ, 7 ਜੂਨ (ਰਾਜਿੰਦਰ ਸਿੰਘ ਦਸੂਹਾ ):ਵਿਸ਼ਵ ਵਾਤਾਵਰਣ ਦਿਵਸ ਦੇ ਮੌਕੇ 'ਤੇ 'ਸੇਵ ਸ਼ਿਵਾਲਿਕ ਸੇਵ ਮਦਰ ਅਰਥ' ਵਾਤਾਵਰਣ ਸੰਸਥਾ ਵੱਲੋਂ ਇੱਕ ਵਿਸ਼ੇਸ਼ ਜਾਗਰੂਕਤਾ ਪ੍ਰੋਗਰਾਮ ਦਾ



ਆਯੋਜਨ ਕੀਤਾ ਗਿਆ। ਇਸ ਦੌਰਾਨ ਵਾਤਾਵਰਣ ਦੀ ਸੰਭਾਲ, ਰੁੱਖ ਲਗਾਉਣ ਅਤੇ ਪਲਾਸਟਿਕ ਪ੍ਰਦੂਸ਼ਣ ਨੂੰ ਘਟਾਉਣ ਸਬੰਧੀ ਲੋਕਾਂ ਨੂੰ ਜਾਗਰੂਕ ਕੀਤਾ ਗਿਆ। ਇਸ ਪ੍ਰੋਗਰਾਮ ਦੀ ਸ਼ੁਰੂਆਤ ਮੁੱਖ ਮਹਿਮਾਨ ਦੇ ਤੌਰ 'ਤੇ ਪਹੁੰਚੇ ਮਹਾਂਵੀਰ ਸਿੰਘ ਆਈ.ਐਫ.ਐਸ. ਵੱਲੋਂ ਵਣ ਵਿਭਾਗ ਅਤੇ ਸੰਸਥਾ ਦੇ ਮੈਂਬਰਾਂ ਨਾਲ਼ ਸਾਂਝੇ ਤੌਰ 'ਤੇ ਪੌਦਾ ਲਗਾ ਕੇ ਕੀਤੀ ਗਈ। ਜੰਗਲਾਤ ਵਿਭਾਗ ਦਸੂਹਾ ਤੋਂ ਵਿਸ਼ੇਸ਼ ਮਹਿਮਾਨ ਤੌਰ 'ਤੇ ਪਹੁੰਚੇ ਅੰਜਨ ਸਿੰਘ ਡੀ ਐਫ ਓ ਵੱਲੋਂ ਮੈਡੀਸਿਨ ਬੂਟਿਆਂ ਦੀ ਬਰੀਕੀ ਨਾਲ਼ ਜਾਣਕਾਰੀ ਦਿੱਤੀ ਗਈ ਅਤੇ ਦੱਸਿਆ ਕਿ ਇਹ ਬੂਟੇ ਕਿਸ ਤਰ੍ਹਾਂ ਸਾਨੂੰ ਬਿਮਾਰੀਆਂ ਤੋਂ ਦੂਰ ਰੱਖ ਸਕਦੇ ਹਨ । ਇਸ ਮੌਕੇ ਵਿਸ਼ੇਸ਼ ਤੌਰ 'ਤੇ ਪਹੁੰਚੇ ਉੱਘੇ ਸਿੱਖਿਆ ਸ਼ਾਸਤਰੀ ਪ੍ਰੋ ਸੰਜੀਵ ਸ਼ਰਮਾ ਨੇ ਕਿਹਾ ਕਿ ਵਾਤਾਵਰਣ ਦੀ ਰੱਖਿਆ ਕਰਨਾ ਸਾਡੀ ਸਾਂਝੀ ਜ਼ਿੰਮੇਵਾਰੀ ਹੈ। ਧਰਤੀ ਨੂੰ ਹਰਿਆ-ਭਰਿਆ ਬਣਾਉਣ ਲਈ ਵੱਧ ਤੋਂ ਵੱਧ ਰੁੱਖ ਲਗਾਉਣ ਅਤੇ ਉਨ੍ਹਾਂ ਦੀ ਸੰਭਾਲ ਕਰਨ ਦੀ ਲੋੜ ਹੈ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਆਲੇ-ਦੁਆਲੇ ਸਫਾਈ ਰੱਖਣ, ਪਲਾਸਟਿਕ ਦੀ ਵਰਤੋਂ ਘੱਟ ਕਰਨ ਅਤੇ ਕੁਦਰਤੀ ਸਰੋਤਾਂ ਦੀ ਸੰਭਾਲ ਲਈ ਯੋਗਦਾਨ ਪਾਉਣ। ਪ੍ਰੋਗਰਾਮ ਦੌਰਾਨ ਹਾਜ਼ਰ ਲੋਕਾਂ ਨੇ ਵਾਤਾਵਰਣ ਸੁਰੱਖਿਆ ਲਈ ਹਮੇਸ਼ਾਂ ਯਤਨਸ਼ੀਲ ਰਹਿਣ ਦਾ ਸੰਕਲਪ ਲਿਆ। ਇਹ ਸਾਰਾ ਪ੍ਰੋਗਰਾਮ ਲਾਰਡ ਆਫ਼ ਪਾਵਰ ਚਰਚ ਰੰਧਾਵਾ ਦੇ ਮੁਖੀ ਪਾਸਟਰ ਸੁੱਖਵਿੰਦਰ ਸੁੱਖੀ ਜੀ ਦੀ ਅਗਵਾਈ ਹੇਠ ਹੋਇਆ, ਉਨ੍ਹਾਂ ਦੱਸਿਆ ਜੇਕਰ ਅਸੀਂ ਅੱਜ ਵਾਤਾਵਰਣ ਦੀ ਸੰਭਾਲ ਨਹੀਂ ਕਰਾਂਗੇ ਤਾਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਗੰਭੀਰ ਸਮੱਸਿਆਵਾਂ ਦਾ ਸਾਹਮਣਾ ਕਰਨਾ ਪਵੇਗਾ।ਇਸ ਮੌਕੇ ਵੱਖ ਵੱਖ ਬੁਲਾਰਿਆ ਵੱਲੋਂ ਵਾਤਾਵਰਣ ਸਬੰਧੀ ਆਪਣੇ ਵਿਚਾਰ ਪੇਸ਼ ਕੀਤੇ ਗਏ।

# ਵੱਖ-ਵੱਖ ਰਾਜਨੀਤਕ ਪਾਰਟੀਆਂ ਦੇ 70 ਆਗੂ ਅਕਾਲੀ ਦਲ 'ਵਾਰਿਸ ਪੰਜਾਬ ਦੇ' ਪਾਰਟੀ ਵਿੱਚ ਸ਼ਾਮਿਲ

ਬਟਾਲਾ, 7 ਜੂਨ (ਸੁਖਦੇਵ ਸਿੰਘ ਰੰਧਾਵਾ ਬਲਬੀਰ ਸੋਹਲ): ਅਕਾਲੀ ਦਲ 'ਵਾਰਿਸ ਪੰਜਾਬ ਦੇ' ਪਾਰਟੀ ਨੂੰ ਬਟਾਲਾ ਹਲਕੇ ਵਿੱਚ ਵੱਡਾ ਹੁਲਾਰਾ ਮਿਲਿਆ ਹੈ।70 ਦੇ ਕਰੀਬ ਵੱਖ-ਵੱਖ ਰਾਜਨੀਤਿਕ ਪਾਰਟੀਆਂ ਦੇ ਆਗੂ ਸ਼ਾਮਲ ਹੋਏ ਜਿਨ੍ਹਾਂ ਵਿੱਚ ਪਲਵਿੰਦਰ ਸਿੰਘ ਸਾਬਕਾ ਜ਼ਿਲ੍ਹਾ ਪ੍ਰਧਾਨ ਗੁਰਦਾਸਪੁਰ ਬੀਐਸਪੀ, ਜੋ ਚਾਰ ਵਾਰ ਜ਼ਿਲ੍ਹਾ ਪ੍ਰਧਾਨ ਰਹੇ, ਗੁਰਦੀਪ ਸਿੰਘ ਕੋਟ ਮਜਲਿਸ ਸੀਨੀਅਰ ਆਗੂ ਭਾਰਤੀ ਜਨਤਾ ਪਾਰਟੀ, ਸਤਿੰਦਰ ਪਾਲ ਸਿੰਘ ਕਾਂਗਰਸ ਸੀਨੀਅਰ ਆਗੂ ਅਕਾਲੀ ਦਲ ਬਾਦਲ ਜਤਿੰਦਰ ਸਿੰਘ ਭੱਟੀ, ਸ੍ਰੀ ਜੱਜ ਵੋਹਰਾ ਸੀਨੀਅਰ ਆਗੂ ਆਮ ਆਦਮੀ ਪਾਰਟੀ ਮੁੱਖ ਤੌਰ 'ਤੇ ਸ਼ਾਮਲ ਹਨ। ਬਟਾਲਾ ਕਲੱਬ ਵਿੱਚ ਰੱਖੇ ਇੱਕ ਪ੍ਰਭਾਵਸ਼ਾਲੀ ਸਮਾਗਮ ਦੌਰਾਨ ਪਾਰਟੀ ਦੇ ਕਾਰਜਕਾਰੀ ਪ੍ਰਧਾਨ ਜਥੇਦਾਰ ਤਰਸੇਮ ਸਿੰਘ ਖਾਲਸਾ ਅਮਰਜੀਤ ਸਿੰਘ ਵਿਨਝੜੀ ਹਰਭਜਨ ਸਿੰਘ ਤੂੜ ਪੰਚ ਪ੍ਰਧਾਨੀ, ਪਰਮਜੀਤ ਸਿੰਘ ਜੌਹਲ ਕੋਆਰਡੀਨੇਟਰ, ਸੁਖਦੇਵ ਸਿੰਘ ਸੰਧੂ ਪ੍ਰਧਾਨ ਪੰਜਾਬ ਯੂਥ ਨੇ ਇਹਨਾਂ ਦੀ ਸਮੂਲੀਅਤ ਪਾਰਟੀ ਵਿੱਚ ਕਰਵਾਈ। ਇੰਨੀ ਵੱਡੀ ਪੱਧਰ 'ਤੇ ਬਟਾਲਾ ਵਿੱਚ ਇਹਨਾਂ ਆਗੂਆਂ ਦੀ ਸ਼ਮੂਲੀਅਤ ਨੇ ਬਟਾਲਾ ਦੀ ਰਾਜਨੀਤੀ ਵਿੱਚ ਹਲਚਲ



ਵਧਾ ਦਿੱਤੀ ਹੈ। ਇਸ ਮੌਕੇ ਰੱਖੀ ਗਈ ਪ੍ਰੈਸ ਵਾਰਤਾ ਨੂੰ ਸੰਬੋਧਨ ਕਰਦਿਆਂ ਜਥੇਦਾਰ ਤਰਸੇਮ ਸਿੰਘ ਖਾਲਸਾ ਜੀ ਨੇ ਕਿਹਾ ਕਿ ਪੰਜਾਬ ਸਰਕਾਰ ਹਰ ਮੁਹਾਜ 'ਤੇ ਫੇਲ੍ਹ ਹੋ ਚੁੱਕੀ ਹੈ। ਨਸ਼ਿਆਂ ਦੇ ਫਰੰਟ 'ਤੇ ਸਰਕਾਰ ਪੂਰੀ ਤਰ੍ਹਾਂ ਫੇਲ੍ਹ ਹੈ ।ਹੁਣ ਘਰ ਘਰ ਨਸ਼ੇ ਦੀ ਸਪਲਾਈ ਹੋ ਰਹੀ ਹੈ। ਅਮਨ -ਕਾਨੂੰਨ ਨਾ ਦੀ ਕੋਈ ਚੀਜ਼ ਪੰਜਾਬ ਵਿੱਚ ਨਹੀਂ ਹੈ, ਨਿੱਤ ਦਿਹਾੜੇ ਗੋਲੀਆਂ ਚੱਲ ਰਹੀਆਂ ਹਨ ਅਤੇ ਕਤਲ ਹੋ ਰਹੇ ਹਨ।ਸ਼ਰੇਆਮ ਕਾਰੋਬਾਰੀਆਂ ਵਪਾਰੀਆਂ ਤੋਂ ਫ਼ਿਰੋਤੀਆਂ ਮੰਗੀਆਂ ਜਾ ਰਹੀਆਂ ਹਨ। ਉਨ੍ਹਾਂ ਨੇ ਪਟਿਆਲਾ ਵਿੱਚ ਬੇਰੁਜ਼ਗਾਰ ਲਾਈਨਮੈਨਾਂ ਉੱਪਰ ਪੁਲਿਸ ਵੱਲੋਂ ਕੀਤੇ ਬੇਤਿਹਾਸ਼ਾ ਤਸ਼ੱਦਦ ਦੀ ਸਖਤ ਸ਼ਬਦਾਂ ਵਿੱਚ ਨਿਖੇਧੀ ਕੀਤੀ ਹੈ ।ਉਹਨਾਂ ਕਿਹਾ ਕਿ ਪਾਰਟੀ ਨੌਜਵਾਨਾਂ ਦਾ ਪੂਰਾ ਸਾਥ ਅਤੇ ਸਹਿਯੋਗ ਦੇਵੇਗੀ। ਉਹਨਾਂ ਨੇ ਲਾਠੀ ਚਾਰਜ ਕਰਨ ਵਾਲੇ ਮੁਲਾਜ਼ਮਾਂ ਦੇ ਪਰਚੇ ਦਰਜ ਕਰ ਲਈ ਕਿਹਾ। ਉਹਨਾਂ ਸਮੂਹ ਸਿੱਖਾਂ ਤੇ ਪੰਜਾਬੀਆਂ ਨੂੰ ਅਕਾਲੀ 'ਦਲ ਵਾਰਿਸ ਪੰਜਾਬ ਦੇ' ਪਾਰਟੀ ਨਾਲ ਜੁੜ ਲਈ ਕਿਹਾ ਤਾਂ ਜੋ ਪੰਜਾਬ ਦਾ ਵਧੀਆ ਭਵਿੱਖ ਸਿਰਜਿਆ ਜਾ ਸਕੇ। ਇੱਕ ਸਵਾਲ ਦੇ ਜਵਾਬ ਵਿੱਚ ਉਹਨਾਂ ਕਿਹਾ ਕਿ ਅਕਾਲੀ ਦਲ 'ਵਾਰਿਸ ਪੰਜਾਬ ਦੇ' ਪਾਰਟੀ ਕਿਸੇ ਵੀ ਦਿੱਲੀ ਤੋਂ ਚੱਲਣ ਵਾਲੀ ਪਾਰਟੀ ਜਾਂ ਦਿੱਲੀ ਦੀ ਹਮਾਇਤ ਨਾਲ ਚੱਲਣ ਵਾਲੀ ਪਾਰਟੀ ਨਾਲ ਕੋਈ ਸਮਝੌਤਾ ਨਹੀਂ ਕਰੇਗੀ। ਇਸ ਮੌਕੇ ਪ੍ਰਿਥੀਪਾਲ ਸਿੰਘ ਬਟਾਲਾ ਨੇ ਸਮੂਹ ਲੀਡਰਸ਼ਿਪ ਅਤੇ ਪਾਰਟੀ ਵਿੱਚ ਸ਼ਾਮਿਲ ਹੋਣ ਵਾਲੀਆਂ ਸ਼ਖ਼ਸੀਅਤਾਂ ਦਾ ਧੰਨਵਾਦ ਕੀਤਾ।ਉਹਨਾਂ ਕਿਹਾ ਕਿ ਬਟਾਲਾ ਵਿੱਚ ਅਕਾਲੀ ਦਲ ਵਾਰ ਪੰਜਾਬ ਦੇ ਪਾਰਟੀ ਨੂੰ ਬਹੁਤ ਵੱਡਾ ਲੋਕ ਸਮਰਥਨ ਮਿਲ ਰਿਹਾ ਹੈ ਅਤੇ ਲੋਕ ਭਾਈ ਅੰਮ੍ਰਿਤਪਾਲ ਸਿੰਘ ਖਾਲਸਾ ਦੀ ਸੋਚ ਨਾਲ ਜੁੜ ਰਹੇ ਹਨ।ਇਸ ਮੌਕੇ ਬੀਬੀ ਅਮਨਦੀਪ ਕੌਰ ਰੰਧਾਵਾ ਮੀਤ ਪ੍ਰਧਾਨ ਮਹਿਲਾ ਵਿੰਗ ਮਰਜਿੰਦਰ ਸਿੰਘ ਬਲ ਪ੍ਰਧਾਨ ਜ਼ਿਲ੍ਹਾ ਗੁਰਦਾਸਪੁਰ ਦਿਹਾਤੀ ਜੁਗਰਾਜ ਸਿੰਘ ਲਾਲੇ ਨੰਗਲ ਸਰਬਜੀਤ ਕੌਰ ਕਾਲਾ ਅਫਗਾਨਾ ਖੁਸ਼ ਕਰਨ ਸਿੰਘ ਹੇਰ ਗੁਰਦੇਵ ਸਿੰਘ ਸ਼ਾਹੀ ਗੁਰਤੇਜ ਸਿੰਘ ਯੂਥ ਆਗੂ ਸਰਦੂਲ ਸਿੰਘ ਮੱਲੀ ਦਿਲਬਾਗ ਸਿੰਘ ਗੋਬਿੰਦ ਨਗਰ ਸ਼ਮਸ਼ੇਰ ਸਿੰਘ ਘੁੰਮਣ ਮਨਵਿੰਦਰ ਸਿੰਘ ਪ੍ਰਿੰਸ ਸਤਨਾਮ ਸਿੰਘ ਮਨਜਿੰਦਰ ਸਿੰਘ ਲਾਲੀ ਕੰਡਿਆਲ ਤੇ ਨਵਜੀਤ ਸਿੰਘ ਸੰਘਾ ਆਦਿ ਸੀਨੀਅਰ ਆਗੂ ਹਾਜ਼ਰ ਸਨ।

# ਆਦਿ ਗੁਰੂ ਸ਼ੰਕਰਾਚਾਰਿਆ ਸੇਤੂ ਦੇ ਨਿਰਮਾਣ ਕਾਰਜ ਦਾ ਸ਼ੁਭ ਆਰੰਭ, ਸ਼ੰਕਰਾਚਾਰਿਆ ਸਵਾਮੀ ਨਿਸ਼ਚਲਾਨੰਦ ਸਰਸਵਤੀ ਵੱਲੋਂ ਭੂਮੀ ਪੂਜਨ

ਹੁਸ਼ਿਆਰਪੁਰ, 7 ਜੂਨ : (ਦੀਪਕ ਅਗਨੀਹੋਤਰੀ) ਸ਼ਹਿਰ ਦੇ ਵਿਕਾਸ, ਧਾਰਮਿਕ ਆਸਥਾ ਅਤੇ ਆਧੁਨਿਕ ਬੁਨਿਆਦੀ ਸਹੂਲਤਾਂ ਨੂੰ ਇੱਕ ਧਾਗੇ ਵਿੱਚ ਪਰੋਣ ਵਾਲੇ ਮਹੱਤਵਪੂਰਨ ਪ੍ਰੋਜੈਕਟ 'ਆਦਿ ਗੁਰੂ ਸ਼ੰਕਰਾਚਾਰਿਆ ਸੇਤੂ' ਦੇ ਨਿਰਮਾਣ ਕਾਰਜ ਦਾ ਐਤਵਾਰ ਨੂੰ ਰਸਮੀ ਸ਼ੁਰੂਆਤ ਕੀਤੀ ਗਈ। ਆਦਿ ਗੁਰੂ ਸ਼ੰਕਰਾਚਾਰਿਆ ਚੌਂਕ ਵਿਖੇ ਆਯੋਜਿਤ ਸਮਾਗਮ ਦੌਰਾਨ ਵਿਧਾਇਕ ਬ੍ਰਮ ਸ਼ੰਕਰ ਜਿੰਪਾ ਵੱਲੋਂ ਗੋਵਰਧਨ ਮਠ ਪੁਰੀ ਪੀਠਾਧੀਸ਼ਵਰ ਜਗਦਗੁਰੂ ਸ਼ੰਕਰਾਚਾਰਿਆ ਸਵਾਮੀ ਨਿਸ਼ਚਲਾਨੰਦ ਸਰਸਵਤੀ ਮਹਾਰਾਜ ਦੇ ਕਰ-ਕਮਲਾਂ ਨਾਲ ਭੂਮੀ ਪੂਜਨ ਕਰਵਾ ਕੇ ਇਸ ਪ੍ਰੋਜੈਕਟ ਦੀ ਸ਼ੁਰੂਆਤ ਕਰਵਾਈ ਗਈ। ਵਿਧਾਇਕ ਬ੍ਰਮ ਸ਼ੰਕਰ ਜਿੰਪਾ ਨੇ ਕਿਹਾ ਕਿ ਇਹ ਪੁਲ ਨਾ ਸਿਰਫ਼ ਸ਼ਹਿਰ ਦੀ ਆਵਾਜਾਈ ਪ੍ਰਣਾਲੀ ਨੂੰ ਮਜ਼ਬੂਤ ਕਰੇਗਾ, ਸਗੋਂ ਸ਼ਹਿਰ ਦੀ ਧਾਰਮਿਕ ਅਤੇ ਸੱਭਿਆਚਾਰਕ ਪਹਿਚਾਣ ਨੂੰ ਵੀ ਨਵੀਂ ਮਜ਼ਬੂਤੀ ਪ੍ਰਦਾਨ ਕਰੇਗਾ। ਜਿੰਪਾ ਨੇ ਦੱਸਿਆ ਕਿ ਉਨ੍ਹਾਂ ਵੱਲੋਂ ਸ਼ਹਿਰ ਦੀ ਧਾਰਮਿਕ ਵਿਰਾਸਤ ਨੂੰ ਸਨਮਾਨ ਦੇਣ ਦੇ ਉਦੇਸ਼ ਨਾਲ ਪਹਿਲਾਂ ਮਹਾਵੀਰ ਸੇਤੂ ਤੋਂ ਧੋਬੀ ਘਾਟ ਚੌਂਕ ਤੱਕ ਦੇ ਮਾਰਗ ਦਾ ਨਾਮ 'ਸ਼੍ਰੀ ਰਾਮ ਪਥ' ਅਤੇ ਧੋਬੀ ਘਾਟ ਚੌਂਕ ਦਾ ਨਾਮ 'ਆਦਿ ਗੁਰੂ ਸ਼ੰਕਰਾਚਾਰਿਆ ਚੌਂਕ' ਰੱਖਿਆ ਗਿਆ ਸੀ। ਇਸੇ ਲੜੀ ਨੂੰ ਅੱਗੇ ਵਧਾਉਂਦੇ ਹੋਏ ਹੁਣ ਆਦਿ ਗੁਰੂ ਸ਼ੰਕਰਾਚਾਰਿਆ ਚੌਂਕ



ਤੋਂ ਆਦਮਵਾਲ ਮਾਰਗ ਨੂੰ ਜੋੜਨ ਵਾਲੇ ਪ੍ਰਸਤਾਵਿਤ ਪੁਲ ਦਾ ਨਾਮ 'ਆਦਿ ਗੁਰੂ ਸ਼ੰਕਰਾਚਾਰਿਆ ਸੇਤੂ' ਰੱਖਿਆ ਗਿਆ ਹੈ। ਉਨ੍ਹਾਂ ਕਿਹਾ ਕਿ ਸ੍ਰੀ ਸਨਾਤਨ ਧਰਮ ਸਭਾ ਹੁਸ਼ਿਆਰਪੁਰ ਸਮੇਤ ਵੱਖ-ਵੱਖ ਧਾਰਮਿਕ, ਸਮਾਜਿਕ ਅਤੇ ਸਨਾਤਨ ਸੰਸਥਾਵਾਂ ਵੱਲੋਂ ਲੰਬੇ ਸਮੇਂ ਤੋਂ ਇਸ ਪੁਲ ਦਾ ਨਾਮ ਆਦਿ ਗੁਰੂ ਸ਼ੰਕਰਾਚਾਰਿਆ ਜੀ ਦੇ ਨਾਮ 'ਤੇ ਰੱਖਣ ਦੀ ਮੰਗ ਕੀਤੀ ਜਾ ਰਹੀ ਸੀ। ਪੰਜਾਬ ਸਰਕਾਰ ਨੇ ਲੋਕ ਭਾਵਨਾਵਾਂ ਦਾ ਸਤਿਕਾਰ ਕਰਦਿਆਂ ਇਸ ਮਹੱਤਵਪੂਰਨ ਪ੍ਰੋਜੈਕਟ ਨੂੰ ਮਨਜ਼ੂਰੀ ਦਿੱਤੀ ਹੈ।ਜਿੰਪਾ ਨੇ ਦੱਸਿਆ ਕਿ ਭੰਗੀ ਚੋਅ 'ਤੇ ਧੋਬੀ ਘਾਟ-ਆਦਮਵਾਲ ਮਾਰਗ ਉੱਪਰ 141 ਮੀਟਰ ਲੰਬੇ ਹਾਈ ਲੈਵਲ ਪੁਲ ਦਾ ਨਿਰਮਾਣ ਲਗਭਗ 8 ਕਰੋੜ 11 ਲੱਖ ਰੁਪਏ ਦੀ ਲਾਗਤ ਨਾਲ ਕੀਤਾ ਜਾਵੇਗਾ। ਇਸ ਪ੍ਰੋਜੈਕਟ ਨੂੰ ਪ੍ਰਸ਼ਾਸਨਿਕ ਮਨਜ਼ੂਰੀ ਮਿਲਣ ਤੋਂ ਬਾਅਦ ਲੋਕ ਨਿਰਮਾਣ ਵਿਭਾਗ ਵੱਲੋਂ ਡਿਜ਼ਾਈਨ ਤਿਆਰ ਕਰਕੇ ਟੈਂਡਰ ਪ੍ਰਕਿਰਿਆ ਪੂਰੀ ਕੀਤੀ ਗਈ ਅਤੇ ਹੁਣ ਨਿਰਮਾਣ ਕਾਰਜ ਸ਼ੁਰੂ ਕਰ ਦਿੱਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਪੁਲ ਦਾ ਨਿਰਮਾਣ 15 ਮਹੀਨਿਆਂ ਦੇ ਅੰਦਰ ਪੂਰਾ ਕਰਨ ਦਾ ਟੀਚਾ ਰੱਖਿਆ ਗਿਆ ਹੈ। ਵਿਧਾਇਕ ਨੇ ਕਿਹਾ ਕਿ ਇਸ ਵੇਲੇ ਇਸ ਥਾਂ 'ਤੇ ਸਿਰਫ਼ ਇੱਕ ਕੰਕਰੀਟ ਕਾਜ਼ਵੇ ਮੌਜੂਦ ਹੈ, ਜਿੱਥੇ ਬਰਸਾਤ ਦੇ ਮੌਸਮ ਦੌਰਾਨ ਭੰਗੀ ਚੋਅ ਵਿੱਚ ਪਾਣੀ ਦਾ ਪੱਧਰ ਵੱਧ ਜਾਣ ਕਾਰਨ ਲੋਕਾਂ ਨੂੰ ਭਾਰੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਕਈ ਵਾਰ ਆਵਾਜਾਈ ਪੂਰੀ ਤਰ੍ਹਾਂ ਪ੍ਰਭਾਵਿਤ ਹੋ ਜਾਂਦੀ ਹੈ, ਜਿਸ ਕਾਰਨ ਸਥਾਨਕ ਵਸਨੀਕਾਂ, ਵਿਦਿਆਰਥੀਆਂ ਅਤੇ ਸ਼ਰਧਾਲੂਆਂ ਨੂੰ ਦਿੱਕਤਾਂ ਝੱਲਣੀਆਂ ਪੈਂਦੀਆਂ ਹਨ। ਨਵੇਂ ਹਾਈ ਲੈਵਲ ਪੁਲ ਦੇ ਨਿਰਮਾਣ ਨਾਲ ਇਸ ਸਮੱਸਿਆ ਦਾ ਸਥਾਈ ਹੱਲ ਹੋਵੇਗਾ। ਉਨ੍ਹਾਂ ਦੱਸਿਆ ਕਿ ਇਸ ਪੁਲ ਦੇ ਬਣਨ ਨਾਲ ਆਦਮਵਾਲ, ਅੱਜੋਵਾਲ, ਚੌਹਾਲ, ਮਹਿੰਗਰੋਵਾਲ, ਬਰੋਟੀ ਅਤੇ ਕਪਾਹਟ ਸਮੇਤ ਆਲੇ-ਦੁਆਲੇ ਦੇ ਪਿੰਡਾਂ ਦੀ ਹਜ਼ਾਰਾਂ ਦੀ ਆਬਾਦੀ ਨੂੰ ਸਿੱਧਾ ਲਾਭ ਮਿਲੇਗਾ। ਇਸ ਤੋਂ ਇਲਾਵਾ ਇਹ ਮਾਰਗ ਰਾਸ਼ਟਰੀ ਰਾਜਮਾਰਗ-3 ਨਾਲ ਜੁੜਦਾ ਹੈ, ਜਿਸ ਰਾਹੀਂ ਮਾਤਾ ਚਿੰਤਪੁਰਨੀ, ਮਾਤਾ ਜਵਾਲਾ ਜੀ, ਮਾਤਾ ਚਾਮੁੰਡਾ ਦੇਵੀ, ਮਾਤਾ ਕਾਂਗੜਾ ਦੇਵੀ, ਮਾਤਾ ਬਗਲਾਮੁਖੀ ਧਾਮ, ਬਾਬਾ ਬੜਭਾਗ ਸਿੰਘ ਅਤੇ ਧਰਮਸ਼ਾਲਾ ਜਾਣ ਵਾਲੇ ਲੱਖਾਂ ਸ਼ਰਧਾਲੂ ਆਵਾਜਾਈ ਕਰਦੇ ਹਨ। ਪੁਲ ਬਣਨ ਨਾਲ ਸ਼ਰਧਾਲੂਆਂ ਦੀ ਯਾਤਰਾ ਹੋਰ ਸੁਰੱਖਿਅਤ, ਸੁਖਾਲੀ ਅਤੇ ਸੁਵਿਧਾਜਨਕ ਬਣੇਗੀ।ਵਿਧਾਇਕ ਬ੍ਰਮ ਸ਼ੰਕਰ ਜਿੰਪਾ ਨੇ ਕਿਹਾ ਕਿ ਪੰਜਾਬ ਸਰਕਾਰ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਹੁਸ਼ਿਆਰਪੁਰ ਵਿਧਾਨ ਸਭਾ ਹਲਕੇ ਵਿੱਚ ਵਿਕਾਸ ਕਾਰਜਾਂ ਨੂੰ ਤਰਜੀਹ ਦੇ ਆਧਾਰ 'ਤੇ ਅੱਗੇ ਵਧਾ ਰਹੀ ਹੈ। ਆਦਿ ਗੁਰੂ ਸ਼ੰਕਰਾਚਾਰਿਆ ਸੇਤੂ ਇਸ ਦਿਸ਼ਾ ਵਿੱਚ ਇੱਕ ਮਹੱਤਵਪੂਰਨ ਪ੍ਰਾਪਤੀ ਸਾਬਤ ਹੋਵੇਗਾ।

# ਖਮਾਣੋਂ ਦੇ ਵਾਰਡ ਨੰਬਰ 5 ਤੋਂ ਜੇਤੂ ਆਜ਼ਾਦ ਉਮੀਦਵਾਰ ਜਸਪ੍ਰੀਤ ਕੌਰ ਭੁੱਲਰ ਨੇ ਕੀਤੀ ਆਮ ਆਦਮੀ ਪਾਰਟੀ 'ਚ ਸ਼ਮੂਲੀਅਤ

ਫਤਿਹਗੜ੍ਹ ਸਾਹਿਬ ,7 ਜੂਨ (ਨਰਿੰਦਰ ਸਿੰਘ) ਜਨਾਬ ਫਤਿਹਗੜ੍ਹ ਸਾਹਿਬ ਖਮਾਣੋ ਦੀ ਵਾਰਡ ਨੰਬਰ 5 ਤੋਂ ਜੇਤੂ ਆਜ਼ਾਦ ਉਮੀਦਵਾਰ ਜਸਪ੍ਰੀਤ ਕੌਰ



ਭੁੱਲਰ ਪਤਨੀ ਜਸਤੇਜਪਾਲ ਸਿੰਘ ਭੁੱਲਰ ਨੇ ਸ਼ਹਿਰ ਦੇ ਹਿੱਤਾਂ ਨੂੰ ਮੁੱਖ ਰੱਖਦਿਆਂ ਵਿਧਾਇਕ ਰੁਪਿੰਦਰ ਸਿੰਘ ਹੈਪੀ ਦੀ ਹਾਜ਼ਰੀ 'ਚ ਆਮ ਆਦਮੀ ਪਾਰਟੀ 'ਚ ਸ਼ਮੂਲੀਅਤ ਕੀਤੀ ਹੈ। ਇਸ ਸਬੰਧੀ ਆਮ ਆਦਮੀ ਪਾਰਟੀ @ਚ ਸ਼ਾਮਿਲ ਹੋਣ ਮੌਕੇ ਕੌਂਸਲਰ ਜਸਪ੍ਰੀਤ ਕੌਰ ਭੁੱਲਰ ਨੇ ਕਿਹਾ ਕਿ ਵਾਰਡ ਅਤੇ ਸ਼ਹਿਰ ਦੇ ਹਿੱਤਾਂ ਸਾਹਮਣੇ ਕੋਈ ਵੀ ਪਾਰਟੀ ਕੋਈ ਮਾਇਨੇ ਨਹੀਂ ਰੱਖਦੀ। ਮੈਨੂੰ ਮੇਰੇ ਵਾਰਡ ਵਾਸੀਆਂ ਨੇ ਵੱਡੀ ਗਿਣਤੀ @ਚ ਵੋਟਾਂ ਪਾ ਕੇ ਮੇਰੇ ਹੱਕ @ਚ ਫਤਵਾ ਦਿੱਤਾ ਇਸ ਉਪਰੰਤ ਹੁਣ ਮੇਰੀ ਇਹ ਮੁੱਢਲੀ ਜਿੰਮੇਵਾਰੀ ਹੈ ਕਿ ਮੈਂ ਆਪਣੇ ਵਾਰਡ ਦੇ ਲੋਕਾਂ ਤੇ ਸ਼ਹਿਰ ਵਾਸੀਆਂ ਦੀ ਸੇਵਾ ਕਰਾਂ ਜਿਸ ਦੇ ਚੱਲਦਿਆਂ ਵਿਧਾਇਕ ਰੁਪਿੰਦਰ ਸਿੰਘ ਹੈਪੀ ਦੀ ਹਾਜ਼ਰੀ @ਚ ਪਰਿਵਾਰ ਸਮੇਤ ਆਮ ਆਦਮੀ ਪਾਰਟੀ @ਚ ਸ਼ਮੂਲੀਅਤ ਕੀਤੀ ਹੈ। ਇਸ ਮੌਕੇ ਹਲਕੇ ਦੇ ਵਿਧਾਇਕ ਰੁਪਿੰਦਰ ਸਿੰਘ ਹੈਪੀ ਨੇ ਕੌਂਸਲਰ ਜਸਪ੍ਰੀਤ ਕੌਰ ਭੁੱਲਰ ਨੂੰ ਪਾਰਟੀ ਚ ਸ਼ਾਮਿਲ ਹੋਣ ਤੇ ਵਧਾਈ ਦਿੱਤੀ ਉਪਰੰਤ ਵਿਧਾਇਕ ਹੈਪੀ ਨੇ ਸ਼ਹਿਰ ਦੀ ਭਲਾਈ ਲਈ ਸਾਰੇ ਕੌਂਸਲਰਾਂ ਨੂੰ ਇੱਕ ਪਲੇਟਫਾਰਮ ਤੇ ਇਕੱਠੇ ਹੋਣ ਦਾ ਸੱਦਾ ਦਿੱਤਾ ਤਾਂ ਜੋ ਸ਼ਹਿਰ ਵਾਸੀਆਂ ਨਾਲ ਕੀਤਾ ਇੱਕ-ਇੱਕ ਵਾਅਦਾ ਸਮੂਹ ਕੌਂਸਲਰ ਨਿਭਾ ਸਕਣ। ਇਸ ਮੌਕੇ ਆਮ ਆਦਮੀ ਪਾਰਟੀ ਦੇ ਬਲਾਕ ਪ੍ਰਧਾਨ ਵਿੱਕਰ ਸਿੰਘ ਬਰਵਾਲੀ,ਖਾਨ ਸੁਹਾਵੀ,ਮੋਨੂ ਸੋਨੀ,ਭਰਭੂਰ ਸਿੰਘ,ਗੁਰਵੀਰ ਗੁਰੀ ਬਰਵਾਲੀ,ਸਰਪੰਚ ਦਲਜਿੰਦਰ ਸਿੰਘ ਫਰੌਰ,ਸਰਪੰਚ ਪ੍ਰਭਦੀਪ ਸਿੰਘ ਮਾਨਪੁਰ,ਨੀਟੂ ਕੋਟਲਾ, ਪਰਮਿੰਦਰ ਸਿੰਘ ਪਨੈਚਾਂ,ਬਲਦੇਵ ਸਿੰਘ ਬੇਦੀ, ਸੁਦਰਸ਼ਨ ਕੁਮਾਰ ਕਾਕਾ,ਸੰਜੂ ਗਗਨ ਖਮਾਣੋਂ ਖ਼ੁਰਦ,ਬਿੱਲਾ ਖਮਾਣੋ ਸਾਬਕਾ ਐਮ.ਸੀ, ਕੌਂਸਲਰ ਅਸ਼ੋਕ ਕੁਮਾਰ,ਸੁਰਿੰਦਰ ਸਿੰਘ ਜੌਹਲ,ਰਾਜ ਕੁਮਾਰ,ਵਿਵੇਕ ਕੁਮਾਰ ਸੰਘੋਲ,ਰਣਜੀਤ ਕੌਰ ਭੁੱਲਰ,ਅਨੀਤਾ ਰਾਣੀ,ਆੜ੍ਹਤੀ ਯੂਨੀਅਨ ਦੇ ਪ੍ਰਧਾਨ ਕੇਵਲਜੀਤ ਸਿੰਘ ਭੁੱਲਰ,ਦਿਲਜੋਤ ਸਿੰਘ ਭੁੱਲਰ,ਹਰਨੂਰ ਸਿੰਘ ਭੰਗੂ, ਗੁਰਚਰਨ ਸਿੰਘ ਭੁੱਲਰ,ਗੁਰ ਕੋਮਲ ਸਿੰਘ ਭੁੱਲਰ,ਗਗਨ ਸ਼ਮਸਪੁਰ ਸਿੰਘਾ ਆਦਿ ਤੋਂ ਇਲਾਵਾ ਵੱਡੀ ਗਿਣਤੀ 'ਚ ਖਮਾਣੋ ਦੇ ਵਸਨੀਕ ਹਾਜਰ ਸਨ।


PSPCL Punjab State Power Corporation Limited

**Punjab State Power Corporation Limited**
**(Regd. Office: PSEB, Head Office Building, The Mall, Patiala - 147001)**
**Corporate Identity Number : U40109PB2010SGC033813**
**ਭਰਤੀ ਨੋਟਿਸ**

ਪੀ.ਐਸ.ਪੀ.ਸੀ.ਐਲ. ਵੱਲੋਂ ਸਹਾਇਕ ਲਾਈਨਮੈਨ ਦੀ ਆਸਾਮੀ ਲਈ ਆਨਲਾਈਨ ਅਰਜੀਆਂ ਦੀ ਮੰਗ ਕੀਤੀ ਜਾਂਦੀ ਹੈ, ਜਿਸ ਦੀ ਡਿਟੇਲ ਹੇਠ ਅਨੁਸਾਰ ਹੈ :

| ਕ੍ਰਮ ਨੰ. | ਵਿਗਿਆਪਨ ਨੰ. | ਅਸਾਮੀਆਂ ਦੀ ਗਿਣਤੀ | ਆਨਲਾਈਨ ਅਰਜੀਆਂ ਜਮ੍ਹਾਂ ਕਰਵਾਉਣ ਲਈ ਮਹੱਤਵਪੂਰਣ ਮਿਤੀਆਂ |
|---|---|---|---|
| 1 | CRA 317/2026 | 3289 | 15.06.2026 to 06.07.2026 |
| 2 | CRA 318/2026 | 3000 | 19.06.2026 to 09.07.2026 |

ਉਕਤ ਦਰਸਾਏ 2 ਨੰ. ਡਿਟੇਲਡ ਵਿਗਿਆਪਨ ਜੋ ਕਿ ਪੀ.ਐਸ.ਪੀ.ਸੀ.ਐਲ. ਦੀ ਵੈੱਬਸਾਈਟ ਤੇ ਅਪਲੋਡ ਕਰ ਦਿੱਤੇ ਗਏ ਹਨ। ਉਮੀਦਵਾਰਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਹੋਰ ਵਧੇਰੇ ਜਾਣਕਾਰੀ ਲਈ ਪੀ.ਐਸ.ਪੀ.ਸੀ.ਐਲ. ਦੀ ਵੈੱਬਸਾਈਟ (www.pspcl.in) ਤੇ "Recruitment Tab" ਨੂੰ ਸਮੇਂ-ਸਮੇਂ ਤੇ ਚੈੱਕ ਕਰਦੇ ਰਹਿਣ।
ਮਿਤੀ : 07.06.2026

Sd/-
ਮੁੱਖ ਇੰਜੀ:/ਐਚ.ਆਰ.ਡੀ.
ਪੀ.ਐਸ.ਪੀ.ਸੀ.ਐਲ., ਪਟਿਆਲਾ
C 625/6
Ro No.: PR-Advt. No.: 1079 / 12 / 2026-27 / 12089 / Dated CHD : 07.06.2026



## ਜ਼ਰੂਰੀ ਸੂਚਨਾ

ਰੋਜ਼ਾਨਾ ਚੜ੍ਹਦੀਕਲਾ ਵਿਚ ਛੱਪੇ ਲੇਖ, ਲੇਖਕਾਂ ਦੇ ਆਪਣੇ ਵਿਚਾਰ ਹਨ। ਇਸ ਨਾਲ ਸੰਪਾਦਕ ਦਾ ਸਹਿਮਤ ਹੋਣਾ ਕੋਈ ਜ਼ਰੂਰੀ ਨਹੀਂ। ਇਸ਼ਤਿਹਾਰ (ਡਿਸਪਲੇ/ਕਲਾਸੀਫਾਈਡ) ਦੇ ਤੱਥਾਂ ਲਈ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖਬਾਰ ਇਨ੍ਹਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਨ੍ਹਾਂ ਇਸ਼ਤਿਹਾਰਾਂ ਦੇ ਤੱਥਾਂ ਦੀ ਪੁਸ਼ਟੀ ਕਰ ਲੈਣ।

## ਫ਼ੀਫਾ ਵਰਲਡ ਕੱਪ-2026

# ਕਿਹੋ ਜਿਹਾ ਹੋਵੇਗਾ ਟੂਰਨਾਮੈਂਟ ਅਤੇ ਕਿਹੜੇ ਖਿਡਾਰੀ ਨਿਭਾਉਣਗੇ ਅਹਿਮ ਭੂਮਿਕਾ


ਡਾ. ਮਨਿੰਦਰਜੀਤ ਸਿੰਘ ਪੁਰੇਵਾਲ

ਫੁੱਟਬਾਲ ਪ੍ਰੇਮੀਆਂ ਲਈ 2026 ਦਾ ਫੀਫਾ ਵਰਲਡ ਕੱਪ ਇਤਿਹਾਸ ਦਾ ਸਭ ਤੋਂ ਵੱਡਾ ਅਤੇ ਸਭ ਤੋਂ ਰੋਮਾਂਚਕ ਟੂਰਨਾਮੈਂਟ ਬਣਨ ਜਾ ਰਿਹਾ ਹੈ। ਪਹਿਲੀ ਵਾਰ ਇਹ ਮੁਕਾਬਲਾ ਤਿੰਨ ਮੇਜ਼ਬਾਨ ਦੇਸ਼ਾਂ-ਸੰਯੁਕਤ ਰਾਜ ਅਮਰੀਕਾ, ਕੈਨੇਡਾ ਅਤੇ ਮੈਕਸੀਕੋ- ਵਿੱਚ ਖੇਡਿਆ ਜਾਵੇਗਾ। ਇਸ ਵਾਰ 32 ਦੀ ਥਾਂ 48 ਟੀਮਾਂ ਹਿੱਸਾ ਲੈ ਰਹੀਆਂ ਹਨ, ਜਿਸ ਨਾਲ ਮੁਕਾਬਲੇ ਹੋਰ ਵੀ ਦਿਲਚਸਪ ਅਤੇ ਅਣਅਨੁਮਾਨਿਤ ਹੋਣ ਦੀ ਸੰਭਾਵਨਾ ਹੈ।

ਵਿਸ਼ਵ ਕੱਪ 11 ਜੂਨ ਤੋਂ 19 ਜੁਲਾਈ 2026 ਤੱਕ ਚੱਲੇਗਾ ਅਤੇ ਕੁੱਲ 104 ਮੈਚ ਖੇਡੇ ਜਾਣਗੇ। ਨਵੇਂ ਫਾਰਮੈਟ ਵਿੱਚ 12 ਗਰੁੱਪ ਹੋਣਗੇ, ਹਰ ਗਰੁੱਪ ਵਿੱਚ 4 ਟੀਮਾਂ ਸ਼ਾਮਲ ਹੋਣਗੀਆਂ। ਹਰ ਗਰੁੱਪ ਦੀਆਂ ਪਹਿਲੀਆਂ ਦੋ ਟੀਮਾਂ ਅਤੇ 8 ਸਰਵੋਤਮ ਤੀਜੇ ਸਥਾਨ ਵਾਲੀਆਂ ਟੀਮਾਂ ਰਾਊਂਡ ਆਫ 32 ਵਿੱਚ ਪਹੁੰਚਣਗੀਆਂ।

2026 ਵਰਲਡ ਕੱਪ ਕਈ ਕਾਰਨਾਂ ਕਰਕੇ ਇਤਿਹਾਸਕ ਹੈ। ਇਹ ਪਹਿਲਾ ਵਰਲਡ ਕੱਪ ਹੋਵੇਗਾ ਜਿਸ ਵਿੱਚ 48 ਟੀਮਾਂ ਹਿੱਸਾ ਲੈਣਗੀਆਂ। ਇਸ ਨਾਲ ਏਸ਼ੀਆ, ਅਫਰੀਕਾ ਅਤੇ ਉੱਤਰੀ ਅਮਰੀਕਾ ਦੀਆਂ ਹੋਰ ਟੀਮਾਂ ਨੂੰ ਮੌਕਾ ਮਿਲਿਆ ਹੈ। ਨਾਲ ਹੀ, ਪਹਿਲੀ ਵਾਰ ਤਿੰਨ ਦੇਸ਼ ਸਾਂਝੇ ਤੌਰ 'ਤੇ ਇਸ ਮਹਾਂਕੁੰਭ ਦੀ ਮੇਜ਼ਬਾਨੀ ਕਰ ਰਹੇ ਹਨ।




ਫੁੱਟਬਾਲ ਵਿਸ਼ਲੇਸ਼ਕਾਂ ਦੇ ਅਨੁਸਾਰ, ਨਵਾਂ ਫਾਰਮੈਟ ਵੱਡੀਆਂ ਟੀਮਾਂ ਲਈ ਵੀ ਚੁਣੌਤੀਪੂਰਨ ਹੋਵੇਗਾ ਕਿਉਂਕਿ ਹੁਣ ਨਾਕਆਊਟ ਪੜਾਅ ਤੱਕ ਪਹੁੰਚਣ ਲਈ ਹੋਰ ਮੈਚ ਖੇਡਣੇ ਪੈਣਗੇ। ਇਸ ਨਾਲ ਖਿਡਾਰੀਆਂ ਦੀ ਫਿਟਨੈੱਸ ਅਤੇ ਸਕੁਆਡ ਡੈਪਥ ਬਹੁਤ ਮਹੱਤਵਪੂਰਨ ਹੋ ਜਾਵੇਗੀ।

ਅਰਜਨਟੀਨਾ ਮੌਜੂਦਾ ਚੈਂਪੀਅਨ ਇੱਕ ਵਾਰ ਫਿਰ ਖਿਤਾਬ ਲਈ ਮਜ਼ਬੂਤ ਦਾਅਵੇਦਾਰ ਹੈ। ਟੀਮ ਕੋਲ ਤਜਰਬੇ ਅਤੇ ਨੌਜਵਾਨੀ ਦਾ ਸ਼ਾਨਦਾਰ ਮੇਲ ਹੈ। ਟੀਮ ਦੀ ਸਭ ਤੋਂ ਵੱਡੀ ਚਰਚਾ ਇਹ ਹੈ ਕਿ ਕੀ ਲਿਓਨੇਲ ਮੈਸੀ ਆਪਣੇ ਕਰੀਅਰ ਦਾ ਆਖਰੀ ਵਰਲਡ ਕੱਪ ਖੇਡਗੇ ਅਤੇ ਕੀ ਉਹ ਆਪਣੀ ਟੀਮ ਨੂੰ ਇੱਕ ਹੋਰ ਖਿਤਾਬ ਦਿਵਾ ਸਕੇਗਾ...?।

ਫਰਾਂਸ ਕੋਲ ਦੁਨੀਆ ਦੀ ਸਭ ਤੋਂ ਮਜ਼ਬੂਤ ਟੀਮਾਂ ਵਿੱਚੋਂ ਇੱਕ ਹੈ।




ਕਾਇਲੀਅਨ ਐਮਬਾਪੇ ਦੀ ਅਗਵਾਈ ਵਿੱਚ ਫਰਾਂਸ ਲਗਾਤਾਰ ਤੀਜੇ ਵਿਸ਼ਵ ਕੱਪ ਫਾਈਨਲ ਤੱਕ ਪਹੁੰਚਣ ਦਾ ਸੁਪਨਾ ਦੇਖ ਰਿਹਾ ਹੈ।

ਸਪੇਨ ਦੀ ਟੀਮ ਨੌਜਵਾਨ ਖਿਡਾਰੀਆਂ ਨਾਲ ਭਰੀ ਹੋਈ ਹੈ। ਖਾਸ ਕਰਕੇ ਲਮੀਨ ਯਮਾਲ ਤੋਂ ਬਹੁਤ ਉਮੀਦਾਂ ਹਨ। ਕਈ ਵਿਸ਼ਲੇਸ਼ਕ ਸਪੇਨ ਨੂੰ ਟੂਰਨਾਮੈਂਟ ਦਾ ਡਾਰਕ ਹੌਰਸ ਮੰਨ ਰਹੇ ਹਨ।

ਬ੍ਰਾਜ਼ੀਲ ਹਮੇਸ਼ਾ ਦੀ ਤਰ੍ਹਾਂ ਖਿਤਾਬ ਦੇ ਮੁੱਖ ਦਾਅਵੇਦਾਰਾਂ ਵਿੱਚ ਸ਼ਾਮਲ ਹੈ। ਟੀਮ ਵਿੱਚ ਤਜਰਬੇਕਾਰ ਨੇਮਾਰ ਅਤੇ ਨੌਜਵਾਨ ਸਿਤਾਰਿਆਂ ਦਾ ਸੰਤੁਲਨ ਹੈ।

ਇੰਗਲੈਂਡ ਅਤੇ ਪੁਰਤਗਾਲ ਵੀ ਮਜ਼ਬੂਤ ਦਾਅਵੇਦਾਰ ਹਨ। ਖਾਸ ਤੌਰ 'ਤੇ ਪੁਰਤਗਾਲ ਲਈ ਇਹ ਟੂਰਨਾਮੈਂਟ ਕ੍ਰਿਸਟੀਆਨੋ ਰੋਨਾਲਡੋ ਦੇ ਕਰੀਅਰ ਦਾ ਸਭ ਤੋਂ ਭਾਵੁਕ ਅਧਿਆਇ ਹੋ ਸਕਦਾ ਹੈ।

**ਲਿਓਨਲ ਮੈਸੀ** - ਅਰਜਨਟੀਨਾ ਦਾ ਦਿਮਾਗ ਜੇ ਮੈਸੀ ਖੇਡਦਾ ਹੈ, ਤਾਂ ਉਹ ਟੀਮ ਦੇ ਅਟੈਕਿੰਗ ਪਲੇਮੇਕਰ ਦੀ ਭੂਮਿਕਾ ਨਿਭਾਏਗਾ। ਉਹ ਸਿਰਫ਼ ਗੋਲ ਹੀ ਨਹੀਂ ਕਰੇਗਾ ਸਗੋਂ ਨੌਜਵਾਨ ਖਿਡਾਰੀਆਂ ਨੂੰ ਮਾਰਗਦਰਸ਼ਕ ਵੀ ਕਰੇਗਾ। ਉਸ ਦਾ ਤਜਰਬਾ ਅਰਜਨਟੀਨਾ ਦੀ ਸਭ ਤੋਂ ਵੱਡੀ ਤਾਕਤ ਹੋਵੇਗਾ।

**ਕਿਲੀਅਨ ਐਮਬਾਪੇ** - ਫਰਾਂਸ ਦਾ ਹਮਲਾਵਰ ਹਥਿਆਰ ਐਮਬਾਪੇ ਤੋਂ ਫਰਾਂਸ ਨੂੰ ਸਭ ਤੋਂ ਵੱਧ ਉਮੀਦਾਂ ਹਨ। ਉਹ ਤੇਜ਼ੀ, ਡ੍ਰਿਬਲਿੰਗ ਤੇ ਗੋਲ ਸਕੋਰਿੰਗ ਦੀ ਸਮਰੱਥਾ ਨਾਲ ਵਿਰੋਧੀ ਡਿਫੈਂਸ ਲਈ ਵੱਡਾ ਖ਼ਤਰਾ ਬਣ ਸਕਦਾ ਹੈ।

**ਲਾਮੀਨ ਯਾਮਾਲ** - ਭਵਿੱਖ ਦਾ ਸਿਤਾਰਾ ਸਿਰਫ਼ 18 ਸਾਲ ਦੀ ਉਮਰ ਵਿੱਚ ਯਾਮਾਲ ਸਪੇਨ ਲਈ ਐਕਸ-ਫੈਕਟਰ ਸਾਬਤ ਹੋ ਸਕਦਾ ਹੈ। ਉਨ੍ਹਾਂ ਦੀ ਰਚਨਾਤਮਕਤਾ ਅਤੇ ਹਮਲਾਵਰ ਸੋਚ ਸਪੇਨ ਨੂੰ ਨਵੀਂ ਉਚਾਈ ਦੇ ਸਕਦੀ ਹੈ।

**ਅਰਲਿੰਗ ਹਾਲੈਂਡ** - ਨਾਰਵੇ ਦੀ ਉਮੀਦ ਦੀ ਗੋਲ ਕਰਨ ਦੀ ਸਮਰੱਥਾ ਨਾਰਵੇ ਨੂੰ ਟੂਰਨਾਮੈਂਟ ਵਿੱਚ ਵੱਡਾ ਅਚੰਭਾ ਬਣਾਉਣ ਵਿੱਚ ਮਦਦ ਕਰ ਸਕਦੀ ਹੈ।

**ਕ੍ਰਿਸਟੀਆਨੋ ਰੋਨਾਲਡੋ** - ਤਜਰਬੇ ਦਾ ਖਜ਼ਾਨਾ 41 ਸਾਲ ਦੇ ਨੇੜੇ ਪਹੁੰਚ ਚੁੱਕੇ ਰੋਨਾਲਡੋ ਲਈ ਇਹ ਸ਼ਾਇਦ ਆਖਰੀ ਵਿਸ਼ਵ ਕੱਪ ਹੋਵੇ। ਉਹ ਟੀਮ ਦੇ ਲੀਡਰ ਅਤੇ ਪ੍ਰੇਰਣਾ ਸਰੋਤ ਵਜੋਂ ਮਹੱਤਵਪੂਰਨ ਭੂਮਿਕਾ ਨਿਭਾਉਣਗੇ।

**ਜਮਾਲ ਮੁਸਿਆਲਾ** - ਜਰਮਨੀ ਦਾ ਨਵਾਂ ਹੀਰੋ ਜਰਮਨੀ ਦਾ ਮਿਡਫੀਲਡ ਅਤੇ ਹਮਲੇ ਵਿਚਕਾਰ ਪੁਲ ਦਾ ਕੰਮ ਕਰਗੇ। ਉਸ ਦੀ ਰਚਨਾਤਮਕ ਖੇਡ ਜਰਮਨੀ ਲਈ ਬਹੁਤ ਮਹੱਤਵਪੂਰਨ ਰਹੇਗੀ।

ਡਾਰਕ ਹੌਰਸ ਟੀਮਾਂ ਇਸ ਵਾਰ ਕੁਝ ਟੀਮਾਂ ਵੱਡਾ ਉਲਟਫੇਰ ਕਰ ਸਕਦੀਆਂ ਹਨ। ਨਾਰਵੇ, ਸੇਨੇਗਲ, ਆਸਟਰੀਆ ਤੇ ਇਕਵਾਡੋਰ ਅਜਿਹੀਆਂ ਟੀਮਾਂ ਹਨ ਜੋ ਕਿਸੇ ਵੀ ਵੱਡੀ ਟੀਮ ਨੂੰ ਹਰਾਉਣ ਦੀ ਸਮਰੱਥਾ ਰੱਖਦੀਆਂ ਹਨ।

ਖਾਸ ਕਰਕੇ ਨਾਰਵੇ ਦੀ ਟੀਮ, ਜਿਸ ਕੋਲ ਹਾਲੈਂਡ ਅਤੇ ਮਾਰਟਿਨ ਓਡੇਗਾਰਡ ਵਰਗੇ ਖਿਡਾਰੀ ਹਨ, ਕਈ ਮਾਹਿਰਾਂ ਦੀ ਪਸੰਦ ਬਣ ਰਹੇ ਹਨ।

2026 ਫੀਫਾ ਵਰਲਡ ਕੱਪ ਫੁੱਟਬਾਲ ਦੇ ਇਤਿਹਾਸ ਦਾ ਸਭ ਤੋਂ ਵੱਡਾ ਤੇ ਸਭ ਤੋਂ ਵਿਸ਼ਾਲ ਟੂਰਨਾਮੈਂਟ ਹੋਵੇਗਾ। 48 ਟੀਮਾਂ, 104 ਮੈਚ, ਤਿੰਨ ਮੇਜ਼ਬਾਨ ਦੇਸ਼ ਤੇ ਦੁਨੀਆ ਦੇ ਸਭ ਤੋਂ ਵੱਡੇ ਸਿਤਾਰੇ ਇਸ ਨੂੰ ਯਾਦਗਾਰ ਬਣਾਉਣਗੇ। ਮੈਸੀ, ਰੋਨਾਲਡੋ, ਐਮਬਾਪੇ, ਹਾਲੈਂਡ, ਯਾਮਾਲ ਅਤੇ ਨੇਮਾਰ ਵਰਗੇ ਖਿਡਾਰੀਆਂ 'ਤੇ ਦੁਨੀਆ ਦੀ ਨਜ਼ਰ ਹੋਵੇਗੀ। ਹਾਲਾਂਕਿ ਅਰਜਨਟੀਨਾ, ਫਰਾਂਸ, ਸਪੇਨ ਤੇ ਬ੍ਰਾਜ਼ੀਲ ਖਿਤਾਬ ਦੇ ਵੱਡੇ ਦਾਅਵੇਦਾਰ ਹਨ, ਪਰ ਨਵੇਂ ਫਾਰਮੈਟ ਕਾਰਨ ਕੋਈ ਵੀ ਟੀਮ ਅਚੰਭਾ ਪੈਦਾ ਕਰ ਸਕਦੀ ਹੈ।

ਫੁੱਟਬਾਲ ਪ੍ਰੇਮੀਆਂ ਲਈ ਇਹ ਸਿਰਫ਼ ਇੱਕ ਟੂਰਨਾਮੈਂਟ ਨਹੀਂ, ਸਗੋਂ ਇੱਕ ਅਜਿਹਾ ਖੇਡ ਮਹਾਂਕੁੰਭ ਹੋਵੇਗਾ ਜੋ ਖੇਡ ਦੇ ਇਤਿਹਾਸ ਵਿੱਚ ਨਵਾਂ ਅਧਿਆਇ ਲਿਖੇਗਾ।

# ਗਰਮੀਆਂ ਦੀਆਂ ਛੁੱਟੀਆਂ : ਬਚਪਨ ਦਾ ਤਿਉਹਾਰ ਜਾਂ ਸਰਟੀਫ਼ਿਕੇਟਾਂ ਦੀ ਦੌੜ


ਡਾ. ਮਲੂਕ ਸਿੰਘ ਚਹਿਲ

ਇੱਕ ਸਮਾਂ ਸੀ ਜਦੋਂ ਗਰਮੀਆਂ ਦੀਆਂ ਛੁੱਟੀਆਂ ਦਾ ਨਾਮ ਸੁਣਦੇ ਹੀ ਬੱਚਿਆਂ ਦੀਆਂ ਅੱਖਾਂ ਵਿੱਚ ਚਮਕ ਆ ਜਾਂਦੀ ਸੀ। ਸਕੂਲ ਦੀਆਂ ਘੰਟੀਆਂ ਤੋਂ ਕੁਝ ਹਫ਼ਤਿਆਂ ਦੀ ਆਜ਼ਾਦੀ, ਸਵੇਰੇ ਦੇਰ ਤੱਕ ਸੌਣ ਦਾ ਮੌਕਾ, ਦੋਸਤਾਂ ਨਾਲ ਖੇਡਣ ਦਾ ਸਮਾਂ ਤੇ ਨਾਨਕੇ ਜਾਂ ਦਾਦਕੇ ਘਰ ਜਾਣ ਦੀ ਉਤਸੁਕਤਾ- ਇਹ ਸਭ ਬਚਪਨ ਦੀਆਂ ਸਭ ਤੋਂ ਸੁਹਾਵੀਆਂ ਯਾਦਾਂ ਦਾ ਹਿੱਸਾ ਹੁੰਦਾ ਸੀ। ਪਰ ਬਦਲਦੇ ਸਮਾਜਿਕ ਤੇ ਸਿੱਖਿਆਕ ਮਾਹੌਲ ਨੇ ਗਰਮੀਆਂ ਦੀਆਂ ਛੁੱਟੀਆਂ ਦੀ ਪਰਿਭਾਸ਼ਾ ਹੀ ਬਦਲ ਦਿੱਤੀ ਹੈ।

ਅੱਜ ਜਿਵੇਂ ਹੀ ਸਕੂਲਾਂ ਵਿੱਚ ਛੁੱਟੀਆਂ ਸ਼ੁਰੂ ਹੁੰਦੀਆਂ ਹਨ, ਬੱਚਿਆਂ ਲਈ ਨਵੇਂ ਟਾਈਮ-ਟੇਬਲ ਤਿਆਰ ਹੋ ਜਾਂਦੇ ਹਨ। ਸਮਰ ਕੈਂਪ, ਅੰਗਰੇਜ਼ੀ ਬੋਲਣ ਦੀਆਂ ਕਲਾਸਾਂ, ਕੰਪਿਊਟਰ ਕੋਰਸ, ਡਾਂਸ ਅਕੈਡਮੀਆਂ, ਪੇਂਟਿੰਗ ਵਰਕਸ਼ਾਪਾਂ ਅਤੇ ਹੋਰ ਕਈ ਗਤੀਵਿਧੀਆਂ ਨਾਲ ਉਹਨਾਂ ਦਾ ਹਰ ਦਿਨ ਪਹਿਲਾਂ ਨਾਲੋਂ ਵੀ ਵੱਧ ਵਿਅਸਤ ਹੋ ਜਾਂਦਾ ਹੈ। ਸਵਾਲ ਇਹ ਹੈ ਕਿ ਕੀ ਇਹ ਸੱਚਮੁੱਚ ਬੱਚਿਆਂ ਦੇ ਵਿਕਾਸ ਲਈ ਜ਼ਰੂਰੀ ਹੈ ਜਾਂ ਫਿਰ ਅਸੀਂ ਅਣਜਾਣੇ ਵਿੱਚ ਉਹਨਾਂ ਤੋਂ ਬਚਪਨ ਦੀ ਆਜ਼ਾਦੀ ਖੋਹ ਰਹੇ ਹਾਂ?

**ਮੁਕਾਬਲੇ ਦੀ ਦੌੜ ਨੇ ਬਦਲਿਆ ਬਚਪਨ** : ਸਿੱਖਿਆ ਦੇ ਖੇਤਰ ਵਿੱਚ ਵਧਦੇ ਮੁਕਾਬਲੇ ਨੇ ਮਾਪਿਆਂ ਦੀਆਂ ਚਿੰਤਾਵਾਂ ਨੂੰ ਕਾਫ਼ੀ ਵਧਾ ਦਿੱਤਾ ਹੈ। ਅਕਸਰ ਮਾਪਿਆਂ ਨੂੰ ਲੱਗਦਾ ਹੈ ਕਿ ਜੇ ਉਹਨਾਂ ਦਾ ਬੱਚਾ ਛੁੱਟੀਆਂ ਦੌਰਾਨ ਕੋਈ ਨਵਾਂ ਹੁਨਰ ਨਹੀਂ ਸਿੱਖਦਾ ਤਾਂ ਉਹ ਦੂਜਿਆਂ ਨਾਲੋਂ ਪਿੱਛੇ ਰਹਿ ਜਾਵੇਗਾ। ਇਸੇ ਸੋਚ ਕਾਰਨ ਬੱਚਿਆਂ ਦੀਆਂ ਛੁੱਟੀਆਂ ਵੀ ਹੁਣ ਪ੍ਰਦਰਸ਼ਨ ਅਤੇ ਉਪਲਬਧੀਆਂ ਦੀ ਦੌੜ ਦਾ ਹਿੱਸਾ ਬਣਦੀਆਂ ਜਾ ਰਹੀਆਂ ਹਨ।

ਮਨੋਵਿਗਿਆਨੀਆਂ ਦਾ ਮੰਨਣਾ ਹੈ ਕਿ ਬੱਚਿਆਂ ਦੇ ਮਾਨਸਿਕ ਵਿਕਾਸ ਲਈ ਖਾਲੀ ਸਮਾਂ ਉਤਨਾ ਹੀ ਮਹੱਤਵਪੂਰਨ ਹੈ ਜਿੰਨਾ ਕਿ ਪੜ੍ਹਾਈ। ਜਦੋਂ ਬੱਚਿਆਂ ਨੂੰ ਆਪਣੇ ਮਨ ਮੁਤਾਬਕ ਸਮਾਂ ਬਿਤਾਉਣ ਦਾ ਮੌਕਾ ਮਿਲਦਾ ਹੈ, ਤਾਂ ਉਹਨਾਂ ਦੀ ਕਲਪਨਾ ਸ਼ਕਤੀ ਅਤੇ ਰਚਨਾਤਮਕਤਾ ਹੋਰ ਮਜ਼ਬੂਤ ਹੁੰਦੀ ਹੈ। ਪਰ ਜੇ ਹਰ ਪਲ ਕਿਸੇ ਨਾ ਕਿਸੇ ਗਤੀਵਿਧੀ ਨਾਲ ਭਰ ਦਿੱਤਾ ਜਾਵੇ ਤਾਂ ਉਹਨਾਂ ਨੂੰ ਆਪਣੇ ਆਪ ਨੂੰ ਸਮਝਣ ਅਤੇ ਨਵੀਆਂ ਚੀਜ਼ਾਂ ਖੋਜਣ ਦਾ ਮੌਕਾ ਨਹੀਂ ਮਿਲਦਾ।

**ਖੇਡਣਾ ਵੀ ਇੱਕ ਸਿੱਖਿਆ ਹੈ :** ਅਕਸਰ ਸਮਾਜ ਵਿੱਚ ਖੇਡ ਨੂੰ ਸਿਰਫ਼ ਮਨੋਰੰਜਨ ਸਮਝਿਆ ਜਾਂਦਾ ਹੈ, ਜਦਕਿ ਖੋਜ ਇਹ ਦਰਸਾਉਂਦੀ ਹੈ ਕਿ ਖੇਡ ਬੱਚਿਆਂ ਦੇ ਸਮੁੱਚੇ ਵਿਕਾਸ ਦਾ ਇੱਕ ਮਹੱਤਵਪੂਰਨ ਹਿੱਸਾ ਹੈ। ਜਦੋਂ ਬੱਚੇ ਆਪਣੇ ਦੋਸਤਾਂ ਨਾਲ ਖੁੱਲ੍ਹੇ ਮੈਦਾਨਾਂ ਵਿੱਚ ਖੇਡਦੇ ਹਨ ਤਾਂ ਉਹ ਸਿਰਫ਼ ਸਮਾਂ ਨਹੀਂ ਬਿਤਾ ਰਹੇ ਹੁੰਦੇ, ਸਗੋਂ ਟੀਮ ਵਰਕ, ਨੇਤ੍ਰਿਤਵ, ਸਮੱਸਿਆਵਾਂ ਦਾ ਹੱਲ, ਸੰਚਾਰ ਕੌਸ਼ਲ ਅਤੇ ਸਮਾਜਿਕ ਸਬੰਧਾਂ ਬਾਰੇ ਵੀ ਸਿੱਖ ਰਹੇ ਹੁੰਦੇ ਹਨ।

ਖੇਡਾਂ ਬੱਚਿਆਂ ਨੂੰ ਹਾਰ ਅਤੇ ਜਿੱਤ ਦੋਵਾਂ ਨੂੰ ਸਵੀਕਾਰ ਕਰਨ ਦੀ ਸਮਰੱਥਾ ਦਿੰਦੀਆਂ ਹਨ। ਇਹ ਗੁਣ ਭਵਿੱਖ ਵਿੱਚ ਉਹਨਾਂ ਦੇ ਨਿੱਜੀ ਅਤੇ ਪੇਸ਼ੇਵਰ ਜੀਵਨ ਲਈ ਬਹੁਤ ਮਹੱਤਵਪੂਰਨ ਸਾਬਤ ਹੁੰਦੇ ਹਨ। ਹੈਰਾਨੀ ਦੀ ਗੱਲ ਇਹ ਹੈ ਕਿ ਇਹ ਸਿੱਖਿਆ ਕਿਸੇ ਕਲਾਸਰੂਮ ਜਾਂ ਸਰਟੀਫਿਕੇਟ ਰਾਹੀਂ ਨਹੀਂ ਮਿਲ ਸਕਦੀ।

**ਸਰਟੀਫਿਕੇਟਾਂ ਦਾ ਵਧਦਾ ਰੁਝਾਨ** : ਅੱਜ ਬੱਚਿਆਂ ਦੀਆਂ ਉਪਲਬਧੀਆਂ ਨੂੰ ਸਰਟੀਫਿਕੇਟਾਂ ਦੀ ਗਿਣਤੀ ਨਾਲ ਮਾਪਣ ਦਾ ਰੁਝਾਨ ਵਧ ਰਿਹਾ ਹੈ। ਛੁੱਟੀਆਂ ਤੋਂ ਬਾਅਦ ਅਕਸਰ ਪੁੱਛਿਆ ਜਾਂਦਾ ਹੈ ਕਿ ਬੱਚੇ ਨੇ ਕਿਹੜਾ ਕੋਰਸ ਕੀਤਾ ਜਾਂ ਕਿੰਨੇ ਸਰਟੀਫਿਕੇਟ ਹਾਸਲ ਕੀਤੇ। ਪਰ ਬਹੁਤ ਘੱਟ ਲੋਕ ਇਹ ਜਾਣਨਾ ਚਾਹੁੰਦੇ ਹਨ ਕਿ ਕੀ ਬੱਚਾ ਖੁਸ਼ ਸੀ, ਕੀ ਉਸ ਨੇ ਆਪਣੇ ਪਰਿਵਾਰ ਨਾਲ ਸਮਾਂ ਬਿਤਾਇਆ ਜਾਂ ਕੀ ਉਸ ਨੇ ਨਵੀਆਂ ਯਾਦਾਂ ਬਣਾਈਆਂ।



ਵਿਸ਼ੇਸ਼ਗਿਆਨਾਂ ਅਨੁਸਾਰ, ਬਚਪਨ ਨੂੰ ਸਿਰਫ਼ ਉਪਲਬਧੀਆਂ ਨਾਲ ਜੋੜਨਾ ਬੱਚਿਆਂ ਉੱਤੇ ਬੇਲੋੜਾ ਦਬਾਅ ਪੈਦਾ ਕਰਦਾ ਹੈ। ਇਹ ਦਬਾਅ ਕਈ ਵਾਰ ਤਣਾਅ, ਚਿੰਤਾ ਅਤੇ ਆਤਮ-ਵਿਸ਼ਵਾਸ ਦੀ ਘਾਟ ਦਾ ਕਾਰਨ ਵੀ ਬਣ ਸਕਦਾ ਹੈ। ਬੱਚਿਆਂ ਨੂੰ ਹਰ ਵੇਲੇ ਕਿਸੇ ਮੁਕਾਬਲੇ ਲਈ ਤਿਆਰ ਕਰਨ ਦੀ ਬਜਾਏ ਉਹਨਾਂ ਨੂੰ ਜੀਵਨ ਦਾ ਆਨੰਦ ਮਾਣਨ ਦੀ ਵੀ ਆਜ਼ਾਦੀ ਮਿਲਣੀ ਚਾਹੀਦੀ ਹੈ।

**ਪਰਿਵਾਰਕ ਰਿਸ਼ਤਿਆਂ ਲਈ ਮਹੱਤਵਪੂਰਨ ਹਨ ਛੁੱਟੀਆਂ** : ਗਰਮੀਆਂ ਦੀਆਂ ਛੁੱਟੀਆਂ ਬੱਚਿਆਂ ਅਤੇ ਪਰਿਵਾਰਾਂ ਨੂੰ ਇੱਕ-ਦੂਜੇ ਨਾਲ ਸਮਾਂ ਬਿਤਾਉਣ ਦਾ ਸੁਨਹਿਰੀ ਮੌਕਾ ਦਿੰਦੀਆਂ ਹਨ। ਅੱਜ ਦੇ ਵਿਅਸਤ ਜੀਵਨ ਵਿੱਚ ਮਾਪਿਆਂ ਅਤੇ ਬੱਚਿਆਂ ਕੋਲ ਇੱਕ-ਦੂਜੇ ਲਈ ਸਮਾਂ ਘੱਟ ਹੁੰਦਾ ਜਾ ਰਿਹਾ ਹੈ। ਅਜਿਹੇ ਵਿੱਚ ਛੁੱਟੀਆਂ ਉਹ ਸਮਾਂ ਹੋ ਸਕਦੀਆਂ ਹਨ ਜਦੋਂ ਪਰਿਵਾਰ ਇਕੱਠੇ ਯਾਤਰਾਵਾਂ ਕਰ ਸਕਦੇ ਹਨ, ਗੱਲਬਾਤ ਕਰ ਸਕਦੇ ਹਨ ਅਤੇ ਆਪਸੀ ਰਿਸ਼ਤਿਆਂ ਨੂੰ ਹੋਰ ਮਜ਼ਬੂਤ ਬਣਾ ਸਕਦੇ ਹਨ।

ਬੱਚਿਆਂ ਲਈ ਦਾਦਾ-ਦਾਦੀ ਅਤੇ ਨਾਨਾ-ਨਾਨੀ ਨਾਲ ਸਮਾਂ ਬਿਤਾਉਣਾ ਵੀ ਇੱਕ ਵੱਡੀ ਸਿੱਖਿਆ ਹੁੰਦੀ ਹੈ। ਇਸ ਨਾਲ ਉਹਨਾਂ ਨੂੰ ਆਪਣੀ ਸੰਸਕ੍ਰਿਤੀ, ਰਿਵਾਇਤਾਂ ਅਤੇ ਪਰਿਵਾਰਕ ਮੁੱਲਾਂ ਬਾਰੇ ਜਾਣਨ ਦਾ ਮੌਕਾ ਮਿਲਦਾ ਹੈ।

**ਸੰਤੁਲਨ ਬਣਾਉਣ ਦੀ ਲੋੜ** : ਇਹ ਨਹੀਂ ਕਿਹਾ ਜਾ ਸਕਦਾ ਕਿ ਸਮਰ ਕੈਂਪ ਜਾਂ ਹੁਨਰ ਵਿਕਾਸ ਕੋਰਸ ਪੂਰੀ ਤਰ੍ਹਾਂ ਗਲਤ ਹਨ। ਜੇਕਰ ਬੱਚੇ ਦੀ ਆਪਣੀ ਰੁਚੀ ਹੋਵੇ ਅਤੇ ਗਤੀਵਿਧੀ ਉਸ ਨੂੰ ਖੁਸ਼ੀ ਦੇਵੇ ਤਾਂ ਇਹ ਉਸ ਦੇ ਵਿਕਾਸ ਵਿੱਚ ਮਦਦਗਾਰ ਸਾਬਤ ਹੋ ਸਕਦੀ ਹੈ। ਸਮੱਸਿਆ ਉਦੋਂ ਪੈਦਾ ਹੁੰਦੀ ਹੈ ਜਦੋਂ ਬੱਚਿਆਂ ਦੀ ਹਰ ਛੁੱਟੀ ਨੂੰ ਪੂਰੀ ਤਰ੍ਹਾਂ ਯੋਜਨਾਬੱਧ ਕਰ ਦਿੱਤਾ ਜਾਂਦਾ ਹੈ ਅਤੇ ਉਹਨਾਂ ਨੂੰ ਆਪਣੀ ਮਰਜ਼ੀ ਨਾਲ ਸਮਾਂ ਬਿਤਾਉਣ ਦਾ ਮੌਕਾ ਹੀ ਨਹੀਂ ਮਿਲਦਾ।

ਮਾਹਿਰਾਂ ਦਾ ਮੰਨਣਾ ਹੈ ਕਿ ਬੱਚਿਆਂ ਦੀਆਂ ਛੁੱਟੀਆਂ ਵਿੱਚ ਸਿੱਖਣ ਅਤੇ ਆਰਾਮ ਦੋਵਾਂ ਲਈ ਥਾਂ ਹੋਣੀ ਚਾਹੀਦੀ ਹੈ। ਕੁਝ ਸਮਾਂ ਨਵੀਆਂ ਗਤੀਵਿਧੀਆਂ ਲਈ ਅਤੇ ਕੁਝ ਸਮਾਂ ਬਿਨਾਂ ਕਿਸੇ ਦਬਾਅ ਦੇ ਖੇਡਣ, ਪੜ੍ਹਨ ਜਾਂ ਆਰਾਮ ਕਰਨ ਲਈ ਛੱਡਣਾ ਜ਼ਰੂਰੀ ਹੈ।

**ਨਤੀਜਾ :** ਬੱਚੇ ਕੋਈ ਪ੍ਰੋਜੈਕਟ ਨਹੀਂ ਹਨ ਜਿਨ੍ਹਾਂ ਨੂੰ ਹਰ ਵੇਲੇ ਸੁਧਾਰਨ ਅਤੇ ਨਿਖਾਰਨ ਦੀ ਲੋੜ ਹੋਵੇ। ਉਹਨਾਂ ਨੂੰ ਵੀ ਆਪਣੇ ਤਰੀਕੇ ਨਾਲ ਦੁਨੀਆ ਨੂੰ ਸਮਝਣ, ਖੁੱਲ੍ਹ ਕੇ ਹੱਸਣ, ਖੇਡਣ ਅਤੇ ਸੁਪਨੇ ਦੇਖਣ ਦਾ ਅਧਿਕਾਰ ਹੈ। ਜੇ ਗਰਮੀਆਂ ਦੀਆਂ ਛੁੱਟੀਆਂ ਵੀ ਸਕੂਲ ਦੇ ਦਿਨਾਂ ਵਾਂਗ ਟਾਈਮ-ਟੇਬਲਾਂ, ਫੀਸਾਂ ਅਤੇ ਸਰਟੀਫਿਕੇਟਾਂ ਦੀ ਭੇਟ ਚੜ੍ਹ ਜਾਣ ਤਾਂ ਬਚਪਨ ਦੀ ਅਸਲ ਖੂਬਸੂਰਤੀ ਖਤਮ ਹੋ ਸਕਦੀ ਹੈ।

ਸਮਾਜ, ਮਾਪਿਆਂ ਅਤੇ ਸਿੱਖਿਆ ਪ੍ਰਣਾਲੀ ਨੂੰ ਇਹ ਸਮਝਣ ਦੀ ਲੋੜ ਹੈ ਕਿ ਬੱਚਿਆਂ ਦੀ ਸਫਲਤਾ ਸਿਰਫ਼ ਸਰਟੀਫਿਕੇਟਾਂ ਨਾਲ ਨਹੀਂ, ਸਗੋਂ ਉਹਨਾਂ ਦੀ ਖੁਸ਼ੀ, ਆਤਮ-ਵਿਸ਼ਵਾਸ, ਮਾਨਸਿਕ ਸਿਹਤ ਅਤੇ ਜੀਵਨ ਪ੍ਰਤੀ ਸਕਾਰਾਤਮਕ ਸੋਚ ਨਾਲ ਵੀ ਮਾਪੀ ਜਾਣੀ ਚਾਹੀਦੀ ਹੈ। ਸ਼ਾਇਦ ਹੁਣ ਸਮਾਂ ਆ ਗਿਆ ਹੈ ਕਿ ਅਸੀਂ ਬੱਚਿਆਂ ਨੂੰ ਸਿਰਫ਼ ਸਫਲ ਨਹੀਂ, ਸਗੋਂ ਖੁਸ਼ ਅਤੇ ਆਜ਼ਾਦ ਬਚਪਨ ਦੇਣ ਬਾਰੇ ਵੀ ਸੋਚੀਏ।

# ਨਿੰਮ: ਇੱਕ ਗੁਣਕਾਰੀ ਰੁੱਖ

ਡਾ. ਰਾਏ ਸਿੰਘ ਢਿੱਲੋਂ
9501889375

ਰੁੱਖ ਕੁਦਰਤ ਦੀ ਅਮੋਲਕ ਦਾਤ ਹਨ। ਇਹ ਨਾ ਕੇਵਲ ਮਨੁੱਖਾਂ ਨੂੰ ਆਕਸੀਜਨ ਪ੍ਰਦਾਨ ਕਰਦੇ ਹਨ, ਸਗੋਂ ਵਾਤਾਵਰਣ ਨੂੰ ਸ਼ੁੱਧ ਤੇ ਸੰਤੁਲਿਤ ਰੱਖਣ ਵਿੱਚ ਵੀ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ। ਭਾਰਤ ਵਿੱਚ ਬਹੁਤ ਸਾਰੇ ਲਾਭਦਾਇਕ ਰੁੱਖ ਪਾਏ ਜਾਂਦੇ ਹਨ, ਪਰ ਨਿੰਮ ਦਾ ਰੁੱਖ ਆਪਣੇ ਵਿਲੱਖਣ ਔਸ਼ਧੀ ਗੁਣਾਂ ਅਤੇ ਬਹੁਪੱਖੀ ਉਪਯੋਗਤਾ ਕਰਕੇ ਵਿਸ਼ੇਸ਼ ਸਥਾਨ ਰੱਖਦਾ ਹੈ। ਨਿੰਮ ਨੂੰ ਆਯੁਰਵੇਦ ਵਿੱਚ "ਸਰਵ ਰੋਗ ਨਿਵਾਰਣੀ" ਦੇ ਰੂਪ ਵਿੱਚ ਮੰਨਿਆ ਗਿਆ ਹੈ। ਇਸ ਦਾ ਵਿਗਿਆਨਕ ਨਾਮ Azadirachta indica ਹੈ ਅਤੇ ਇਹ ਮੇਲੀਏਸੀ (Meliaceae) ਕੁਲ ਨਾਲ ਸੰਬੰਧਿਤ ਹੈ।

ਨਿੰਮ ਇੱਕ ਸਦਾ-ਹਰਾ, ਮਜ਼ਬੂਤ ਅਤੇ ਲੰਬੀ ਉਮਰ ਵਾਲਾ ਰੁੱਖ ਹੈ। ਇਹ ਆਮ ਤੌਰ 'ਤੇ 15 ਤੋਂ 25 ਮੀਟਰ ਉੱਚਾ ਹੋ ਸਕਦਾ ਹੈ। ਇਸ ਦਾ ਤਣਾ ਸਿੱਧਾ ਅਤੇ ਮਜ਼ਬੂਤ ਹੁੰਦਾ ਹੈ, ਜਦਕਿ ਇਸ ਦੀਆਂ ਟਾਹਣੀਆਂ ਚੌੜੇ ਫੈਲਾਅ ਵਾਲੀਆਂ ਹੁੰਦੀਆਂ ਹਨ। ਇਸ ਦੇ ਪੱਤੇ ਗੂੜ੍ਹੇ ਹਰੇ ਰੰਗ ਦੇ ਅਤੇ ਦੰਦਦਾਰ ਕਿਨਾਰਿਆਂ ਵਾਲੇ ਹੁੰਦੇ ਹਨ। ਬਸੰਤ ਰੁੱਤ ਦੌਰਾਨ ਨਿੰਮ 'ਤੇ ਛੋਟੇ-ਛੋਟੇ ਸੁਗੰਧਿਤ ਚਿੱਟੇ ਫੁੱਲ ਆਉਂਦੇ ਹਨ। ਫੁੱਲਾਂ ਤੋਂ ਬਾਅਦ ਫਲ ਬਣਦੇ ਹਨ ਜੋ ਪਹਿਲਾਂ ਹਰੇ ਅਤੇ ਪੱਕਣ 'ਤੇ ਪੀਲੇ ਰੰਗ ਦੇ ਹੋ ਜਾਂਦੇ ਹਨ।

ਨਿੰਮ ਦਾ ਰੁੱਖ ਭਾਰਤ ਦੇ ਲਗਭਗ ਹਰ ਹਿੱਸੇ ਵਿੱਚ ਪਾਇਆ ਜਾਂਦਾ ਹੈ। ਇਹ ਘੱਟ ਪਾਣੀ ਅਤੇ ਉੱਚ ਤਾਪਮਾਨ ਵਾਲੇ ਖੇਤਰਾਂ ਵਿੱਚ ਵੀ ਆਸਾਨੀ ਨਾਲ ਉੱਗ ਜਾਂਦਾ ਹੈ। ਇਸੇ ਕਾਰਨ ਇਸ ਨੂੰ ਸੁੱਕੇ ਅਤੇ ਅਰਧ-ਸੁੱਕੇ ਇਲਾਕਿਆਂ ਲਈ ਇੱਕ ਆਦਰਸ਼ ਰੁੱਖ ਮੰਨਿਆ ਜਾਂਦਾ ਹੈ।

ਨਿੰਮ ਦਾ ਹਰ ਹਿੱਸਾ-ਪੱਤੇ, ਫੁੱਲ, ਫਲ, ਬੀਜ, ਛਾਲ ਅਤੇ ਜੜ੍ਹਾਂ-ਦਵਾਈ ਵਜੋਂ ਵਰਤਿਆ ਜਾਂਦਾ ਹੈ। ਨਿੰਮ ਦੇ ਪੱਤਿਆਂ ਵਿੱਚ ਐਂਟੀਬੈਕਟੀਰੀਅਲ, ਐਂਟੀਫੰਗਲ ਅਤੇ ਐਂਟੀਵਾਇਰਲ ਗੁਣ ਪਾਏ ਜਾਂਦੇ ਹਨ। ਚਮੜੀ ਦੇ ਰੋਗਾਂ, ਖੁਜਲੀ, ਦਾਦ, ਫੋੜਿਆਂ ਅਤੇ ਮੁਹਾਸਿਆਂ ਦੇ ਇਲਾਜ ਵਿੱਚ ਨਿੰਮ ਦੇ ਪੱਤੇ ਬਹੁਤ ਲਾਭਦਾਇਕ ਮੰਨੇ ਜਾਂਦੇ ਹਨ।

ਨਿੰਮ ਦੇ ਪੱਤਿਆਂ ਦਾ ਕਾੜ੍ਹਾ ਪੀਣ ਨਾਲ ਖੂਨ ਦੀ ਸ਼ੁੱਧੀ ਹੁੰਦੀ ਹੈ ਅਤੇ ਸਰੀਰ ਦੀ ਰੋਗ-ਪ੍ਰਤੀਰੋਧਕ ਸਮਰੱਥਾ ਵਧਦੀ ਹੈ। ਆਯੁਰਵੇਦਿਕ ਦਵਾਈਆਂ ਵਿੱਚ ਨਿੰਮ ਦੀ ਵਰਤੋਂ ਬੁਖ਼ਾਰ, ਸ਼ੂਗਰ, ਪੇਟ ਦੇ ਕੀੜਿਆਂ ਅਤੇ ਕਈ ਹੋਰ ਰੋਗਾਂ ਦੇ ਇਲਾਜ ਲਈ ਕੀਤੀ ਜਾਂਦੀ ਹੈ।

ਪੁਰਾਣੇ ਸਮਿਆਂ ਵਿੱਚ ਲੋਕ ਨਿੰਮ ਦੀਆਂ ਦਾਤਣਾਂ ਕਰਦੇ ਸਨ। ਨਿੰਮ ਦੀ ਦਾਤਣ ਦੰਦਾਂ ਨੂੰ ਸਾਫ਼ ਰੱਖਣ, ਮਸੂੜਿਆਂ ਨੂੰ ਮਜ਼ਬੂਤ ਬਣਾਉਣ ਅਤੇ ਮੂੰਹ ਦੀ ਬਦਬੂ ਦੂਰ ਕਰਨ ਵਿੱਚ ਮਦਦ ਕਰਦੀ ਹੈ। ਅੱਜ ਵੀ ਕਈ ਟੂਥਪੇਸਟਾਂ ਅਤੇ ਮਾਊਥਵਾਸ਼ਾਂ ਵਿੱਚ ਨਿੰਮ ਦੇ ਤੱਤ ਵਰਤੇ ਜਾਂਦੇ ਹਨ।

ਨਿੰਮ ਖੇਤੀਬਾੜੀ ਲਈ ਵੀ ਬਹੁਤ ਮਹੱਤਵਪੂਰਨ ਹੈ। ਇਸ ਦੇ ਬੀਜਾਂ ਤੋਂ ਪ੍ਰਾਪਤ ਨਿੰਮ ਦਾ ਤੇਲ ਇੱਕ ਕੁਦਰਤੀ ਕੀਟਨਾਸ਼ਕ ਹੈ। ਇਹ ਫਸਲਾਂ ਨੂੰ ਨੁਕਸਾਨ ਪਹੁੰਚਾਉਣ ਵਾਲੇ ਕੀੜਿਆਂ ਨੂੰ ਕਾਬੂ ਕਰਨ ਵਿੱਚ ਸਹਾਇਕ ਹੁੰਦਾ ਹੈ। ਨਿੰਮ ਦੀ ਖਲੀ ਇੱਕ ਉੱਤਮ ਜੈਵਿਕ ਖਾਦ ਹੈ ਜੋ ਮਿੱਟੀ ਦੀ ਉਪਜਾਊ ਸ਼ਕਤੀ ਨੂੰ ਵਧਾਉਂਦੀ ਹੈ।

ਨਿੰਮ ਅਧਾਰਿਤ ਕੀਟਨਾਸ਼ਕ ਰਸਾਇਣਕ ਕੀਟਨਾਸ਼ਕਾਂ ਦੀ ਤੁਲਨਾ ਵਿੱਚ ਵਾਤਾਵਰਣ ਲਈ ਸੁਰੱਖਿਅਤ ਹੁੰਦੇ ਹਨ। ਇਹ ਲਾਭਦਾਇਕ ਕੀੜਿਆਂ ਅਤੇ ਪੰਛੀਆਂ ਨੂੰ ਘੱਟ ਨੁਕਸਾਨ ਪਹੁੰਚਾਉਂਦੇ ਹਨ ਅਤੇ ਜੈਵਿਕ ਖੇਤੀ ਨੂੰ ਉਤਸ਼ਾਹਿਤ ਕਰਦੇ ਹਨ।

ਨਿੰਮ ਵਾਤਾਵਰਣ ਦੀ ਸੁਰੱਖਿਆ ਵਿੱਚ ਅਹਿਮ ਭੂਮਿਕਾ ਨਿਭਾਉਂਦਾ ਹੈ। ਇਹ ਹਵਾ ਵਿੱਚੋਂ ਕਾਰਬਨ ਡਾਈਆਕਸਾਈਡ ਅਤੇ ਹੋਰ ਹਾਨੀਕਾਰਕ ਗੈਸਾਂ ਨੂੰ ਸੋਖ ਕੇ ਆਕਸੀਜਨ ਛੱਡਦਾ ਹੈ। ਇਸ ਨਾਲ ਹਵਾ ਸ਼ੁੱਧ ਹੁੰਦੀ ਹੈ ਅਤੇ ਪ੍ਰਦੂਸ਼ਣ ਘਟਦਾ ਹੈ।

ਨਿੰਮ ਦੀਆਂ ਜੜ੍ਹਾਂ ਮਿੱਟੀ ਨੂੰ ਬੰਨ੍ਹ ਕੇ ਰੱਖਦੀਆਂ ਹਨ, ਜਿਸ ਨਾਲ ਮਿੱਟੀ ਦਾ ਕਟਾਅ ਘਟਦਾ ਹੈ। ਇਸ ਦੀ ਸੰਘਣੀ ਛਾਂ ਗਰਮੀਆਂ ਵਿੱਚ ਠੰਢਕ ਪ੍ਰਦਾਨ ਕਰਦੀ ਹੈ ਅਤੇ ਪੰਛੀਆਂ ਨੂੰ ਆਸਰਾ ਦਿੰਦੀ ਹੈ। ਸ਼ਹਿਰੀ ਇਲਾਕਿਆਂ ਵਿੱਚ ਨਿੰਮ ਦੇ ਰੁੱਖ ਲਗਾਉਣ ਨਾਲ ਤਾਪਮਾਨ ਨੂੰ ਘਟਾਉਣ ਅਤੇ ਵਾਤਾਵਰਣ ਨੂੰ ਸੁੰਦਰ ਬਣਾਉਣ ਵਿੱਚ ਮਦਦ ਮਿਲਦੀ ਹੈ।

ਭਾਰਤੀ ਸੱਭਿਆਚਾਰ ਵਿੱਚ ਨਿੰਮ ਨੂੰ ਪਵਿੱਤਰ ਅਤੇ ਸ਼ੁਭ ਮੰਨਿਆ ਜਾਂਦਾ ਹੈ। ਕਈ ਧਾਰਮਿਕ ਸਮਾਗਮਾਂ ਅਤੇ ਲੋਕ ਪਰੰਪਰਾਵਾਂ ਵਿੱਚ ਨਿੰਮ ਦੇ ਪੱਤਿਆਂ ਦੀ ਵਰਤੋਂ ਕੀਤੀ ਜਾਂਦੀ ਹੈ। ਪਿੰਡਾਂ ਵਿੱਚ ਲੋਕ ਆਪਣੇ ਘਰਾਂ ਦੇ ਨੇੜੇ ਨਿੰਮ ਦਾ ਰੁੱਖ ਲਗਾਉਣਾ ਸ਼ੁਭ ਸਮਝਦੇ ਹਨ।

ਨਿੰਮ ਤੋਂ ਬਣਨ ਵਾਲੇ ਉਤਪਾਦ ਜਿਵੇਂ ਕਿ ਸਾਬਣ, ਸ਼ੈਂਪੂ, ਤੇਲ, ਕਾਸਮੈਟਿਕਸ, ਕੀਟਨਾਸ਼ਕ ਅਤੇ ਦਵਾਈਆਂ ਵੱਡੇ ਪੱਧਰ 'ਤੇ ਤਿਆਰ ਕੀਤੀਆਂ ਜਾਂਦੀਆਂ ਹਨ। ਇਸ ਕਾਰਨ ਨਿੰਮ ਨਾਲ ਸੰਬੰਧਿਤ ਉਦਯੋਗਾਂ ਨੂੰ ਵੀ ਪ੍ਰੋਤਸਾਹਨ ਮਿਲਦਾ ਹੈ ਅਤੇ ਰੋਜ਼ਗਾਰ ਦੇ ਮੌਕੇ ਪੈਦਾ ਹੁੰਦੇ ਹਨ।

ਨਿੰਮ ਇੱਕ ਅਜਿਹਾ ਰੁੱਖ ਹੈ ਜੋ ਮਨੁੱਖੀ ਜੀਵਨ ਦੇ ਹਰ ਪੱਖ ਨਾਲ ਜੁੜਿਆ ਹੋਇਆ ਹੈ। ਇਹ ਸਿਹਤ, ਖੇਤੀਬਾੜੀ, ਵਾਤਾਵਰਣ ਅਤੇ ਆਰਥਿਕ ਵਿਕਾਸ ਲਈ ਬਹੁਤ ਮਹੱਤਵਪੂਰਨ ਹੈ। ਇਸ ਦੇ ਅਣਗਿਣਤ ਗੁਣਾਂ ਕਰਕੇ ਇਸ ਨੂੰ "ਕੁਦਰਤ ਦਾ ਦਵਾਖਾਨਾ" ਅਤੇ "ਗੁਣਕਾਰੀ ਰੁੱਖਾਂ ਦਾ ਰਾਜਾ" ਵੀ ਕਿਹਾ ਜਾਂਦਾ ਹੈ। ਅੱਜ ਦੇ ਸਮੇਂ ਵਿੱਚ ਜਦੋਂ ਪ੍ਰਦੂਸ਼ਣ ਅਤੇ ਬਿਮਾਰੀਆਂ ਲਗਾਤਾਰ ਵੱਧ ਰਹੀਆਂ ਹਨ, ਸਾਨੂੰ ਵੱਧ ਤੋਂ ਵੱਧ ਨਿੰਮ ਦੇ ਰੁੱਖ ਲਗਾਉਣੇ ਅਤੇ ਉਨ੍ਹਾਂ ਦੀ ਸੰਭਾਲ ਕਰਨੀ ਚਾਹੀਦੀ ਹੈ ਤਾਂ ਜੋ ਆਉਣ ਵਾਲੀਆਂ ਪੀੜ੍ਹੀਆਂ ਨੂੰ ਇੱਕ ਸਾਫ਼-ਸੁਥਰਾ ਅਤੇ ਸਿਹਤਮੰਦ ਵਾਤਾਵਰਣ ਮਿਲ ਸਕੇ।



# ਸਮੇਂ ਦੀ ਲੋੜ ਮਾਪਿਆਂ ਦੇ ਚੰਗੇ ਮਾਰਗ-ਦਰਸ਼ਕ ਬਣਨ ਦੀ

ਸੰਜੀਵ ਸਿੰਘ ਸੈਣੀ
7888966168

ਅੱਜ ਏਆਈ ਦਾ ਜਮਾਨਾ ਹੈ। ਕੰਪਿਊਟਰ ਤੇ ਇੰਟਰਨੈਟ ਤੋਂ ਬਿਨਾਂ ਜੀਵਨ ਦੀ ਕਲਪਨਾ ਕਰਨਾ ਅਸੰਭਵ ਜਿਹਾ ਲੱਗਦਾ ਹੈ। ਹਰ ਰੋਜ਼ ਨਵੀਂ ਤਕਨੀਕਾਂ ਆ ਰਹੀਆਂ ਹਨ। ਤਕਨੀਕਾਂ ਦੇ ਆਉਣ ਨਾਲ ਜੀਵਨ ਸੁਖਾਲਾ ਜਿਹਾ ਹੋ ਗਿਆ ਹੈ। ਪਰ ਕਈ ਵਾਰ ਤਕਨੀਕਾਂ ਦੀ ਦੁਰਵਰਤੋਂ ਕਰਕੇ ਅਸੀਂ ਆਪਣਾ ਨੁਕਸਾਨ ਵੀ ਕਰਵਾ ਬੈਠਦੇ ਹਨ। ਮਾਂ ਬਾਪ ਦੀ ਜਿੰਮੇਵਾਰੀ ਦਿਨ ਪ੍ਰਤੀ ਦਿਨ ਘੱਟ ਗਈ ਹੈ। ਅੱਜ ਸਿਰਫ ਉਨ੍ਹਾਂ ਲਈ ਪੈਸਾ, ਸੁੱਖ ਸਹੂਲਤਾਂ, ਆਲੀਸ਼ਾਨ ਘਰ, ਲਗਜ਼ਰੀ ਲਾਈਫ, ਬੱਚਿਆਂ ਲਈ ਵਧੀਆ ਸਕੂਲ, ਵਧੀਆ ਕੋਚਿੰਗ ਸੈਂਟਰ, ਤੱਕ ਰਹਿ ਗਈ ਹੈ। ਬੱਚਿਆਂ ਦੀ ਕਾਪੀ ਤੱਕ ਨਹੀਂ ਖੋਲਦੇ ਹਨ।ਜੇ ਵਿਦਿਆਰਥੀ ਵਰਗ ਦੀ ਗੱਲ ਕਰੀਏ ਤਾਂ ਉਨ੍ਹਾਂ ਦੀ ਪੜ੍ਹਨ ਦੀ ਆਦਤ ਘੱਟ ਹੋ ਗਈ ਹੈ। ਸਕਰੀਨ ਤੇ ਜ਼ਿਆਦਾ ਸਮਾਂ ਬੱਚਿਆਂ ਦਾ ਗੁਜ਼ਰ ਰਿਹਾ ਹੈ। ਕੁੱਝ ਵੀ ਸਰਚ ਕਰਨਾ ਹੁੰਦਾ ਹੈ ਚਾਹੇ ਉਹ ਸਿਲੇਬਸ ਤੋਂ ਸੰਬੰਧਿਤ ਹੋਵੇ ਜਾਂ ਕੁੱਝ ਵੀ ਬੱਚੇ ਕਿਤਾਬਾਂ ਵੱਲ ਝਾਕਦੇ ਤੱਕ ਨਹੀਂ ਹਨ। ਸਿੱਧਾ ਸਕਰੀਨ ਤੇ ਸਰਚ ਕਰਨਾ ਸ਼ੁਰੂ ਕਰ ਦਿੰਦੇ ਹਨ। ਸਬੰਧਤ ਜਾਣਕਾਰੀ ਕਈ ਵਾਰ ਦਰੁਸਤ ਵੀ ਨਹੀਂ ਹੁੰਦੀ ਹੈ। ਜੋ ਕਿਤਾਬਾਂ ਵਿੱਚ ਹੁੰਦਾ ਹੈ ਉਹ ਸਹੀ ਹੁੰਦਾ ਹੈ। ਬੱਚਿਆਂ ਨੂੰ ਇਸ ਗੱਲ ਦਾ ਪਤਾ ਤੱਕ ਨਹੀਂ ਹੁੰਦਾ ਕਿ ਜੋ ਮੈਂ ਸਰਚ ਕੀਤਾ ਹੈ ਉਹ ਸਹੀ ਵੀ ਹੈ ਜਾਂ ਨਹੀਂ ਹੈ। ਘਰਾਂ ਵਿੱਚ ਅਖ਼ਬਾਰ ਆਉਣੇ ਬੰਦ ਹੋ ਚੁੱਕੇ ਹਨ। ਮਾਂ ਪਿਓ ਕਹਿੰਦੇ ਹਨ ਕਿ ਸਾਡੇ ਕੋਲ ਤਾਂ ਵੇਲਾ ਨਹੀਂ ਹੈ। ਬੱਚਿਆਂ ਨੂੰ ਪੁਸਤਕ ਮੇਲਿਆਂ ਬਾਰੇ ਤੱਕ ਜਾਣਕਾਰੀ ਨਹੀਂ ਹੈ । ਕਿਤਾਬਾਂ ਗਿਆਨ ਦਾ ਅਥਾਹ ਭੰਡਾਰ ਹਨ ।ਹਨੇਰੇ ਤੋਂ ਚਾਨਣ ਤੱਕ ਕਿਤਾਬਾਂ ਲੈ ਕੇ ਜਾਂਦੀਆਂ ਹਨ। ਅੱਜ ਘਰਾਂ ਵਿੱਚ ਮਿੰਨੀ ਲਾਈਬ੍ਰੇਰੀ ਤੱਕ ਵੀ ਨਹੀਂ ਹੈ। ਘਰ ਵਿੱਚ ਹੋਰ ਮਹਿੰਗਾ ਸਮਾਨ ਤਾਂ ਹੈ ,ਪਰ ਕਿਤਾਬਾਂ ਲਿਆਉਣ ਦੀ ਖੇਚਲ ਤੱਕ ਨਹੀਂ ਕਰਦੇ। ਮਾਂ ਪਿਓ ਖੁਦ ਕਿਤਾਬਾਂ ਪੜਨਾ ਨਹੀਂ ਚਾਹੁੰਦੇ। ਕਿਤਾਬਾਂ ਪੜ੍ਹਨ ਵਾਲਾ ਇਨਸਾਨ ਆਪਣੇ ਆਪ ਨੂੰ ਇਕੱਲਾ ਕਦੇ ਵੀ ਮਹਿਸੂਸ ਨਹੀਂ ਕਰਦਾ ਹੈ। ਉਸਦੇ ਗਿਆਨ ਵਿੱਚ ਭਰਪੂਰ ਵਾਧਾ ਹੁੰਦਾ ਹੈ। ਕਿਤਾਬਾਂ ਪੜ੍ਹਨ ਨਾਲ ਵਿਦਿਆਰਥੀਆਂ ਦੇ ਅੰਦਰ ਸਮਝਦਾਰੀ, ਜ਼ਿੰਦਗੀ ਜਿਊਣ ਦਾ ਸਲੀਕਾ, ਫੈਸਲੇ ਲੈਣ ਦੀ ਯੋਗਤਾ ਵਿਕਸਿਤ ਹੁੰਦੀ ਹੈ। ਘਰ ਬੈਠੇ ਤੁਸੀਂ ਵਿਦੇਸ਼ਾਂ ਦੀ ਜਾਣਕਾਰੀ ਪ੍ਰਾਪਤ ਕਰ ਸਕਦੇ ਹੋ। ਖਾਸ ਤੌਰ ਤੇ ਵਿਦਿਆਰਥੀ ਜੀਵਨ 'ਚ ਕਿਤਾਬਾਂ ਦੀ ਬਹੁਤ ਮਹੱਤਤਾ ਹੈ। ਜੇ ਘਰ ਵਿੱਚ ਅਖ਼ਬਾਰ, ਕੋਈ ਰਸਾਲਾ ਆਏਗਾ, ਘਰ



ਦੇ ਵੱਡੇ ਉਹਨਾਂ ਰਸਾਲਿਆਂ ਨੂੰ ਪੜ੍ਹਕੇ, ਤਾਂ ਬੱਚਿਆਂ 'ਚ ਆਪਣੇ ਆਪ ਦਿਲਚਸਪੀ ਪੈਦਾ ਹੋਵੇਗੀ। ਸਾਹਿਤ ਵੱਲ ਘੱਟਦਾ ਰੁਝਾਨ ਬਹੁਤ ਚਿੰਤਾ ਦਾ ਵਿਸ਼ਾ ਹੈ। ਕਿਤਾਬਾਂ ਤਾਂ ਬਹੁਤ ਪਬਲਿਸ਼ ਹੋ ਰਹੀਆਂ ਹਨ। ਵਿਚਾਰ ਕਰਨ ਵਾਲਾ ਵੇਲਾ ਹੈ ਕਿ ਉਨ੍ਹਾਂ ਨੂੰ ਪੜਿਆ ਜਾ ਰਿਹਾ ਹੈ ?ਲਾਈਬ੍ਰੇਰੀਆਂ ਵਿੱਚ ਰੱਖੀਆਂ ਰੈਕਾਂ ਵਿੱਚ ਕਿਤਾਬਾਂ ਇਸੇ ਤਰ੍ਹਾਂ ਪਈ ਰਹਿੰਦੀਆਂ ਹਨ। ਉਹਨਾਂ ਨੂੰ ਕਈ ਵਾਰ ਖੋਲ ਕੇ ਵੀ ਨਹੀਂ ਦੇਖਦਾ। ਮਾਪਿਆਂ ਦੇ ਨਾਲ ਨਾਲ ਅਧਿਆਪਕ ਬੱਚਿਆਂ ਦੇ ਮਾਰਗ ਦਰਸ਼ਕ ਹੁੰਦੇ ਹਨ। ਅਕਸਰ ਅੱਜ ਕੱਲ ਤਾਂ ਬੱਚਿਆਂ ਦਾ ਹੋਮਵਰਕ ਵੀ ਮਾਂ ਬਾਪ ਦੇ ਮੋਬਾਇਲ ਤੇ ਵਟਸਐਪ ਕਰ ਦਿੱਤਾ ਜਾਂਦਾ ਹੈ ਇਹ ਵੀ ਬਹੁਤ ਵੱਡਾ ਬੱਚਿਆਂ ਦਾ ਨੁਕਸਾਨ ਹੋ ਰਿਹਾ ਹੈ। ਲਿਖਣ ਦੀ ਆਦਤ ਬੱਚਿਆਂ ਦੀ ਘੱਟ ਗਈ ਹੈ। ਜਿਸ ਕਾਰਨ ਉਹਨਾਂ ਦੀ ਲਿਖਾਈ ਚੰਗੀ ਨਹੀਂ ਰਹੀ। ਅਧਿਆਪਕ ਬੱਚਿਆਂ ਵਿੱਚ ਵੱਖ-ਵੱਖ ਗਤੀਵਿਧੀਆਂ ਨਾਲ ਪੜ੍ਹ ਦੀ ਦਿਲਚਸਪੀ ਪੈਦਾ ਕਰ ਸਕਦੇ ਹਨ।

ਅੱਜ ਮਾਪਿਆਂ ਕੋਲ ਬੱਚਿਆਂ ਲਈ ਸਮਾਂ ਨਹੀਂ ਹੈ ।ਪੈਸੇ ਦੀ ਹੋੜ ਜਿਆਦਾ ਲੱਗੀ ਹੋਈ ਹੈ । ਥੱਕੇ ਹਾਰੇ ਦਫਤਰੋਂ ਆ ਕੇ ਸਿੱਧਾ ਆਪਣੇ ਕਮਰੇ ਵਿੱਚ ਜਾ ਕੇ ਸੌ ਜਾਂਦੇ ਹਨ। ਕਈ ਵਾਰ ਤਾਂ ਬਾਹਰੋਂ ਹੀ ਖਾਹ ਪੀ ਕੇ ਆਉਂਦੇ ਹਨ। ਬੱਚਿਆਂ ਨੂੰ ਮਿਲਦੇ ਤੱਕ ਨਹੀਂ ਹਨ। ਆਪਣੀ ਰੁਝੇਵਿਆਂ 'ਚੋਂ ਸਮਾਂ ਕੱਢ ਕੇ ਬੱਚਿਆਂ ਨਾਲ ਜਰੂਰ ਗੱਲਬਾਤ ਕਰੋ। ਇੱਥੋਂ ਤੱਕ ਕਿ ਜਦੋਂ ਮਾਪੇ ਅਧਿਆਪਕ ਮਿਲਣੀ ਸਕੂਲਾਂ 'ਚ ਕਰਵਾਈ ਜਾਂਦੀ ਹੈ ਉੱਥੇ ਵੀ ਨਹੀਂ ਪੁੱਜਦੇ ਹਨ ।ਮੋਬਾਇਲ ਦੇ ਜ਼ਰੀਏ ਹੀ ਬੱਚਿਆਂ ਦੀ ਪ੍ਰਫੋਰਮੈਂਸ ਬਾਰੇ ਪਤਾ ਕਰ ਲਿਆ ਜਾਂਦਾ ਹੈ।ਜੇ ਮਾਪੇ ਬੱਚਿਆਂ ਨੂੰ ਸਮਾਂ ਦੇਣ ਤਾਂ ਬੱਚੇ ਬਹੁਤ ਕੁੱਝ ਸਿੱਖ ਸਕਦੇ ਹਨ। ਅੱਗੇ ਬੱਚੇ ਘਰਾਂ 'ਚ ਬਜ਼ੁਰਗਾਂ ਕੋਲ ਰਹਿੰਦੇ ਸਨ। ਬਜ਼ੁਰਗ ਉਹਨਾਂ ਨੂੰ ਚੰਗੀਆਂ ਗੱਲਾਂ ਸਿਖਾਉਂਦੇ ਸਨ। ਨੈਤਿਕ ਕਦਰਾਂ ਕੀਮਤਾਂ ਬਾਰੇ ਦੱਸਿਆ ਜਾਂਦਾ ਸੀ। ਬੱਚਿਆਂ ਨੂੰ ਸ਼ੁਰੂ ਤੋਂ ਹੀ ਇਮਾਨਦਾਰੀ, ਪਿਆਰ ਦਾ ਪਾਠ ਜਰੂਰ ਸਿਖਾਓ। ਵਿਦਿਆਰਥੀਆਂ ਨੂੰ ਨੈਤਿਕਤਾ ਦੀ ਸਿੱਖਿਆ ਜਰੂਰ ਦੇਣੀ ਚਾਹੀਦੀ ਹੈ। ਵੱਡਿਆਂ ਦਾ ਕਹਿਣਾ ਮੰਨਣਾ, ਛੋਟਿਆਂ ਨਾਲ ਪਿਆਰ ਕਰਨਾ, ਇੱਕ ਦੂਜੇ ਦਾ ਸਤਿਕਾਰ ਕਰਨਾ, ਮਿੱਠਾ ਬੋਲਣਾ ,ਚੰਗੀ- ਪ੍ਰਾਹੁਣਚਾਰੀ ਕਰਨਾ ਆਦਿ। ਬੱਚੇ ਸਮਾਜ ਦੀ ਰੀੜ ਦੀ ਹੱਡੀ ਹੁੰਦੇ ਹਨ। ਮੋਬਾਇਲ ਦੀ ਜਕੜ ਵਿੱਚ ਬੱਚਿਆਂ ਦਾ ਬਚਪਨ ਆ ਚੁੱਕਿਆ ਹੈ। ਅੱਜ ਬੱਚਿਆਂ ਅੰਦਰ ਨੈਤਿਕ ਕਦਰਾਂ ਕੀਮਤਾਂ ਦੀ ਘਾਟ ਦਿਖਾਈ ਦੇ ਰਹੀ ਹੈ। ਸਕੂਲਾਂ ਵਿੱਚ ਸਵੇਰੇ ਜਦੋਂ ਅਸੈਂਬਲੀ ਹੁੰਦੀ ਹੈ ਤਾਂ 20 ਤੋਂ 25 ਮਿੰਟ ਦਾ ਲੈਕਚਰ ਬੱਚਿਆਂ ਨੂੰ ਜਰੂਰ ਦੇਣਾ ਚਾਹੀਦਾ ਹੈ, ਤਾਂ ਜੋ ਉਹਨਾਂ ਨੂੰ ਚੰਗੇ ਸੰਸਕਾਰ ਆਉਣ। ਸੋਸ਼ਲ ਮੀਡੀਆ ਦੇ ਸਹੀ ਤੇ ਮਾੜੇ ਪ੍ਰਭਾਵਾਂ ਬਾਰੇ ਬੱਚਿਆਂ ਨੂੰ ਜਰੂਰ ਦੱਸਣਾ ਚਾਹੀਦਾ ਹੈ। ਅੱਜ ਸੋਸ਼ਲ ਮੀਡੀਆ ਦੀ ਦੁਰਵਰਤੋਂ ਕਾਰਨ ਬੱਚਿਆਂ ਦੀ ਜਾਨਾਂ ਤੱਕ ਜਾ ਰਹੀਆਂ ਹਨ। ਜਦੋਂ ਬੱਚਿਆਂ ਕੋਲੋਂ ਕੋਈ ਗਲਤ ਕੰਮ ਹੋ ਜਾਂਦਾ ਹੈ ਮਾਂ ਬਾਪ ਨੂੰ ਉਸ ਸਮੇਂ ਪਤਾ ਲੱਗਦਾ ਹੈ। ਬੱਚੇ ਮੋਬਾਇਲ ਚਲਾ ਰਹੇ ਹਨ ਤਾਂ ਮਾਂ ਬਾਪ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਬੱਚੇ ਮੋਬਾਇਲ ਤੇ ਕੀ ਕਰ ਰਹੇ ਹਨ? ਕਿਹੜੀ ਸਾਈਟ ਤੇ ਜਾ ਕੇ ਉਹ ਕਿ ਡਾਊਨਲੋਡ ਕਰ ਰਹੇ ਹਨ? ਪਰ ਅੱਜ ਦੇ ਜਮਾਨੇ 'ਚ ਸੋਸ਼ਲ ਮੀਡੀਆ ਬੱਚਿਆਂ ਦਾ ਮਾਨਸਿਕ ਤੇ ਸ਼ਰੀਰਕ ਪੱਖੋਂ ਬਹੁਤ ਨੁਕਸਾਨ ਕਰ ਰਿਹਾ ਹੈ। ਅੱਜ ਜੇ ਬੱਚਿਆਂ ਨੂੰ ਅਧਿਆਪਕ, ਮਾਪੇ ਸਹੀ ਦਿਸ਼ਾ ਦੇਣ ਤਾਂ ਉਨਾਂ ਦਾ ਭਵਿੱਖ ਵਧੀਆ ਹੋ ਸਕਦਾ ਹੈ। ਪੜ੍ਹਾਈ ਦੇ ਨਾਲ ਨਾਲ ਬੱਚਿਆਂ ਨੂੰ ਖੇਡਾਂ ਪ੍ਰਤੀ ਉਤਸਾਹਿਤ ਕਰਨਾ ਚਾਹੀਦਾ ਹੈ। ਜਿਸ ਕਾਰਨ ਵਿਦਿਆਰਥੀ ਜੀਵਨ 'ਚ ਸਹਿਯੋਗ, ਅਨੁਸ਼ਾਸਨ, ਬਹਾਦਰੀ ਇੱਕ ਦੂਜੇ ਨਾਲ ਮਿਲਣਾ ਵਧੀਆ ਗੁਣ ਪੈਦਾ ਹੁੰਦੇ ਹਨ। ਪਰ ਅੱਜ ਕੱਲ ਦੇ ਬੱਚੇ ਬਿਮਾਰੀਆਂ ਨਾਲ ਘਿਰ ਚੁੱਕੇ ਹਨ। ਮੋਟਾਪੇ ਦਾ ਸ਼ਿਕਾਰ ਹੋ ਚੁੱਕੇ ਹਨ ।ਛੋਟੀ ਛੋਟੀ ਉਮਰ ਦੇ ਬੱਚਿਆਂ ਨੂੰ ਸਰਵਾਈਕਲ ਹੋ ਗਿਆ ਹੈ, ਕਿਉਂਕਿ ਸਕਰੀਨ ਟਾਈਮ ਜਿਆਦਾ ਵੱਧ ਚੁੱਕਿਆ ਹੈ। ਜੰਕ ਫੂਡ ਖਾਣ ਤੋਂ ਪਰਹੇਜ਼ ਕਰਨਾ ਚਾਹੀਦਾ ਹੈ। ਮਾਂ ਬਾਪ ਨੂੰ ਆਪ ਵੀ ਬਾਹਰੀ ਖਾਣੇ ਤੋਂ ਗੁਰੇਜ਼ ਕਰਨਾ ਚਾਹੀਦਾ ਹੈ। ਸਟਰੀਟ ਫੂਡ ਖਾਣ ਨਾਲ ਤਰ੍ਹਾਂ ਤਰ੍ਹਾਂ ਦੀਆਂ ਨਾ ਮੁਰਾਦ ਬਿਮਾਰੀਆਂ ਨਾਲ ਇਨਸਾਨ ਘਿਰ ਗਿਆ ਹੈ। ਚੰਗੀ ਸਿਹਤ ਲਈ ਕਸਰਤ ਕਰਨੀ ਬਹੁਤ ਜਰੂਰੀ ਹੈ। ਪੜ੍ਹਾਈ ਦੇ ਨਾਲ ਨਾਲ ਉਹਨਾਂ ਨੂੰ ਖੁੱਲੇ ਵਾਤਾਵਰਣ ਵਿੱਚ ਖੇਡਣ ਦਾ ਮੌਕਾ ਦਿਓ।ਮਾਂ ਬਾਪ ਨੂੰ ਬੱਚਿਆਂ ਦੇ ਦੋਸਤਾਂ ਬਾਰੇ ਵੀ ਜਰੂਰ ਪਤਾ ਹੋਣਾ ਚਾਹੀਦਾ ਹੈ ਕਿ ਬੱਚਿਆਂ ਦੀ ਸੰਗਤ ਕਿਹੋ ਜਿਹੀ ਹੈ ।ਅੱਜ ਨਸ਼ਿਆਂ ਦਾ ਰੁਝਾਨ ਵੱਧ ਗਿਆ ਹੈ। ਨੌਜਵਾਨ ਪੀੜੀ ਕੁਰਾਹੇ ਪੈ ਰਹੀ ਹੈ। ਅੱਜ ਬੱਚਿਆਂ ਨੂੰ ਸਾਂਭਣ ਦਾ ਵੇਲਾ ਹੈ। ਜੇ ਮਾਪੇ ਬੱਚਿਆਂ ਨਾਲ ਦਿਲੋਂ ਸਾਂਝ ਪਾਉਣਗੇ ਤਾਂ ਬੱਚਿਆਂ ਦਾ ਮਨ ਆਪਣੇ ਆਪ ਮਾਪਿਆਂ ਕੋਲ ਖੋਲਣਗੇ। ਝਿੜਕਣਾ, ਡਾਂਟਣਾ ਬਿਲਕੁਲ ਵੀ ਨਹੀਂ ਚਾਹੀਦਾ ਹੈ । ਉਹਨਾਂ ਦੀ ਮੁਸ਼ਕਿਲਾਂ ਨੂੰ ਧਿਆਨ ਨਾਲ ਸੁਣੋ।ਬੱਚੇ ਗਲਤੀ ਕਰਨ ਤਾਂ ਉਹਨਾਂ ਨੂੰ ਪਿਆਰ ਨਾਲ ਸਮਝਾਉਣਾ ਚਾਹੀਦਾ ਹੈ। ਆਪਣੇ ਘਰ ਵਿੱਚ ਵਧੀਆ ਮਾਹੌਲ ਰੱਖੋ। ਘਰ ਦਾ ਖੁਸ਼ਨੁਮਾ ਮਾਹੌਲ ਬੱਚੇ ਦੇ ਦਿਮਾਗੀ ਵਿਕਾਸ ਲਈ ਬਹੁਤ ਜਰੂਰੀ ਹੈ। ਜਿਸ ਤਰ੍ਹਾਂ ਅਸੀਂ ਕੋਈ ਬੂਟਾ ਲਾਉਂਦੇ ਹਨ, ਸਮੇਂ ਸਮੇਂ ਤੇ ਉਸ ਨੂੰ ਸਿੰਜਦੇ ਹਨ। ਅੱਗੇ ਚੱਲ ਕੇ ਉਹ ਛਾਂਦਾਰ ਬੂਟਾ ਬਣ ਜਾਂਦਾ ਹੈ । ਇਸੇ ਤਰ੍ਹਾਂ ਬੱਚਿਆਂ ਦਾ ਬਚਪਨਾ ਹੁੰਦਾ ਹੈ। ਅੱਜ ਮਾਂ ਬਾਪ ਨੂੰ ਬੱਚਿਆਂ ਨਾਲ ਪਰਛਾਵੇਂ ਦੀ ਤਰ੍ਹਾਂ ਚੱਲਣਾ ਚਾਹੀਦਾ ਹੈ। ਤਾਂ ਹੀ ਕੱਲ ਨੂੰ ਉਹਨਾਂ ਦਾ ਭਵਿੱਖ ਰੁਸ਼ਨਾ ਪਾਏਗਾ। ਬੱਚਿਆਂ ਨੂੰ ਸਹੀ ਰਾਹ ਦਿਖਾਉਣ ਲਈ ਮਾਪਿਆਂ ਦਾ ਦਿਆਲੂ ,ਸਹਿਯੋਗੀ ਅਤੇ ਚੰਗੀ ਮਿਸਾਲ ਬਣਨਾ ਜਰੂਰੀ ਹੈ। ਬੱਚਿਆਂ ਦੀ ਪਰਵਰਿਸ਼ ਇਸ ਤਰ੍ਹਾਂ ਹੋਣੀ ਚਾਹੀਦੀ ਹੈ ਕਿ ਉਹ ਵੱਡੇ ਹੋ ਕੇ ਸਿਹਤਮੰਦ ਸਮਝਦਾਰ ਤੇ ਜਿੰਮੇਵਾਰ ਇਨਸਾਨ ਬਣ ਸਕਣ।



ਰੋਜ਼ਾਨਾ ਚੜ੍ਹਦੀਕਲਾ
## ਸਿਹਤ ਖ਼ਬਰਨਾਮਾ



# ਦੁੱਧ ’ਚ ਹਰੀ ਇਲਾਇਚੀ ਪਾ ਕੇ ਪੀਣ ਨਾਲ ਮਿਲਣਗੇ ਕਈ ਫਾਇਦੇ

ਆਯੁਰਵੇਦ ਵਿੱਚ ਦੁੱਧ ਅਤੇ ਇਲਾਇਚੀ ਦੋਵਾਂ ਨੂੰ ਸਰੀਰ ਲਈ ਬਹੁਤ ਲਾਭਦਾਇਕ ਅਤੇ ਪੌਸ਼ਟਿਕ ਮੰਨਿਆ ਜਾਂਦਾ ਹੈ। ਇਲਾਇਚੀ ਅਤੇ ਦੁੱਧ ਵਿਟਾਮਿਨ ਅਤੇ ਮਿਨਰਲ ਦਾ ਭੰਡਾਰ ਹਨ, ਇਲਾਇਚੀ ਦਾ ਦੁੱਧ ਗਰਮੀਆਂ ਵਿੱਚ ਸਰੀਰ ਨੂੰ ਠੰਡਾ ਕਰਨ ਵਿੱਚ ਮਦਦ ਕਰਦਾ ਹੈ ਅਤੇ ਪਾਚਨ ਕਿਰਿਆ ਨੂੰ ਬਿਹਤਰ ਬਣਾਉਂਦਾ ਹੈ। ਪਰ ਇਲਾਇਚੀ ਦਾ ਦੁੱਧ ਤਿਆਰ ਕਰਨਾ ਸਭ ਤੋਂ ਆਸਾਨ ਹੈ। ਦੋਵਾਂ ਨੂੰ ਇਕੱਠੇ ਖਾਣ ਨਾਲ ਲਾਭ ਕਈ ਗੁਣਾ ਵੱਧ ਜਾਂਦੇ ਹਨ।



**ਛਾਲਿਆਂ ਲਈ ਫਾਇਦੇਮੰਦ** - ਮੂੰਹ ਦੇ ਛਾਲੇ ਖਾਣ-ਪੀਣ ਵਿੱਚ ਮੁਸ਼ਕਲ ਪੈਦਾ ਕਰ ਸਕਦੇ ਹਨ। ਚਬਾਉਣ ਨਾਲ ਗੰਭੀਰ ਦਰਦ ਹੋ ਸਕਦਾ ਹੈ। ਅਜਿਹੀਆਂ ਸਥਿਤੀਆਂ ਵਿੱਚ ਇਲਾਇਚੀ ਦਾ ਦੁੱਧ ਲਾਭਦਾਇਕ ਹੁੰਦਾ ਹੈ।

**ਹਾਈ ਬਲੱਡ ਪ੍ਰੈਸ਼ਰ ਲਈ ਫਾਇਦੇਮੰਦ** - ਇਲਾਇਚੀ ਦਾ ਦੁੱਧ ਪੀਣ ਨਾਲ ਸਿਸਟੋਲਿਕ ਅਤੇ ਡਾਇਸਟੋਲਿਕ ਬਲੱਡ ਪ੍ਰੈਸ਼ਰ ਨੂੰ ਵੀ ਫਾਇਦਾ ਹੁੰਦਾ ਹੈ। ਇਹ ਬਲੱਡ ਪ੍ਰੈਸ਼ਰ ਕੰਟਰੋਲ ਹੁੰਦਾ ਹੈ ਅਤੇ ਧਮਨੀਆਂ ਦੀ ਵਾਲ ਨੂੰ ਆਰਾਮ ਰਿਲੈਕਸ ਕਰਦਾ ਹੈ।

**ਪਾਚਨ ਵਿਚ ਸੁਧਾਰ** - ਇਲਾਇਚੀ ਦਾ ਦੁੱਧ ਪੇਟ ਅਤੇ ਪਾਚਨ ਕਿਰਿਆ ਲਈ ਬਹੁਤ ਵਧੀਆ ਮੰਨਿਆ ਜਾਂਦਾ ਹੈ। ਇਹ ਸਰੀਰ ਨੂੰ ਕੁਦਰਤੀ ਖਣਿਜ ਅਤੇ ਫਾਈਬਰ ਪ੍ਰਦਾਨ ਕਰਦਾ ਹੈ, ਜੋ ਪਾਚਨ ਪ੍ਰਣਾਲੀ ਨੂੰ ਮਜ਼ਬੂਤ ਕਰਨ ਵਿੱਚ ਮਦਦ ਕਰਦਾ ਹੈ।

**ਦਿਲ ਲਈ ਫਾਇਦੇਮੰਦ** - ਇਲਾਇਚੀ ਦੇ ਦੁੱਧ ਵਿੱਚ ਪੋਟਾਸ਼ੀਅਮ ਵੀ ਹੁੰਦਾ ਹੈ, ਜੋ ਹਾਈ ਕੋਲੇਸਟ੍ਰੋਲ ਅਤੇ ਬਲੱਡ ਪ੍ਰੈਸ਼ਰ ਨੂੰ ਘੱਟ ਕਰਨ ਵਿੱਚ ਮਦਦ ਕਰਦਾ ਹੈ। ਇਹ ਹਾਰਟ ਅਟੈਕ ਅਤੇ ਸਟ੍ਰੋਕ ਦਾ ਖਤਰਾ ਵੀ ਘਟਾਉਂਦਾ ਹੈ।

# ਜੰਗ ਦਾ ਫ਼ੈਸਲਾ ਹੁਣ ਟਰੰਪ ਦੇ ਹੱਥ ! ਈਰਾਨ ਵੱਲੋਂ ਗੱਲਬਾਤ ਬੰਦ, ਪ੍ਰਮਾਣੂ ਮੁੱਦਾ ਬਣਿਆ ਰੋੜਾ

ਤਹਿਰਾਨ , 7 ਜੂਨ (ਚ.ਨ.ਸ.): ਈਰਾਨ ਅਤੇ ਅਮਰੀਕਾ ਵਿਚਾਲੇ ਪ੍ਰਮਾਣੂ ਮੁੱਦੇ ’ਤੇ ਚੱਲ ਰਹੀ ਖਿੱਚੋਤਾਣ ਹੋਰ ਗੰਭੀਰ ਹੋ ਗਈ ਹੈ। ਈਰਾਨ ਦੇ ਸੁਪਰੀਮ ਲੀਡਰ ਦੇ ਸੀਨੀਅਰ ਸਲਾਹਕਾਰ ਅਤੇ ਇਸਲਾਮਿਕ ਰੈਵੋਲਿਊਸ਼ਨਰੀ ਗਾਰਡ ਕੋਰ (ਆਈਆਰਜੀਸੀ) ਦੇ ਸਾਬਕਾ ਕਮਾਂਡਰ-ਇਨ-ਚੀਫ਼ ਮੋਹਸੇਨ ਰੇਜ਼ਾਈ ਨੇ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੇ 2015 ਦੇ ਜੇਸੀਪੀਓਏ ਸਮਝੌਤੇ ਤੋਂ ਪਿੱਛੇ ਹਟਣ ਦਾ ਹਵਾਲਾ ਦਿੰਦੇ ਹੋਏ ਕਿਹਾ ਕਿ ਫਿਲਹਾਲ ਅਮਰੀਕਾ ਨਾਲ ਕੋਈ ਪ੍ਰਮਾਣੂ ਗੱਲਬਾਤ ਨਹੀਂ ਹੋਵੇਗੀ। ਸ਼੍ਰੀ ਰੇਜ਼ਾਈ ਨੇ ਇਹ ਵੀ ਕਿਹਾ ਕਿ ਈਰਾਨ-ਅਮਰੀਕਾ ਗੱਲਬਾਤ ਬੰਦ ਹੋ ਗਈ ਹੈ ਅਤੇ ਟਰੰਪ ਨੂੰ ਪ੍ਰਕਿਰਿਆ ਨੂੰ ਅੱਗੇ ਵਧਾਉਣ ਲਈ ਕਦਮ ਚੁੱਕਣੇ ਚਾਹੀਦੇ ਹਨ। ਈਰਾਨੀ ਮੀਡੀਆ ਦੇ ਅਨੁਸਾਰ ਸਾਬਕਾ ਆਈਆਰਜੀਸੀ ਮੁਖੀ ਨੇ ਅਮਰੀਕਾ ਨੂੰ ਹਮਲਾ ਦੁਬਾਰਾ ਸ਼ੁਰੂ ਕਰਨ ਵਿਰੁੱਧ ਚੇਤਾਵਨੀ ਦਿੱਤੀ। ਉਨ੍ਹਾਂ ਕਿਹਾ, ÷ਜੇਕਰ ਉਹ ਦੁਬਾਰਾ ਫੌਜੀ ਕਾਰਵਾਈ ਦਾ ਰਸਤਾ ਚੁਣਦੇ ਹਨ, ਤਾਂ ਉਹ ਇੱਕ ਹਨੇਰੀ ਅਤੇ ਬੇਅੰਤ ਸੁਰੰਗ ਵਿੱਚ ਦਾਖਲ ਹੋ ਜਾਣਗੇ।÷ ਉਨ੍ਹਾਂ ਕਿਹਾ ਕਿ ਜੇਕਰ ਯੁੱਧ ਅਤੇ ਨਾਕਾਬੰਦੀ ਜਾਰੀ ਰਹੀ, ਤਾਂ ਈਰਾਨ ਫਾਰਸ ਦੀ ਖਾੜੀ ਤੋਂ ਪਰੇ ਹਿੰਦ ਮਹਾਸਾਗਰ, ਲਾਲ ਸਾਗਰ, ਬਾਬ ਅਲ-ਮੰਡੇਬ ਜਲਡਮਰੂ ਅਤੇ ਭੂਮੱਧ ਸਾਗਰ ਤੱਕ ਟਕਰਾਅ ਨੂੰ ਵਧਾ ਸਕਦਾ ਹੈ। ਸ਼੍ਰੀ ਰੇਜ਼ਾਈ ਨੇ ਜ਼ੋਰ ਦੇ ਕੇ ਕਿਹਾ ਕਿ ਗੱਲਬਾਤ ਇੱਕ ਡੈੱਡਲਾਕ @ਤੇ ਪਹੁੰਚ ਗਈ ਹੈ ਅਤੇ ਈਰਾਨ ਦੇ ਫ੍ਰੀਜ਼ ਕੀਤੇ ਫੰਡਾਂ ਨੂੰ ਜਾਰੀ ਕਰਨਾ ਵਿਸ਼ਵਾਸ ਬਣਾਉਣ ਲਈ ਇੱਕ ਜ਼ਰੂਰੀ ਪ੍ਰੀਖਿਆ ਹੈ।



# ਵਿੱਥਾਂ ਵਾਲੇ ਜੱਗ ਵਿੱਚ ਹੋਰ ਵਿੱਥਾਂ ਨਾ ਪਾਉਣ: ਪੋਪ ਲਿਓ

## ਸਪੇਨ ਦੇ ਦੌਰੇ ਮੌਕੇ ਸ਼ਾਂਤੀ ਵਾਲਾ ਰਾਹ ਅਪਣਾਉਣ ਦਾ ਸੁਨੇਹਾ ਦਿੱਤਾ

ਮੈਡ੍ਰਿਡ , 7 ਜੂਨ (ਚ.ਨ.ਸ.) : ਪੋਪ ਲਿਓ ਨੇ ਆਲਮੀ ਆਗੂਆਂ ਨੂੰ ਅਪੀਲ ਕੀਤੀ ਕਿ ਉਹ ਫ਼ੋਕੀ ਸ਼ੋਹਰਤ ਹਾਸਲ ਕਰਨ ਲਈ ਲੋਕਾਂ ’ਚ ਵੰਡੀਆਂ ਨਾ ਪਾਉਣ। ਉਨ੍ਹਾਂ ਆਗੂਆਂ ਨੂੰ ਅਮਨ-ਸ਼ਾਂਤੀ ਕਾਇਮ ਕਰਨ ਲਈ ਉੱਠ ਰਹੀਆਂ ਆਵਾਜ਼ਾਂ ਨੂੰ ਸੁਣਨ ਦਾ ਵੀ ਸੱਦਾ ਦਿੱਤਾ। ਪੋਪ ਨੇ ਸਪੇਨ ਦੇ ਆਪਣੇ ਇਕ ਹਫ਼ਤੇ ਦੇ ਦੌਰੇ ਦੀ ਸ਼ੁਰੂਆਤ ਮੌਕੇ ਦਿੱਤੇ ਗਏ ਭਾਸ਼ਣ ਦੌਰਾਨ ਇਹ ਗੱਲਾਂ ਆਖੀਆਂ। ਪੋਪ ਲਿਓ, ਜੋ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਦੀਆਂ ਪਰਵਾਸ ਵਿਰੋਧੀ ਨੀਤੀਆਂ ਅਤੇ ਇਰਾਨ ਜੰਗ ਦੀ ਆਲੋਚਨਾ ਕਰ ਕੇ ਉਨ੍ਹਾਂ ਦੀ ਨਾਰਾਜ਼ਗੀ ਸਹੇੜ ਚੁੱਕੇ ਹਨ, ਆਪਣੇ ਇਸ ਦੌਰੇ ਦੌਰਾਨ ਮੈਡ੍ਰਿਡ ’ਚ ਬੇਘਰੇ ਲੋਕਾਂ ਅਤੇ ਕੈਨਰੀ ਟਾਪੂਆਂ ਵਿੱਚ ਪਰਵਾਸੀਆਂ ਨਾਲ ਮੁਲਾਕਾਤ ਕਰਨਗੇ।



ਉਨ੍ਹਾਂ ਉਮੀਦ ਜਤਾਈ ਕਿ ਇਹ ਦੌਰਾ ਹਰ ਮਨੁੱਖ ਦੇ ਸਨਮਾਨ ਦੇ ਸਬੰਧ ਵਿੱਚ ਦੁਨੀਆ ਲਈ ਮਿਸਾਲ ਕਾਇਮ ਕਰੇਗਾ। ਉਹ ਪਹਿਲੇ ਪੋਪ ਹੋਣਗੇ ਜੋ ਸਪੇਨ ਦੀ ਸੰਸਦ ’ਚ ਆਗੂਆਂ ਨੂੰ ਸੰਬੋਧਨ ਕਰਨਗੇ।ਮੈਡ੍ਰਿਡ ਦੇ ਰੌਇਲ ਪੈਲੇਸ ’ਚ ਕਿੰਗ ਫਿਲਿਪ ਛੇਵੇਂ ਦੀ ਹਾਜ਼ਰੀ ਦੌਰਾਨ ਪੋਪ ਨੇ ਕਿਹਾ, “ਅੱਜ ਧਰੁਵੀਕਰਨ ਦੀ ਅੱਗ ਭੜਕਾ ਕੇ ਪ੍ਰਸਿੱਧੀ ਖੱਟਣ ਦਾ ਲਾਲਚ ਘਟਣ ਦੀ ਬਜਾਏ ਵਧ ਗਿਆ ਹੈ ਅਤੇ ਮਨੁੱਖੀ ਹੱਕਾਂ ਦਾ ਲਗਾਤਾਰ ਘਾਣ ਹੋ ਰਿਹਾ ਹੈ। ਮੈਂ ਸਾਰਿਆਂ ਨੂੰ ਸਮਾਜ ਦੀ ਹਕੀਕਤ ਅਤੇ ਇਤਿਹਾਸ ਦੇ ਵੰਡ ਪਾਉਣ ਵਾਲੇ ਬਿਰਤਾਂਤਾਂ ਨੂੰ ਪਾਸੇ ਰੱਖਣ ਦਾ ਸੱਦਾ ਦਿੰਦਾ ਹਾਂ।” ਤਕਨਾਲੋਜੀ ’ਤੇ ਨਿਸ਼ਾਨਾ ਸੇਧਦਿਆਂ ਪੋਪ ਨੇ ਕਿਹਾ ਕਿ ਉਹ ਅਜਿਹਾ ਮਾਹੌਲ ਸਿਰਜਣ ਲਈ ਅੰਸ਼ਕ ਤੌਰ ’ਤੇ ਜ਼ਿੰਮੇਵਾਰ ਹੈ ਜੋ ਪੱਖਪਾਤ ਨੂੰ ਵਧਾਉਂਦੀ ਹੈ। ਸਪੇਨ ਦੇ ਇਤਿਹਾਸ ਦੀ ਮਿਸਾਲ ਦਿੰਦਿਆਂ ਪੋਪ ਨੇ ਕਿਹਾ ਕਿ ਟੋਲੇਡੋ ਦੇ ਸਕੂਲ ਆਫ਼ ਟਰਾਂਸਲੇਟਰਜ਼ ਵਿਖੇ ਇਸਾਈਆਂ, ਮੁਸਲਮਾਨਾਂ ਅਤੇ ਯਹੂਦੀਆਂ ਨੇ ਮਿਲ ਕੇ ਕੰਮ ਕੀਤਾ ਸੀ। ਉਨ੍ਹਾਂ ਸਪੱਸ਼ਟ ਕੀਤਾ ਕਿ ਟਕਰਾਅ ਦੀ ਬਜਾਏ ਮਿਲਵਰਤਣ ਦਾ ਸੱਭਿਆਚਾਰ ਹੀ ਸਥਿਰਤਾ ਅਤੇ ਖ਼ੁਸ਼ਹਾਲੀ ਨੂੰ ਹੁਲਾਰਾ ਦਿੰਦਾ ਹੈ।

# ਸਾਬਕਾ ਮੁੱਖ ਮੰਤਰੀ ਹਰਚਰਨ ਸਿੰਘ ਬਰਾੜ ਦੇ ਨਾਂ ’ਤੇ ਲਾਹੌਰ ਦੇ ਕਾਲਜ ’ਚ ਕਲਾਸਰੂਮ ਦਾ ਨਾਮਕਰਨ

ਚੰਡੀਗੜ੍ਹ, 7 ਜੂਨ (ਚ.ਨ.ਸ.) : ਲਾਹੌਰ ਦੇ ਵੱਕਾਰੀ ਐਚੀਸਨ ਕਾਲਜ ਵਲੋਂ ਚੜ੍ਹਦੇ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਹਰਚਰਨ ਸਿੰਘ ਬਰਾੜ ਦੀ ਯਾਦ ਵਿਚ ਇਕ ਕਲਾਸਰੂਮ ਦਾ ਨਾਮ ਉਨ੍ਹਾਂ ਦੇ ਨਾਮ ’ਤੇ ਰੱਖਣ ਦਾ ਫੈਸਲਾ ਕੀਤਾ ਗਿਆ ਹੈ। ਇਹ ਸ਼ਾਨਦਾਰ ਪਹਿਲਕਦਮੀ ਉਨ੍ਹਾਂ ਦੇ ਪਰਮ ਮਿੱਤਰ ਅਤੇ ਪਾਕਿਸਤਾਨ ਦੇ ਉੱਘੇ ਉਦਯੋਗਪਤੀ ਸਈਦ ਬਾਬਰ ਅਲੀ ਦੇ 100ਵੇਂ ਜਨਮਦਿਨ ਦੇ ਜਸ਼ਨਾਂ ਦੌਰਾਨ ਕੀਤੀ ਜਾ ਰਹੀ ਹੈ।ਹਰਚਰਨ ਸਿੰਘ ਬਰਾੜ ਦੇ ਪੋਤੇ ਤੇਗਬੀਰ ਸਿੰਘ ਬਰਾੜ ਨੇ ਇਸ ਦੀ ਪੁਸ਼ਟੀ ਕਰਦਿਆਂ ਦਸਿਆ, “ਬਰਾੜ ਅੰਕਲ ਉਨ੍ਹਾਂ ਦੇ ਦਾਦਾ ਜੀ ਦੀ ਯਾਦ ਵਿਚ ਇਹ ਕਲਾਸਰੂਮ ਸਮਰਪਿਤ ਕਰ ਰਹੇ ਹਨ।” ਉਨ੍ਹਾਂ ਕਿਹਾ, “ਮੇਰੇ ਦਾਦਾ ਜੀ ਅਤੇ ਬਰਾੜ ਅੰਕਲ ਬਿਲਕੁਲ ਭਰਾਵਾਂ ਵਰਗੇ ਸਨ।” ਇਸ ਸਾਂਝ ਨੂੰ ਚੇਤੇ ਕਰਦਿਆਂ ਸਈਦ ਬਾਬਰ ਅਲੀ ਨੇ ਇਕ ਇੰਟਰਵਿਊ ਵਿਚ ਭਾਵੁਕ ਹੁੰਦਿਆਂ ਕਿਹਾ, “ਹਰਚਰਨ ਪੜ੍ਹਾਈ ਵਿਚ ਬਹੁਤ ਹੁਸ਼ਿਆਰ ਸੀ... ਉਹ ਗੁਰਦੁਆਰੇ ਜਾਂਦਾ ਸੀ ਤੇ ਮੈਂ ਮਸਜਿਦ, ਪਰ ਸਾਡੇ ਵਿਚਕਾਰ ਇਹ ਵਖਰੇਵੇਂ ਕਦੇ ਵੀ



ਸਾਡੀ ਦੋਸਤੀ ਦੇ ਰਾਹ ਵਿਚ ਨਹੀਂ ਆਏ।” ਇਹ ਇਤਿਹਾਸਕ ਸਮਾਗਮ ਬੁਧਵਾਰ ਸ਼ਾਮ 5 ਵਜੇ ਐਚੀਸਨ ਕਾਲਜ ਵਿਖੇ ਹੋਵੇਗਾ, ਜਿਸ ਵਿਚ ਦੋਹਾਂ ਦੇਸ਼ਾਂ ਦੀਆਂ ਪ੍ਰਮੁੱਖ ਸ਼ਖਸੀਅਤਾਂ ਸ਼ਾਮਲ ਹੋਣਗੀਆਂ।

# ਚਿੱਤਕਾਰਾ ਯੂਨੀਵਰਸਿਟੀ ਨੇ ਰੇਡੀਅਸ ਸਿਸਟਮਜ਼ ਦੇ ਸਹਿਯੋਗ ਨਾਲ ਉੱਤਰੀ ਭਾਰਤ ਦਾ ਪਹਿਲਾ ਐਪਲ-ਸੰਚਾਲਿਤ ਕੈਂਪਸ ਅਨੁਭਵ ਕੇਂਦਰ ਕੀਤਾ ਲਾਂਚ

ਚੰਡੀਗੜ੍ਹ, 7 ਜੂਨ (ਚ.ਨ.ਸ.) : ਤਕਨਾਲੋਜੀ-ਆਧਾਰਿਤ ਸਿੱਖਿਆ ਅਤੇ ਨਵੀਨਤਾ ਨੂੰ ਹੋਰ ਮਜ਼ਬੂਤ ਕਰਨ ਦੇ ਉਦੇਸ਼ ਨਾਲ ਚਿਤਕਾਰਾ ਯੂਨੀਵਰਸਿਟੀ ਨੇ ਆਪਣੇ ਪੰਜਾਬ ਕੈਂਪਸ ਵਿੱਚ ਐਪਲ ਈਕੋਸਿਸਟਮ ਭਾਗੀਦਾਰ ਰੇਡੀਅਸ ਸਿਸਟਮਜ਼ ਦੇ ਸਹਿਯੋਗ ਨਾਲ ਉੱਤਰੀ ਭਾਰਤ ਦਾ ਪਹਿਲਾ ਐਪਲ-ਸਮਰਥਿਤ ਕੈਂਪਸ ਐਕਸਪੀਰੀਅੰਸ ਸੈਂਟਰ ਸਥਾਪਿਤ ਕੀਤਾ ਹੈ। ਇਹ ਪਹਿਲ ਵਿਦਿਆਰਥੀਆਂ ਨੂੰ ਭਵਿੱਖ ਲਈ ਤਿਆਰ ਕਰਨ ਅਤੇ ਨਵੀਨਤਾ-ਕੇਂਦਰਿਤ ਸਿੱਖਿਆ ਨੂੰ ਉਤਸ਼ਾਹਿਤ ਕਰਨ ਵੱਲ ਇੱਕ ਮਹੱਤਵਪੂਰਨ ਕਦਮ ਮੰਨੀ ਜਾ ਰਹੀ ਹੈ। ‘ਰੇਡੀਅਸ ਐਲੀਵੇਟ’ ਨਾਮ ਨਾਲ ਸ਼ੁਰੂ ਕੀਤਾ ਗਿਆ ਇਹ ਸੈਂਟਰ ਵਿਦਿਆਰਥੀਆਂ ਅਤੇ ਅਧਿਆਪਕਾਂ ਲਈ ਇੱਕ ਆਧੁਨਿਕ ਸਿੱਖਣ ਅਤੇ ਨਵੀਨਤਾ ਕੇਂਦਰ ਵਜੋਂ ਤਿਆਰ ਕੀਤਾ ਗਿਆ ਹੈ। ਇੱਥੇ ਮੈਕ ਅਤੇ ਆਈਪੈਡ ਦੇ ਨਵੇਂ ਉਪਕਰਨਾਂ ਦੀ ਸਹੂਲਤ ਉਪਲਬਧ ਕਰਵਾਈ ਗਈ ਹੈ, ਜਿਨ੍ਹਾਂ ਰਾਹੀਂ ਵਿਦਿਆਰਥੀ ਐਪ ਵਿਕਾਸ, ਕੋਡਿੰਗ, ਖੋਜ, ਡਿਜ਼ਾਈਨ ਥਿੰਕਿੰਗ, ਮਲਟੀਮੀਡੀਆ ਸਮੱਗਰੀ ਤਿਆਰ ਕਰਨ ਅਤੇ ਉਦਯਮਤਾ ਨਾਲ ਸੰਬੰਧਿਤ ਪ੍ਰੋਜੈਕਟਾਂ ’ਤੇ ਕੰਮ ਕਰ ਸਕਣਗੇ। ਸੈਂਟਰ ਦੀ ਇੱਕ ਵਿਸ਼ੇਸ਼ਤਾ ਇਸ ਦਾ ਨਿਯਮਿਤ ਸਿਖਲਾਈ ਅਤੇ ਪ੍ਰਸ਼ਿਕਸ਼ਣ ਪ੍ਰੋਗਰਾਮ ਹੈ। ਇਸ ਤਹਿਤ ਹਰ ਹਫ਼ਤੇ ਮੈਕਓਐਸ, ਆਈਪੈਡਓਐਸ , ਸਵਿਫਟ ਪ੍ਰੋਗਰਾਮਿੰਗ, ਐਪਲ ਦੇ ਰਚਨਾਤਮਕ ਅਤੇ ਉਤਪਾਦਕਤਾ ਟੂਲ ?ਸ ਅਤੇ ਸਹਿਯੋਗੀ ਸਿੱਖਣ ਪ੍ਰਣਾਲੀਆਂ ਬਾਰੇ ਵਰਕਸ਼ਾਪਾਂ ਅਤੇ ਸਿਖਲਾਈ ਸੈਸ਼ਨ ਆਯੋਜਿਤ ਕੀਤੇ ਜਾਣਗੇ। ਇਨ੍ਹਾਂ ਦਾ ਮਕਸਦ ਵਿਦਿਆਰਥੀਆਂ ਅਤੇ ਅਧਿਆਪਕਾਂ ਨੂੰ ਤਕਨਾਲੋਜੀ ਦੀ ਪ੍ਰਭਾਵਸ਼ਾਲੀ ਵਰਤੋਂ ਰਾਹੀਂ ਅਕਾਦਮਿਕ ਅਤੇ ਉਦਯੋਗਿਕ ਪ੍ਰੋਜੈਕਟਾਂ ਨਾਲ ਜੋੜਨਾ ਹੈ। ਇਸ ਕੇਂਦਰ ਰਾਹੀਂ ਚਿਤਕਾਰਾ ਯੂਨੀਵਰਸਿਟੀ ਦੇ ਵਿਦਿਆਰਥੀਆਂ ਅਤੇ ਅਧਿਆਪਕਾਂ ਨੂੰ ਮੈਕ ਅਤੇ ਆਈਪੈਡ ਉਤਪਾਦਾਂ ’ਤੇ ਵਿਸ਼ੇਸ਼ ਐਜੂਕੇਸ਼ਨ ਪਰਾਈਸਿੰਗ ਦਾ ਲਾਭ ਵੀ ਪ੍ਰਾਪਤ ਹੋਵੇਗਾ, ਜਿਸ ਨਾਲ ਉੱਚ ਪੱਧਰੀ ਤਕਨਾਲੋਜੀ ਹੋਰ ਸੁਗਮ ਬਣੇਗੀ। ਇਸ ਮੌਕੇ ’ਤੇ ਯੂਨੀਵਰਸਿਟੀ ਦੀ ਪ੍ਰੇਸੀਡੈਂਟ ਅਤੇ ਸਹਿ-ਸੰਸਥਾਪਕ ਡਾ. ਮਧੁ ਚਿਤਕਾਰਾ ਨੇ ਕਿਹਾ ਕਿ ਯੂਨੀਵਰਸਿਟੀ ਦਾ ਵਿਸ਼ਵਾਸ ਹੈ ਕਿ ਤਕਨਾਲੋਜੀ ਨੂੰ ਸਿੱਖਣ ਦੀ ਪ੍ਰਕਿਰਿਆ ਦਾ ਅਟੁੱਟ ਹਿੱਸਾ ਬਣਾਇਆ ਜਾਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਇਹ ਕੇਂਦਰ ਵਿਦਿਆਰਥੀਆਂ ਨੂੰ ਰਚਨਾਤਮਕਤਾ, ਸਹਿਯੋਗ ਅਤੇ ਆਧੁਨਿਕ ਡਿਜ਼ੀਟਲ ਹੁਨਰਾਂ ਨੂੰ ਵਿਕਸਿਤ ਕਰਨ ਲਈ ਵਿਸ਼ਵ ਪੱਧਰੀ ਮੌਕੇ ਪ੍ਰਦਾਨ ਕਰੇਗਾ। ਯੂਨੀਵਰਸਿਟੀ ਅਨੁਸਾਰ ਇਹ ਸੈਂਟਰ ਅਨੁਭਵੀ ਸਿੱਖਿਆ, ਡਿਜ਼ੀਟਲ ਰੂਪਾਂਤਰਨ ਅਤੇ ਅੰਤਰ-ਵਿਸ਼ਾਗਤ ਨਵੀਨਤਾ ਨੂੰ ਮਜ਼ਬੂਤ ਕਰਨ ਵੱਲ ਇੱਕ ਹੋਰ ਅਹਿਮ ਕਦਮ ਹੈ। ਵਿਦਿਆਰਥੀ, ਅਧਿਆਪਕ ਅਤੇ ਅਕਾਦਮਿਕ ਭਾਈਚਾਰੇ ਦੇ ਮੈਂਬਰ ਹੁਣ ਤੋਂ ਇਸ ਕੇਂਦਰ ਦੀਆਂ ਸਹੂਲਤਾਂ, ਵਰਕਸ਼ਾਪਾਂ ਅਤੇ ਵਿਸ਼ੇਸ਼ ਪ੍ਰੋਗਰਾਮਾਂ ਦਾ ਲਾਭ ਲੈ ਸਕਦੇ ਹਨ।



# ਮੀਰਾ ਨੇ ਰਚਿਆ ਇਤਿਹਾਸ: ਮੋਨਿਕਾ ਸੇਲੇਸ ਦਾ ਪੁਰਾਣਾ ਰਿਕਾਰਡ ਤੋੜ ਬਣੀ ਫਰੈਂਚ ਓਪਨ ਦੀ ਨਵੀਂ ‘ਕੁਈਨ’

ਪੈਰਿਸ , 7 ਜੂਨ (ਚ.ਨ.ਸ.) : ਰੂਸ ਦੀ 19 ਸਾਲਾ ਟੈਨਿਸ ਸਨਸਨੀ ਮੀਰਾ ਐਂਡਰੀਵਾ ਨੇ ਸ਼ਨੀਵਾਰ ਨੂੰ ਫ੍ਰੈਂਚ ਓਪਨ 2026 ਦੇ ਮਹਿਲਾ ਸਿੰਗਲਜ਼ ਫਾਈਨਲ ਵਿੱਚ ਇਤਿਹਾਸਕ ਜਿੱਤ ਦਰਜ ਕਰਕੇ ਖੇਡ ਜਗਤ ਨੂੰ ਹੈਰਾਨ ਕਰ ਦਿੱਤਾ ਹੈ। ਰੋਲਾਂ ਗੈਰੋ ਦੀ ਲਾਲ ਬੱਜਰੀ ’ਤੇ ਖੇਡੇ ਗਏ ਇਸ ਰੋਮਾਂਚਕ ਮੁਕਾਬਲੇ ਵਿੱਚ ਅੱਠਵੀਂ ਸੀਡ ਐਂਡਰੀਵਾ ਨੇ ਪੋਲੈਂਡ ਦੀ ਕੁਆਲੀਫਾਇਰ ਮਾਜਾ ਚਵਾਲਿੰਸਕਾ ਨੂੰ ਸਿੱਧੇ ਸੈੱਟਾਂ ਵਿੱਚ 6-3, 6-2 ਨਾਲ ਹਰਾ ਕੇ ਆਪਣਾ ਪਹਿਲਾ ਗ੍ਰੈਂਡ ਸਲੈਮ



ਖਿਤਾਬ ਜਿੱਤ ਲਿਆ। ਇਸ ਜਿੱਤ ਦੇ ਨਾਲ ਹੀ ਐਂਡਰੀਵਾ ਨੇ 1992 ਵਿੱਚ ਮੋਨਿਕਾ ਸੇਲੇਸ ਤੋਂ ਬਾਅਦ ਫ੍ਰੈਂਚ ਓਪਨ ਜਿੱਤਣ ਵਾਲੀ ਸਭ ਤੋਂ ਘੱਟ ਉਮਰ ਦੀ ਮਹਿਲਾ ਖਿਡਾਰਨ ਬਣਨ ਦਾ ਮਾਣ ਹਾਸਲ ਕੀਤਾ ਹੈ। ਪੂਰੇ 34 ਸਾਲਾਂ ਬਾਅਦ ਕਿਸੇ ਕਿਸ਼ੋਰ ਖਿਡਾਰਨ ਨੇ ਪੈਰਿਸ ਵਿੱਚ ਇਹ ਕਾਰਨਾਮਾ ਕਰ ਦਿਖਾਇਆ ਹੈ।ਮੈਚ ਦੀ ਸ਼ੁਰੂਆਤ ਕਾਫੀ ਸੰਘਰਸ਼ਪੂਰਨ ਰਹੀ ਅਤੇ ਇੱਕ ਸਮੇਂ ਮਾਜਾ ਚਵਾਲਿੰਸਕਾ 3-2 ਨਾਲ ਅੱਗੇ ਸੀ। ਪਰ ਇਸ ਤੋਂ ਬਾਅਦ ਕੋਰਟ ’ਤੇ ਸਿਰਫ ਐਂਡਰੀਵਾ ਦਾ ਜਾਦੂ ਚੱਲਿਆ। ਉਸਨੇ ਆਪਣੇ ਹਮਲਾਵਰ ਖੇਡ ਦੇ ਦਮ ’ਤੇ ਲਗਾਤਾਰ 9 ਗੇਮਾਂ ਜਿੱਤ ਕੇ ਮੈਚ ’ਤੇ ਪੂਰੀ ਤਰ੍ਹਾਂ ਕਬਜ਼ਾ ਕਰ ਲਿਆ। ਐਂਡਰੀਵਾ ਨੇ ਮੈਚ ਦੌਰਾਨ 25 ਵਿਨਰਜ਼ ਲਗਾਏ, ਜਦਕਿ ਉਸਦੀ ਵਿਰੋਧੀ ਸਿਰਫ 10 ਵਿਨਰਜ਼ ਹੀ ਲਗਾ ਸਕੀ।

# ਸਤਿਸੰਗ ਭਵਨ ਤ੍ਰਿਪੜੀ ਵਿਖੇ ਬਾਬਾ ਸ਼ੀਤਲ ਸਿੰਘ ਅਤੇ ਸੰਤ ਬਾਬਾ ਸੁਖਦੇਵ ਸਿੰਘ ਦੀ ਮਿੱਠੀ ਯਾਦ ਨੂੰ ਸਮਰਪਿਤ ਗੁਰਮਤਿ ਸਮਾਗਮ

ਪਟਿਆਲਾ, 7 ਜੂਨ (ਅਮਰਜੀਤ ਸਿੰਘ) : ਗੁਰਦੁਆਰਾ ਸਤਿਸੰਗ ਭਵਨ ਨਿਊ ਮੇਹਰ ਸਿੰਘ ਕਲੋਨੀ ਤ੍ਰਿਪੜੀ ਵਿਖੇ ਸੰਤ ਬਾਬਾ ਸ਼ੀਤਲ ਸਿੰਘ ਜੀ ਥੇੜ੍ਹੀ ਸਾਹਿਬ ਵਾਲੇ ਅਤੇ ਸੰਤ ਬਾਬਾ ਸੁਖਦੇਵ ਸਿੰਘ ਜੀ ਅਲੌਹਰਾਂ



ਸਾਹਿਬ ਵਾਲਿਆਂ ਦੀ ਮਿੱਠੀ ਯਾਦ ਨੂੰ ਸਮਰਪਿਤ ਗੁਰਮਤਿ ਸਮਾਗਮ ਕਰਵਾਇਆ ਗਿਆ। ਇਸ ਸਮਾਗਮ ਦੇ ਸਬੰਧ ਵਿਚ 5 ਜੂਨ ਨੂੰ ਸ੍ਰੀ ਅਖੰਡ ਪਾਠ ਸਾਹਿਬ ਦੀ ਆਰੰਭਤਾ ਕੀਤੀ ਗਈ। ਅੱਜ ਉਨ੍ਹਾਂ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ। ਉਪਰੰਤ ਕੀਰਤਨ ਕਥਾ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ ਗਿਆ। ਇਸ ਮੌਕੇ ਗੁਰੂ ਘਰ ਦੇ ਸੇਵਕ ਸ. ਰਘਬੀਰ ਸਿੰਘ ਵੱਲੋਂ ਸੰਤ ਬਾਬਾ ਸ਼ੀਤਲ ਸਿੰਘ ਜੀ ਥੇੜ੍ਹੀ ਸਾਹਿਬ ਵਾਲੇ ਅਤੇ ਸੰਤ ਬਾਬਾ ਸੁਖਦੇਵ ਸਿੰਘ ਜੀ ਅਲੌਹਰਾਂ ਸਾਹਿਬ ਵਾਲਿਆਂ ਦੀ ਜੀਵਨੀ ’ਤੇ ਵਿਚਾਰ ਸਾਂਝੇ ਕੀਤੇ ਗਏ। ਉਨ੍ਹਾਂ ਦੱਸਿਆ ਕਿ ਸੰਤ ਮਹਾਂਪੁਰਸ਼ ਬਾਬਾ ਜੈਮਲ ਸਿੰਘ ਭਿੰਡਰ ਜੀ ਦੀ ਪ੍ਰੇਰਣਾ ਸਦਕਾ ਇਸ ਗੁਰੂ ਘਰ ਵਿਚ ਮਹਾਂਪੁਰਸ਼ ਦੀ ਯਾਦ ਵਿਚ ਪ੍ਰੋਗਰਾਮ ਉਲੀਕੇ ਜਾ ਰਹੇ ਹਨ, ਜੋ ਕਿ ਸੰਗਤਾਂ ਗੁਰੂ ਘਰ ਨਤਮਸਤਕ ਹੋ ਕੇ ਗੁਰਬਾਣੀ ਨਾਲ ਜੁੜਦੀਆਂ ਹਨ ਤੇ ਮਹਾਂਪੁਰਸ਼ਾਂ ਨੂੰ ਯਾਦ ਕਰਦੀਆਂ ਹਨ। ਇਸ ਮੌਕੇ ਗੁਰਦੁਆਰਾ ਸਤਿਸੰਗ ਭਵਨ ਟਰੱਸਟ ਦੇ ਮੈਂਬਰ ਤੋਂ ਇਲਾਕਾ ਸ਼ਹੀਦੇ ਆਜ਼ਮ ਪ੍ਰੈਸ ਪ੍ਰਭਜੀਤ ਸਿੰਘ ਚੌਧਰੀ, ਕਰਮਜੀਤ ਸਿੰਘ, ਸੁਰਿੰਦਰ ਸਿੰਘ ਸ਼ੈਂਟੀ, ਭਾਈ ਮਨਜੀਤ ਸਿੰਘ, ਸੋਹਣ ਸਾਹਿਬ, ਜਗਮੋਹਨ ਸਿੰਘ ਬਿੰਦਰਾ, ਚੱਢਾ ਸਾਹਿਬ, ਕਰਮਜੀਤ ਸਿੰਘ, ਅਵਤਾਰ ਸਿੰਘ ਅਤੇ ਗੁਰੂ ਘਰ ਦੀ ਸੰਗਤ ਹਾਜ਼ਰ ਸੀ। ਇਸ ਮੌਕੇ ਠੰਡੇ-ਮਿੱਠੇ ਜਲ ਦੀ ਛਬੀਲ ਲਗਾਈ ਗਈ ਅਤੇ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ, ਜਿਸ ਵਿਚ ਸੇਵਾਦਾਰਾਂ ਨੇ ਵੱਧ ਚੜ੍ਹ ਕੇ ਸੇਵਾ ਕੀਤੀ।

# ਸੈਂਟਰਲ ਬੈਂਕ ਆਫ਼ ਇੰਡੀਆ ਨੂੰ ਖੇਤੀਬਾੜੀ ਕਰਜ਼ਾ ਪਹੁੰਚ ਪ੍ਰੋਗਰਾਮ ਵਿੱਚ 154 ਕਰੋੜ ਦੇ ਲੀਡ ਮਿਲੇ

ਲੁਧਿਆਣਾ, 7 ਜੂਨ (ਚ.ਨ.ਸ.) : ਜਨਤਕ ਖੇਤਰ ਦੇ ਇੱਕ ਪ੍ਰਮੁੱਖ ਬੈਂਕ, ਸੈਂਟਰਲ ਬੈਂਕ ਆਫ਼ ਇੰਡੀਆ ਨੇ ਆਪਣੀ ਫਿਰੋਜ਼ਪੁਰ ਕੈਂਟ ਸ਼ਾਖਾ ਵਿਖੇ ਇੱਕ ਖੇਤੀਬਾੜੀ ਕਰਜ਼ਾ ਪਹੁੰਚ ਪ੍ਰੋਗਰਾਮ ਦਾ ਆਯੋਜਨ ਕੀਤਾ, ਜਿਸ ਵਿੱਚ




ਸਥਾਨਕ ਚੌਲ ਮਿੱਲ ਕਲੱਸਟਰ ਦੀਆਂ ਕ੍ਰੈਡਿਟ ਜ਼ਰੂਰਤਾਂ ’ਤੇ ਧਿਆਨ ਕੇਂਦਰਿਤ ਕੀਤਾ ਗਿਆ। ਇਸ ਪ੍ਰੋਗਰਾਮ ਦੌਰਾਨ, ਗਾਹਕਾਂ ਨੇ ਬੈਂਕ ਦੁਆਰਾ ਪੇਸ਼ ਕੀਤੀਆਂ ਗਈਆਂ ਵੱਖ-ਵੱਖ ਯੋਜਨਾਵਾਂ ਨੂੰ ਸਮਝਣ ਲਈ ਬੈਂਕ ਅਧਿਕਾਰੀਆਂ ਨਾਲ ਗੱਲਬਾਤ ਕੀਤੀ। ਖੇਤਰੀ ਮੁਖੀ (ਲੁਧਿਆਣਾ) ਮਨੀਸ਼ ਵਰਮਾ, ਐਮਆਰਐਮਸੀ ਫੂਡਜ਼ ਪ੍ਰਾਈਵੇਟ ਲਿਮਟਿਡ ਦੇ ਡਾਇਰੈਕਟਰ ਰਾਜੀਵ ਮੰਗਲ, ਅਤੇ ਮੁੱਖ ਪ੍ਰਬੰਧਕ ਅਜੈ ਯਾਦਵ ਅਤੇ ਕੁਲਦੀਪ ਸਿੰਘ ਦੀ ਮੌਜੂਦਗੀ ਵਿੱਚ ?16 ਕਰੋੜ ਦੇ ਕਰਜ਼ੇ ਮਨਜ਼ੂਰ ਕੀਤੇ ਗਏ, ਅਤੇ 154 ਕਰੋੜ ਦੇ ਨਵੇਂ ਕਾਰੋਬਾਰੀ ਲੀਡ (ਪ੍ਰਸਤਾਵ) ਪ੍ਰਾਪਤ ਹੋਏ। ਸ਼ਾਖਾ ਦੇ ਅਧਿਕਾਰੀਆਂ ਨੇ ਹਾਜ਼ਰੀਨ ਨੂੰ - ਚੌਲ ਮਿੱਲ ਮਾਲਕਾਂ ਸਮੇਤ - ਖੇਤਰ ਦੇ ਖੇਤੀਬਾੜੀ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ ਦੇ ਉਦੇਸ਼ ਨਾਲ ਵਿਸ਼ੇਸ਼ ਖੇਤੀਬਾੜੀ-ਉਦਯੋਗਿਕ ਵਿੱਤ ਵਿਕਲਪਾਂ, ਕਾਰਜਸ਼ੀਲ ਪੂੰਜੀ ਯੋਜਨਾਵਾਂ ਅਤੇ ਵੱਖ-ਵੱਖ ਸਰਕਾਰੀ ਕ੍ਰੈਡਿਟ ਸਹੂਲਤਾਂ ਬਾਰੇ ਵਿਸਤ੍ਰਿਤ ਜਾਣਕਾਰੀ ਪ੍ਰਦਾਨ ਕੀਤੀ।

# ਸੇਵਾ ਭਾਰਤੀ ਦੁਆਰਾ ਸ਼ਿਸ਼ੂ ਪਾਲਣ ਕੇਂਦਰ ਅਤੇ ਦੇਵਰਾਜ ਬਾਲ ਸੰਸਕਾਰ ਕੇਂਦਰ ਦਾ ਸਾਲਾਨਾ ਤਿਉਹਾਰ ਮਨਾਇਆ

ਪਟਿਆਲਾ, 7 ਜੂਨ (ਚ.ਨ.ਸ.) : ਸੇਵਾ ਭਾਰਤੀ ਦੁਆਰਾ ਸੰਚਾਲਿਤ ਸ਼੍ਰੀ ਗੁਰੂ ਗੋਵਿੰਦ ਸਿੰਘ ਸਿਲਾਈ ਕੇਂਦਰ, ਸ਼੍ਰੀ ਗੁਰੂ ਅਰਜੁਨ ਦੇਵ ਸ਼ਿਸ਼ੂ ਪਾਲਣ ਕੇਂਦਰ ਅਤੇ ਦੇਵਰਾਜ ਬਾਲ ਸੰਸਕਾਰ ਕੇਂਦਰ ਦਾ ਸਾਲਾਨਾ ਤਿਉਹਾਰ ਸੇਵਾ ਭਾਰਤੀ ਕੈਂਪਸ ਵਿੱਚ ਬਹੁਤ ਧੂਮਧਾਮ ਨਾਲ ਮਨਾਇਆ ਗਿਆ। ਪ੍ਰੋਗਰਾਮ ਦਾ ਉਦਘਾਟਨ ਸੇਵਾ ਭਾਰਤੀ ਦੇ ਪ੍ਰਧਾਨ ਸ਼੍ਰੀ ਰਾਜੇਂਦਰ ਜੈਨ ਨੇ ਮੁੱਖ ਮਹਿਮਾਨ ਸ਼੍ਰੀਮਾਨ ਗੌਰਵ, ਸ਼੍ਰੀ ਸੌਰਭ, ਸ਼੍ਰੀ ਇਨੋਦ, ਸ਼੍ਰੀ ਰਾਕੇਸ਼ ਸੇਠੀ ਅਤੇ ਸ਼੍ਰੀਮਤੀ ਨੀਨਾ ਸ਼ਰਮਾ ਦੀ ਮੌਜੂਦਗੀ ਵਿੱਚ ਕੀਤਾ। ਛੋਟੇ ਬੱਚਿਆਂ ਦੁਆਰਾ ਸੱਭਿਆਚਾਰਕ ਪ੍ਰੋਗਰਾਮ ਪੇਸ਼ ਕੀਤੇ ਗਏ। ਸਾਰੇ ਬੱਚਿਆਂ ਨੇ ਬਹੁਤ ਉਤਸ਼ਾਹ ਨਾਲ ਆਪਣੇ ਪ੍ਰਦਰਸ਼ਨ ਪੇਸ਼ ਕੀਤੇ। ਸਿਲਾਈ ਕੇਂਦਰ ਦੀ ਦੀਦੀ ਪਿੰਕੀ ਨੇ ਪ੍ਰੋਗਰਾਮ ਦੌਰਾਨ ਆਪਣੇ ਅਨੁਭਵ ਸਾਂਝੇ ਕੀਤੇ। ਛੋਟੀ ਉਮਰ ਵਿੱਚ ਡਿਜੀਟਲ ਮਾਰਕੀਟਿੰਗ ਵਿੱਚ ਮਹੱਤਵਪੂਰਨ ਸਫਲਤਾ ਪ੍ਰਾਪਤ ਕਰਨ ਵਾਲੇ ਸ਼੍ਰੀ ਸੌਰਭ ਅਤੇ ਗੌਰਵ ਨੇ ਬੱਚਿਆਂ ਨੂੰ ਟੀਚੇ ਨਿਰਧਾਰਤ ਕਰਨ ਅਤੇ ਉਨ੍ਹਾਂ ਨੂੰ ਪ੍ਰਾਪਤ ਕਰਨ ਦੇ ਤਰੀਕੇ ਬਾਰੇ ਮਾਰਗਦਰਸ਼ਨ ਕੀਤਾ। ਛੋਟੇ ਬੱਚਿਆਂ ਨੂੰ ਉਤਸ਼ਾਹਿਤ ਕਰਨ ਲਈ, ਉਨ੍ਹਾਂ ਨੇ ਸਟੇਸ਼ਨਰੀ ਤੋਹਫ਼ੇ ਭੇਟ ਕੀਤੇ। ਸ਼੍ਰੀ ਵਿਨੋਦ ਕੁਮਾਰ ਅਤੇ ਸ਼੍ਰੀ ਗੋਪਾਲ ਸੋਨੀ ਨੇ ਰਿਫਰੈਸ਼ਮੈਂਟ ਪ੍ਰਬੰਧਾਂ ਵਿੱਚ ਸਹਾਇਤਾ ਕੀਤੀ। ਪ੍ਰਿੰਸੀਪਲ ਨੇ ਸਾਰਿਆਂ ਦਾ ਮਾਰਗਦਰਸ਼ਨ ਕੀਤਾ, ਬੱਚਿਆਂ ਨੂੰ ਕਹਾਣੀਆਂ ਰਾਹੀਂ ਧੀਰਜ ਪੈਦਾ ਕਰਨ ਲਈ ਉਤਸ਼ਾਹਿਤ ਕੀਤਾ। ਉਸਨੇ ਸਾਨੂੰ ਸਮਝਦਾਰੀ ਨਾਲ ਜਿਉਣ ਅਤੇ ਜ਼ਿੰਦਗੀ ਵਿੱਚ ਤਰੱਕੀ ਕਰਨ ਦਾ ਰਸਤਾ ਦਿਖਾਇਆ, ਅਤੇ ਸਾਨੂੰ ਆਪਣੇ ਆਸ਼ੀਰਵਾਦ ਦਿੱਤੇ। ਪ੍ਰੋਗਰਾਮ ਦੀ ਸਮਾਪਤੀ ਰਾਸ਼ਟਰੀ ਗੀਤ ਨਾਲ ਹੋਈ।



# ਦੂਜੀ ਸੰਸਾਰ ਜੰਗ ’ਚ ਸ਼ਹੀਦ ਹੋਏ ਭਾਰਤੀ ਸਿੱਖ ਫੌਜੀਆਂ ਦੀ ਯਾਦ ਵਿੱਚ ਸ਼ਰਧਾਂਜਲੀ ਸਮਾਗਮ

ਮਿਲਾਨ, 7 ਜੂਨ (ਦਲਜੀਤ ਮੱਕੜ) : ਇਟਲੀ ਦੇ ਵਿੱਚ ਸੂਬਾ ਤੋਸਕਾਨਾ ਦੇ ਜਿਲ੍ਹਾ ਫੋਰੈਂਸੇ ਸ਼ਹਿਰ ਮਰਾਦੀ ਮੋਨਤੇ ਕਾਵਾਲਾਰਾ ਵਿਚ ਬੀਤੀ ਦਿਨੀ ਵਰਲੱਡ ਸਿੱਖ ਸ਼ਹੀਦ ਮਿਲਟਰੀ (ਰਾਜਿ) ਇਟਲੀ ਵਲੋਂ ਕਮੂਨੇ ਦੀ ਮਾਰਾਦੀ ਦੇ ਸਹਿਯੋਗ ਨਾਲ ਦੂਜੀ ਸੰਸਾਰ ਜੰਗ ਚ ਸ਼ਹੀਦ ਹੋਏ ਭਾਰਤੀ ਸਿੱਖ ਫੌਜੀਆਂ ਦੇ ਸ਼ਹੀਦਾਂ ਦਾ 13ਵਾਂ ਸ਼ਹੀਦੀ ਸਮਾਗਮ ਆਯੋਜਿਤ ਕੀਤਾ। ਜਿਥੇ ਕਿ ਉਹਨਾਂ ਯਾਦ ਵਿਚ 2013 ਵਿਚ ਸਿੱਖੀ ਦੀ ਸ਼ਾਨ ਖੰਡਾ ਸਾਹਿਬ ਸਥਾਪਤ ਕੀਤੇ ਗਏ ਸਨ। ਇਟਲੀ ਨੂੰ ਜਰਮਨ ਦੀ ਹਿਟਲਰ ਦੀ ਫੌਜ ਤੋਂ ਆਜਾਦ ਕਰਾਉਣ ਲਈ ਸਿੱਖ ਫੌਜੀਆਂ ਆਪਣੀਆਂ ਜਾਨਾਂ ਵਾਰ ਦਿਤੀਆਂ ਸਨ। ਇਸ ਜਗ੍ਹਾ ਤੇ ਆਪਣੀਆਂ ਜਾਨਾਂ ਵਾਰਨ ਵਾਲੇ ਸਿੱਖ ਫੌਜੀਆਂ ਦੀ ਗਿਣਤੀ ਕਮੂਨੇ ਮਾਰਾਦੀ ਦੇ ਪ੍ਰਸ਼ਾਸ਼ਨ ਦੇ ਦੱਸਣ ਮੁਤਾਬਿਕ ਉਹਨਾਂ ਦੀ ਤਕਰੀਬਨ 142 ਦਸੀ ਜਾਂਦੀ ਹੈ। ਉਹਨਾਂ ਦੀ ਯਾਦ ਚ ਕਰਵਾਏ ਸ਼ਰਧਾਜਲੀ ਸਮਾਗਮ ਵਿੱਚ ਪਹਿਲਾਂ ਸੰਗਤਾਂ ਵਲੋਂ ਸ਼੍ਰੀ ਚੌਪਈ ਸਾਹਿਬ ਦੇ ਜਾਪ ਕੀਤੇ ਫਿਰ ਭਾਈ ਗੁਰਸੇਵਕਜੀਤ ਸਿੰਘ ਨੇ ਅਰਦਾਸ ਕੀਤੀ ਤੇ ਉਪਰੰਤ ਸ਼ਹੀਦ ਸਿੰਘਾਂ ਨੂੰ ਸ਼ਹਿਰ ਦੇ ਮੇਅਰ ਤਮਾਚੋ ਤ੍ਰਿਬਰਤੀ ਤੇ ਕਮੇਟੀ ਦੇ ਪ੍ਰਧਾਨ ਪ੍ਰਿਥੀਪਾਲ ਸਿੰਘ ਨੇ ਸ਼ਰਧਾਂਜਲੀ ਭੇਂਟ ਕੀਤੀ। ਉਹਨਾਂ ਇਸ ਮੌਕੇ ਬੋਲਦਿਆਂ ਕਿਹਾ ਕਿ ਇਟਲੀ ਦੇ ਲੋਕ ਹਮੇਸ਼ਾ ਸਿੱਖ ਸ਼ਹੀਦਾਂ ਦਾ ਸਤਿਕਾਰ ਕਰਦੇ ਰਹਿਣਗੇ, ਜਿਨ੍ਹਾਂ ਨੇ ਆਪਣੀਆਂ ਜਾਨਾਂ ਵਾਰਕੇ ਇਟਲੀ ਨੂੰ ਆਜਾਦੀ ਦਿਵਾਈ ਸੀ ਤੇ ਅੱਜ ਅਸੀਂ ਆਜਾਦੀ ਦਾ ਨਿੱਘ ਮਾਣ ਰਹੇ ਹਾਂ। ਵਰਲਡ ਸਿੱਖ ਸ਼ਹੀਦ ਮਿਲਟਰੀ (ਰਾਜਿ) ਇਟਲੀ ਦੇ ਸੈਕੇਟਰੀ ਨੇ ਆਈ ਸਾਰੀ ਸੰਗਤ ਦਾ ਧੰਨਵਾਦ ਕੀਤਾ ਤੇ ਕਿਹਾ ਕਿ ਅਸੀਂ ਆਸ ਕਰਦੇ ਹਾਂ ਕਿ ਅੱਗੇ ਤੋਂ ਵੀ ਸੰਗਤ ਇਸੇ ਤਰ੍ਹਾਂ ਪਹੁੰਚ ਕੇ ਸ਼ਰਧਾਜਲੀ ਸਮਾਗਮ ਵਿੱਚ ਸਹਿਯੋਗ ਕਰਦੇ ਰਹਿਣਗੇ।ਇਸ ਸਮਾਗਮ ਕਮੇਟੀ ਮੈਂਬਰ ਮੀਤ ਪ੍ਰਧਾਨ ਸੇਵਾ ਸਿੰਘ ਫੌਜੀ, ਮਨਜਿੰਦਰ ਸਿੰਘ ਖਾਲਸਾ, ਜਸਵੀਰ ਸਿੰਘ ਧਨੋਤਾ, ਗੁਰਮੇਲ ਸਿੰਘ ਭੱਟੀ, ਇਕਬਾਲ ਸਿੰਘ ਸੋਡੀ, ਰਾਜ ਕੁਮਾਰ ਕੋਰੇਜੋ, ਸਤਿਂਵੰਦਰ ਸਿੰਘ ਪੱਪੀ ਸੁਜਾਰਾ, ਰਾਜਕੁਮਾਰ ਤੇ ਹੋਰ ਕਈ ਪਤਵੰਤੇ ਸਜੱਣਾ ਨੇ ਹਿੱਸਾ ਲਿਆ ਤੇ ਇਸ ਇਲਾਵਾ ਇਟਾਲੀਅਨ ਲੋਕਾਂ ਨੇ ਵਧ ਚੜ੍ਹ ਕੇ ਹਿਸਾ ਲਿਆ ।ਇਟਾਲੀਅਨ ਆਰਮੀ ਦੀ ਫਰੀਊਲੀ ਬਿ ?ਗੇਡ ਦੇ ਜਰਨਲ ਅਨਤੋਨੀਓ ਬੇਤੈਲੀ, ਫਾਬੀਓ ਗੁਰੀਓਲੀ ਅਚੇਰਾਤਾ ਵੈਲੀ ਦੇ ਪ੍ਰੈਜ਼ੀਡੈਂਟ, ਮਰਾਦੀ ਸ਼ਹਿਰ ਦੇ ਮੇਅਰ ਤੋਮਾਸੋ ਤ੍ਰੀਬਿਰਤੀ, ਮਰਾਦੀ ਸ਼ਹਿਰ ਦੇ ਵਾਈਸ ਮੇਅਰ ਆਂਦਰੇਆ ਬਦੀਆਲੀ ਅਤੇ ਕੌਂਸਲਰ ਫਰਾਂਚੇਸਕਾ ਫਾਰੋਲਫੀ,ਤਰੈਦੋਸੀਓ ਸ਼ਹਿਰ ਦੇ ਮਿਊਂਸਪਲ ਕੌਂਸਲਰ,ਇਟਲੀ ਅਲਪਾਈਨ ਪਹਾੜੀ ਕਲੱਬ ਦੇ ਪ੍ਰਧਾਨ ਜਨਕਾਰਲੋ ਬੂਚੋਲੀ, ਜੰਗਲਾਤ ਵਿਭਾਗ ਦੇ ਡਾਇਰੈਕਟਰ ਅਲੈਸਾਂਦਰੋ ਲੀਵੇਰਾਨੀ, ਵੈਟੀਕਨ ਕੈਥੋਲਿਕ ਚਰਚ ਦੇ ਪਾਦਰੀ ਮੀਰਕੋ ਸੰਤ ਆਂਦਰਿਆ, ਵੈਟੀਕਨ ਕੈਥੋਲਿਕ ਚਰਚ ਦੇ ਸੂਬਾ ਇਮੀਲੀਆ ਰੋਮਾਨੀਆ ਦੇ ਪ੍ਰੈਜ਼ੀਡੈਂਟ ਮਾਰਕੋ ਕੋਲਤੇਲਾਚੀ ਵੀ ਵਿਸ਼ੇਸ਼ ਰੂਪ ਵਿੱਚ ਸ਼ਾਮਿਲ ਹੋਏ।ਗੁਰਦੁਆਰਾ ਸਿੰਘ ਸਭਾ ਨੋਵੋਲਾਰਾ ਤੇ ਗੁਰਦੁਆਰਾ ਕੋਰੇਜੋ ਤੋਂ ਆਏ ਗੁਰੂ ਕੇ ਲੰਗਰ ਵੀ ਅਤੁੱਟ ਵਰਤਾਏ।








# ਪਟਿਆਲਾ-ਆਸ/ਪਾਸ



## ਬ੍ਰਹਮਾਨੰਦ ਗਿਰੀ ਜੀ ਵੱਲੋਂ ਚੇਅਰਮੈਨ ਹਰਚੰਦ ਸਿੰਘ ਬਰਸਟ ਨਾਲ ਮੁਲਾਕਾਤ



ਸਮਾਣਾ, 7 ਜੂਨ (ਵਿਜੇ ਕੁਮਾਰ) : ਪ੍ਰਸਿੱਧ ਧਾਰਮਿਕ ਆਗੂ ਅਤੇ ਸੰਤ ਸਮਾਜ ਦੇ ਸਤਿਕਾਰਯੋਗ ਬ੍ਰਹਮਾਨੰਦ ਗਿਰੀ ਜੀ (ਗੱਗੀ ਪੰਡਿਤ) ਮੁਖੀ ਸ੍ਰੀ ਹਿੰਦੂ ਤਖ਼ਤ ਵੱਲੋਂ ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਅਤੇ ਆਮ ਆਦਮੀ ਪਾਰਟੀ, ਪੰਜਾਬ ਦੇ ਸੂਬਾ ਜਨਰਲ ਸਕੱਤਰ ਸ. ਹਰਚੰਦ ਸਿੰਘ ਬਰਸਟ ਨਾਲ ਵਿਸ਼ੇਸ਼ ਤੌਰ 'ਤੇ ਮੁਲਾਕਾਤ ਕੀਤੀ ਗਈ। ਇਸ ਮੌਕੇ ਸਮਾਜਿਕ, ਧਾਰਮਿਕ ਅਤੇ ਲੋਕ ਭਲਾਈ ਨਾਲ ਜੁੜੇ ਵੱਖ-ਵੱਖ ਅਹਿਮ ਮੁੱਦਿਆਂ 'ਤੇ ਵਿਸਤਾਰਪੂਰਵਕ ਵਿਚਾਰ-ਵਟਾਂਦਰਾ ਹੋਇਆ। ਮੁਲਾਕਾਤ ਦੌਰਾਨ ਬ੍ਰਹਮਾਨੰਦ ਗਿਰੀ ਜੀ ਨੇ ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਲੋਕ ਹਿੱਤ ਵਿੱਚ ਕੀਤੇ ਜਾ ਰਹੇ ਵਿਕਾਸ ਕਾਰਜਾਂ ਦੀ ਭਰਪੂਰ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ ਸਿੱਖਿਆ, ਸਿਹਤ, ਬਿਜਲੀ, ਬੁਨਿਆਦੀ ਢਾਂਚੇ ਅਤੇ ਆਮ ਲੋਕਾਂ ਦੀ ਭਲਾਈ ਲਈ ਸਰਕਾਰ ਵੱਲੋਂ ਚੁੱਕੇ ਜਾ ਰਹੇ ਕਦਮ ਸੂਬੇ ਦੀ ਤਰੱਕੀ ਵਿੱਚ ਅਹਿਮ ਭੂਮਿਕਾ ਨਿਭਾ ਰਹੇ ਹਨ। ਉਨ੍ਹਾਂ ਆਸ ਪ੍ਰਗਟਾਈ ਕਿ ਸਰਕਾਰ ਇਸੇ ਤਰ੍ਹਾਂ ਲੋਕ ਸੇਵਾ ਦੇ ਕਾਰਜਾਂ ਨੂੰ ਅੱਗੇ ਵਧਾਉਂਦੀ ਰਹੇਗੀ। ਸਵਾਮੀ ਜੀ ਨੇ ਸ. ਹਰਚੰਦ ਸਿੰਘ ਬਰਸਟ ਵੱਲੋਂ ਆਪਣੇ ਜਨਤਕ ਜੀਵਨ ਦੌਰਾਨ ਲੋਕਾਂ ਦੀ ਭਲਾਈ ਲਈ ਕੀਤੇ ਜਾ ਰਹੇ ਯਤਨਾਂ ਦੀ ਵੀ ਪ੍ਰਸ਼ੰਸਾ ਕੀਤੀ। ਉਨ੍ਹਾਂ ਕਿਹਾ ਕਿ ਸ. ਬਰਸਟ ਹਮੇਸ਼ਾ ਹੀ ਲੋਕਾਂ ਦੀਆਂ ਸਮੱਸਿਆਵਾਂ ਦੇ ਹੱਲ ਅਤੇ ਸਮਾਜਿਕ ਭਲਾਈ ਦੇ ਕਾਰਜਾਂ ਲਈ ਸਮਰਪਿਤ ਰਹੇ ਹਨ। ਇਸ ਲਈ ਉਹਨਾ ਵੱਲੋਂ ਸ. ਬਰਸਟ ਦਾ ਵਿਸ਼ੇਸ਼ ਧੰਨਵਾਦ ਵੀ ਕੀਤਾ ਗਿਆ। ਇਸ ਮੌਕੇ ਸ. ਹਰਚੰਦ ਸਿੰਘ ਬਰਸਟ ਨੇ ਬ੍ਰਹਮਾਨੰਦ ਗਿਰੀ ਜੀ ਦਾ ਧੰਨਵਾਦ ਕਰਦਿਆਂ ਕਿਹਾ ਕਿ ਸੰਤ ਮਹਾਪੁਰਸ਼ਾਂ ਦਾ ਆਸ਼ੀਰਵਾਦ ਅਤੇ ਮਾਰਗਦਰਸ਼ਨ ਸਮਾਜ ਨੂੰ ਸਹੀ ਦਿਸ਼ਾ ਪ੍ਰਦਾਨ ਕਰਦਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਲੋਕਾਂ ਦੀਆਂ ਉਮੀਦਾਂ 'ਤੇ ਖਰਾ ਉਤਰਣ ਅਤੇ ਸੂਬੇ ਦੇ ਸਰਵਪੱਖੀ ਵਿਕਾਸ ਲਈ ਪੂਰੀ ਵਚਨਬੱਧਤਾ ਨਾਲ ਕੰਮ ਕਰ ਰਹੀ ਹੈ।

## ਨਰਵਾਣਾ ਬ੍ਰਾਂਚ ਭਾਖੜਾ ਨਹਿਰ ਦੀਆਂ ਸਲੈਬਾਂ ਖਿਸਕਣ ਲੱਗੀਆਂ, ਸਰਾਲਾ ਕਲਾਂ ਨੇੜੇ ਵੱਡੇ ਹਾਦਸੇ ਦਾ ਖ਼ਤਰਾ

### ➢ਐਸ.ਡੀ.ਓ. ਨੂੰ ਜਾਂਚ ਲਈ ਭੇਜਿਆ, ਲੋੜੀਂਦੀ ਕਾਰਵਾਈ ਕੀਤੀ ਜਾਵੇਗੀ : ਐਕਸੀਅਨ ਵਿਰਕ

ਘਨੌਰ, 7 ਜੂਨ (ਰਾਜਿੰਦਰ ਸਿੰਘ ਕੰਬੋਜ): ਘਨੌਰ ਹਲਕੇ ਦੇ ਪਿੰਡ ਸਰਾਲਾ ਕਲਾਂ ਨੇੜੇ ਲੰਘਦੀ ਨਰਵਾਣਾ ਬ੍ਰਾਂਚ ਭਾਖੜਾ ਨਹਿਰ ਦੀਆਂ ਸੁਰੱਖਿਆ ਸਲੈਬਾਂ ਕਈ ਥਾਵਾਂ ਤੋਂ ਖਿਸਕਣ ਅਤੇ ਟੁੱਟਣ ਕਾਰਨ ਇਲਾਕਾ ਵਾਸੀਆਂ ਵਿੱਚ ਚਿੰਤਾ ਦਾ ਮਾਹੌਲ ਬਣਿਆ ਹੋਇਆ ਹੈ। ਨਹਿਰ ਦੇ ਕੰਢਿਆਂ 'ਤੇ ਬਣੀਆਂ ਕੰਕਰੀਟ ਸਲੈਬਾਂ ਦੇ ਹੇਠਾਂ ਖਾਲੀ ਥਾਂ ਬਣਨ ਅਤੇ ਸਲੈਬਾਂ ਦੇ ਟੁੱਟਣ ਕਾਰਨ ਭਵਿੱਖ ਵਿੱਚ ਕਿਸੇ ਵੱਡੇ ਨੁਕਸਾਨ ਜਾਂ ਹਾਦਸੇ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ।ਪਿੰਡ ਵਾਸੀਆਂ ਦਾ ਕਹਿਣਾ ਹੈ ਕਿ ਨਹਿਰ ਵਿੱਚ ਇਸ ਸਮੇਂ ਪੂਰੇ ਵੇਗ ਨਾਲ ਪਾਣੀ ਚੱਲ ਰਿਹਾ ਹੈ ਅਤੇ ਕਈ ਥਾਵਾਂ 'ਤੇ ਸਲੈਬਾਂ ਦੇ ਖਿਸਕਣ ਕਾਰਨ ਨਹਿਰ ਦੀ ਮਜ਼ਬੂਤੀ ਪ੍ਰਭਾਵਿਤ ਹੋ ਰਹੀ ਹੈ। ਜੇਕਰ ਸਮੇਂ ਸਿਰ ਮੁਰੰਮਤ ਨਾ ਕੀਤੀ ਗਈ ਤਾਂ ਬਰਸਾਤੀ ਮੌਸਮ ਦੌਰਾਨ ਹਾਲਾਤ ਹੋਰ ਗੰਭੀਰ ਹੋ ਸਕਦੇ ਹਨ।ਇਸ ਸਬੰਧੀ ਜਦੋਂ ਭਾਖੜਾ ਨਹਿਰ ਵਿਭਾਗ ਦੇ ਐਕਸੀਅਨ ਗੁਰਸ਼ਰਨ ਸਿੰਘ ਵਿਰਕ ਨਾਲ ਗੱਲਬਾਤ ਕੀਤੀ ਗਈ ਤਾਂ ਉਨ੍ਹਾਂ ਦੱਸਿਆ ਕਿ ਮਾਮਲਾ ਉਨ੍ਹਾਂ ਦੇ ਧਿਆਨ ਵਿੱਚ ਆਇਆ ਹੈ ਅਤੇ ਸਥਿਤੀ ਦਾ ਜਾਇਜ਼ਾ ਲੈਣ ਲਈ ਸਬੰਧਤ ਐਸ.ਡੀ.ਓ. ਨੂੰ ਮੌਕੇ 'ਤੇ ਭੇਜਿਆ ਗਿਆ ਹੈ। ਉਨ੍ਹਾਂ ਕਿਹਾ ਕਿ ਜਾਂਚ ਰਿਪੋਰਟ ਮਿਲਣ ਤੋਂ ਬਾਅਦ ਜਿੱਥੇ ਵੀ ਲੋੜ ਹੋਵੇਗੀ, ਉੱਥੇ ਤੁਰੰਤ ਮੁਰੰਮਤ ਅਤੇ ਸੁਰੱਖਿਆ ਸਬੰਧੀ ਕਾਰਵਾਈ ਕੀਤੀ ਜਾਵੇਗੀ।ਦੂਜੇ ਪਾਸੇ ਸ਼੍ਰੋਮਣੀ ਅਕਾਲੀ ਦਲ ਦੇ ਸੂਬਾ ਮੀਤ ਪ੍ਰਧਾਨ ਜਸਮੇਰ ਸਿੰਘ ਲਾਛੜੂ ਨੇ ਇਸ



ਮਾਮਲੇ ਨੂੰ ਗੰਭੀਰ ਦੱਸਦਿਆਂ ਪੰਜਾਬ ਸਰਕਾਰ 'ਤੇ ਨਿਸ਼ਾਨਾ ਸਾਧਿਆ। ਉਨ੍ਹਾਂ ਕਿਹਾ ਕਿ ਸਰਕਾਰ ਦਾ ਧਿਆਨ ਲੋਕਾਂ ਦੀਆਂ ਬੁਨਿਆਦੀ ਸਮੱਸਿਆਵਾਂ ਅਤੇ ਜਨਤਕ ਢਾਂਚੇ ਦੀ ਸੰਭਾਲ ਵੱਲ ਨਹੀਂ ਹੈ। ਉਨ੍ਹਾਂ ਦੋਸ਼ ਲਾਇਆ ਕਿ ਸਰਕਾਰ ਹੱਕ ਮੰਗਣ ਵਾਲੇ ਨੌਜਵਾਨਾਂ ਅਤੇ ਮੁਲਾਜ਼ਮਾਂ 'ਤੇ ਲਾਠੀਚਾਰਜ ਕਰਵਾਉਣ ਵਿੱਚ ਜ਼ਿਆਦਾ ਦਿਲਚਸਪੀ ਦਿਖਾ ਰਹੀ ਹੈ, ਜਦਕਿ ਨਹਿਰਾਂ, ਸੜਕਾਂ ਅਤੇ ਹੋਰ ਜਨਤਕ ਸਹੂਲਤਾਂ ਨਾਲ ਜੁੜੇ ਗੰਭੀਰ ਮਸਲੇ ਅਣਗੌਲੇ ਛੱਡੇ ਜਾ ਰਹੇ ਹਨ।ਲਾਛੜੂ ਨੇ ਕਿਹਾ ਕਿ ਜੇਕਰ ਸਰਕਾਰ ਅਤੇ ਸਬੰਧਤ ਵਿਭਾਗਾਂ ਵੱਲੋਂ ਸਮੇਂ ਸਿਰ ਧਿਆਨ ਨਾ ਦਿੱਤਾ ਗਿਆ ਤਾਂ ਨਹਿਰ ਦੀਆਂ ਖਿਸਕ ਰਹੀਆਂ ਸਲੈਬਾਂ ਭਵਿੱਖ ਵਿੱਚ ਵੱਡੇ ਨੁਕਸਾਨ ਦਾ ਕਾਰਨ ਬਣ ਸਕਦੀਆਂ ਹਨ। ਉਨ੍ਹਾਂ ਮੰਗ ਕੀਤੀ ਕਿ ਨਹਿਰ ਦੀ ਤੁਰੰਤ ਤਕਨੀਕੀ ਜਾਂਚ ਕਰਵਾ ਕੇ ਖਰਾਬ ਹੋ ਚੁੱਕੇ ਹਿੱਸਿਆਂ ਦੀ ਮੁਰੰਮਤ ਕਰਵਾਈ ਜਾਵੇ ਤਾਂ ਜੋ ਕਿਸੇ ਵੀ ਅਣਸੁਖਾਵੀਂ ਘਟਨਾ ਤੋਂ ਬਚਿਆ ਜਾ ਸਕੇ।ਇਲਾਕਾ ਵਾਸੀਆਂ ਨੇ ਵੀ ਨਹਿਰ ਵਿਭਾਗ ਤੋਂ ਮੰਗ ਕੀਤੀ ਹੈ ਕਿ ਸਰਾਲਾ ਕਲਾਂ ਨੇੜੇ ਅਤੇ ਹੋਰ ਪ੍ਰਭਾਵਿਤ ਥਾਵਾਂ ਦਾ ਸਰਵੇ ਕਰਵਾ ਕੇ ਜਲਦੀ ਤੋਂ ਜਲਦੀ ਮੁਰੰਮਤ ਕਰਵਾਈ ਜਾਵੇ, ਤਾਂ ਜੋ ਨਹਿਰ ਦੀ ਸੁਰੱਖਿਆ ਅਤੇ ਕਿਸਾਨਾਂ ਦੇ ਹਿੱਤਾਂ ਨੂੰ ਯਕੀਨੀ ਬਣਾਇਆ ਜਾ ਸਕੇ।

## ਵਾਰਡ ਨੰਬਰ 6 ਵਿਖੇ ਐਸ.ਆਈ.ਆਰ. ਵੋਟਰ ਮੈਪਿੰਗ ਸਬੰਧੀ ਕੈਂਪ ਲਗਾਇਆ



ਪਟਿਆਲਾ, 7 ਜੂਨ (ਚ.ਨ.ਸ) : ਸਿਹਤ ਮੰਤਰੀ ਪੰਜਾਬ ਡਾ. ਬਲਬੀਰ ਸਿੰਘ ਦੇ ਦਿਸ਼ਾ-ਨਿਰਦੇਸ਼ ਅਨੁਸਾਰ ਸਪਰਿੰਗ ਡੇਲ ਸਕੂਲ ਆਨੰਦ ਨਗਰ ਤ੍ਰਿਪੜੀ ਵਿਖੇ ਵਾਰਡ ਨੰਬਰ ਛੇ ਦੇ ਕੌਂਸਲਰ ਜਸਬੀਰ ਸਿੰਘ ਗਾਂਧੀ ਦੀ ਟੀਮ ਦੀ ਦੇਖ-ਰੇਖ ਵਿੱਚ ਐਸ.ਆਈ.ਆਰ. ਵੋਟਰ ਮੈਪਿੰਗ ਸਬੰਧੀ ਕੈਂਪ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਲਗਾਇਆ।ਇਸ ਕੈਂਪ ਵਿੱਚ ਬੀਐਲਓ ਤਰਸੇਮ ਚੰਦ, ਗੁਰਜੀਤ ਸਿੰਘ, ਅਮਰਦੇਵ, ਧਰਮਿੰਦਰ ਸਿੰਘ ਅਤੇ ਸੰਦੀਪ ਕੁਮਾਰ ਨੇ ਵੋਟਰ ਮੈਪਿੰਗ ਦਾ ਕੰਮ ਬੜੇ ਮਿਹਨਤ ਨਾਲ ਕੀਤਾ ਤਾਂ ਕਿ ਵੋਟਰਾਂ ਦੀ ਮੈਪਿੰਗ 2003 ਦੇ ਵੋਟਰਾਂ ਕਾਰਡਾਂ ਨਾਲ ਮਿਲਾ ਕੇ ਵੋਟਰਾਂ ਦੀ ਪਛਾਣ ਕੀਤੀ ਜਾ ਸਕੇ। ਇਸ ਕੰਮ ਵਿੱਚ ਵਾਰਡ ਸਹਿਯੋਗੀ ਟੀਮ, ਜਿਸ ਵਿੱਚ ਹਰੀਸ਼ ਕੁਮਾਰ ਸੁਖੇਜਾ ਵਾਰਡ ਇੰਚਾਰਜ, ਗੱਜਣ ਸਿੰਘ ਜ਼ਿਲ੍ਹਾ ਮੀਡੀਆ ਸਕੱਤਰ, ਪ੍ਰਿਤਪਾਲ ਸਿੰਘ ਕਲੇਰ, ਇੰਦਰਪਾਲ ਸਿੰਘ ਕੋਹਲੀ, ਪ੍ਰਿਤਪਾਲ ਸਿੰਘ ਕਲੇਰ, ਬਲਵਿੰਦਰ ਸਿੰਘ ਗੁਰਮ, ਰਜਿੰਦਰ ਸਿੰਘ ਰਾਜ, ਤਮੰਨਾ ਰਾਣੀ ਸੁਖੇਜਾ, ਸੀਖਾ ਸ਼ਰਮਾ, ਰੇਖਾ ਰਾਣੀ, ਕੁਲਦੀਪ ਸਿੰਘ ਅਤੇ ਵਿਕਾਸ ਮਹਿਤਾ ਆਦਿ ਨੇ ਵੋਟਰਾਂ ਨੂੰ ਮੈਪਿੰਗ ਲਈ ਫੋਨ ਕਰਕੇ ਬੁਲਾਇਆ ਅਤੇ ਬੀਐਲਓਜ ਦੀ ਐਸ ਆਈ ਆਰ ਵਿੱਚ ਸਹਾਇਤਾ ਕੀਤੀ।

## ਜ਼ਿਲ੍ਹਾ ਚੋਣ ਅਫ਼ਸਰ ਸਮੇਤ ਸੀਨੀਅਰ ਅਧਿਕਾਰੀਆਂ ਵੱਲੋਂ ਪੋਲਿੰਗ ਬੂਥਾਂ 'ਤੇ ਐਸ.ਆਈ.ਆਰ. ਕੈਂਪਾਂ ਦਾ ਜਾਇਜ਼ਾ

### ਜ਼ਿਲ੍ਹੇ ਦੇ 1786 ਪੋਲਿੰਗ ਸਟੇਸ਼ਨਾਂ 'ਤੇ ਲੱਗੇ ਵਿਸ਼ੇਸ਼ ਇੰਟੈਂਸਿਵ ਰਿਵੀਜ਼ਨ ਕੈਂਪਾਂ ਦੌਰਾਨ ਬੀ.ਐਲ.ਓਜ਼ ਹਾਜ਼ਰ ਰਹੇ

ਪਟਿਆਲਾ, 7 ਜੂਨ (ਰੁਪਾਣਾ/ਵਿਨੋਦ ਸ਼ਰਮਾ) : ਪਟਿਆਲਾ ਦੇ ਜ਼ਿਲ੍ਹਾ ਚੋਣ ਅਫ਼ਸਰ-ਕਮ-ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਅੱਜ ਭਾਰਤ ਚੋਣ ਕਮਿਸ਼ਨ ਦੀਆਂ ਹਦਾਇਤਾਂ ਅਨੁਸਾਰ ਪ੍ਰੀ-ਐਸ.ਆਈ.ਆਰ. ਦੌਰਾਨ ਵੋਟਰਾਂ ਦੀ ਮੈਪਿੰਗ ਅਤੇ ਤਸਦੀਕ ਸਬੰਧੀ ਜ਼ਿਲ੍ਹੇ ਦੇ 1786 ਪੋਲਿੰਗ ਸਟੇਸ਼ਨਾਂ 'ਤੇ ਲਗਾਏ ਗਏ ਵਿਸ਼ੇਸ਼ ਕੈਂਪਾਂ ਦਾ ਜਾਇਜ਼ਾ ਲਿਆ। ਲੋਕ ਸਭਾ ਹਲਕਾ ਪਟਿਆਲਾ ਦੇ ਪੋਲਿੰਗ ਸਟੇਸ਼ਨਾਂ ਵਿਖੇ ਵਿਸ਼ੇਸ਼ ਵੋਟਰ ਜਾਗਰੂਕਤਾ ਅਤੇ ਮੈਪਿੰਗ ਮੁਹਿੰਮ ਤਹਿਤ ਪੰਜ ਪੋਲਿੰਗ ਬੂਥਾਂ ਦਾ ਨਿਰੀਖਣ ਕਰਦਿਆਂ ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਮੁੱਖ ਚੋਣ ਅਫ਼ਸਰ ਪੰਜਾਬ ਸ੍ਰੀਮਤੀ ਅਨਿੰਦਿਤਾ ਮਿਤਰਾ ਦੇ ਨਿਰਦੇਸ਼ਾਂ ਅਨੁਸਾਰ ਅੱਜ ਲਗਾਏ ਗਏ ਵਿਸ਼ੇਸ਼ ਇੰਟੈਂਸਿਵ ਰਿਵੀਜ਼ਨ (ਐਸ.ਆਈ.ਆਰ.) ਕੈਂਪਾਂ ਦੌਰਾਨ ਵੋਟਰ ਮੈਪਿੰਗ ਅਤੇ ਤਸਦੀਕ ਦੀ ਸਹੂਲਤ ਪ੍ਰਦਾਨ ਕੀਤੀ ਗਈ ਹੈ। ਉਨ੍ਹਾਂ ਦੱਸਿਆ ਕਿ ਇਸ ਮੌਕੇ ਸਮੂਹ ਬੂਥ ਲੈਵਲ ਅਫ਼ਸਰ (ਬੀ.ਐਲ.ਓਜ਼) ਆਪਣੇ-ਆਪਣੇ ਪੋਲਿੰਗ ਸਟੇਸ਼ਨਾਂ 'ਤੇ ਸਵੇਰੇ 10 ਵਜੇ ਤੋਂ ਸ਼ਾਮ 4 ਵਜੇ ਤੱਕ ਨਾਗਰਿਕਾਂ ਨੂੰ ਉਨ੍ਹਾਂ ਦੇ ਚੋਣਵੇਂ ਵੇਰਵਿਆਂ ਦੀ ਜਾਂਚ ਕਰਨ ਅਤੇ ਵੋਟਰ ਸੂਚੀ ਨਾਲ ਸਬੰਧਤ ਮੁੱਦਿਆਂ ਦੇ ਨਿਪਟਾਰੇ ਲਈ ਸਹਾਇਤਾ ਪ੍ਰਦਾਨ ਕਰਨ ਵਾਸਤੇ ਮੌਜੂਦ ਰਹੇ। ਡਾ. ਹਿਮਾਂਸ਼ੂ ਅਗਰਵਾਲ ਨੇ ਦੱਸਿਆ ਕਿ ਮੌਜੂਦਾ ਵੋਟਰ ਸੂਚੀ ਵਿੱਚ ਦਰਜ ਵੋਟਰਾਂ ਦਾ ਸਾਲ 2003 ਦੀ ਵੋਟਰ ਸੂਚੀ ਨਾਲ ਮਿਲਾਨ ਕਰਨ ਦੀ ਪ੍ਰਕਿਰਿਆ ਤਹਿਤ ਲਗਭਗ 84 ਫੀਸਦੀ ਵੋਟਰਾਂ ਦੀ ਮੈਪਿੰਗ ਕੀਤੀ ਜਾ ਚੁੱਕੀ ਹੈ। ਬਾਕੀ ਰਹਿੰਦੇ 16 ਫੀਸਦੀ ਵੋਟਰਾਂ ਦੀ ਰਜਿਸਟ੍ਰੇਸ਼ਨ ਅਤੇ ਤਸਦੀਕ



ਸਬੰਧੀ ਮੁੱਖ ਚੋਣ ਅਫ਼ਸਰ ਪੰਜਾਬ ਦੀ ਅਗਵਾਈ ਹੇਠ ਲੋੜੀਂਦੀਆਂ ਕਾਰਵਾਈਆਂ ਨੂੰ ਯਕੀਨੀ ਬਣਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਸਹੀ ਵੋਟਰ ਸੂਚੀਆਂ ਇੱਕ ਮਜ਼ਬੂਤ ਅਤੇ ਜੀਵੰਤ ਲੋਕਤੰਤਰ ਦੀ ਨੀਂਹ ਹਨ ਅਤੇ ਚੋਣ ਪ੍ਰਕਿਰਿਆ ਦੀ ਅਖੰਡਤਾ ਨੂੰ ਬਣਾਈ ਰੱਖਣ ਲਈ ਸਰਗਰਮ ਜਨਤਕ ਭਾਗੀਦਾਰੀ ਬਹੁਤ ਜ਼ਰੂਰੀ ਹੈ। ਡਿਪਟੀ ਕਮਿਸ਼ਨਰ ਨੇ ਨਾਗਰਿਕਾਂ ਨੂੰ ਅਪੀਲ ਕੀਤੀ ਕਿ ਉਹ ਚੋਣ ਅਧਿਕਾਰੀਆਂ ਦਾ ਪੂਰਾ ਸਹਿਯੋਗ ਕਰਨ ਅਤੇ ਇਹ ਯਕੀਨੀ ਬਣਾਉਣ ਵਿੱਚ ਮਦਦ ਕਰਨ ਕਿ ਹਰੇਕ ਯੋਗ ਵੋਟਰ ਦਾ ਨਾਮ ਵੋਟਰ ਸੂਚੀ ਵਿੱਚ ਸਹੀ ਢੰਗ ਨਾਲ ਦਰਜ ਹੋਵੇ। ਉਨ੍ਹਾਂ ਕਿਹਾ ਕਿ ਯੋਗ ਨਾਗਰਿਕਾਂ ਦਾ ਨਾਮ ਵੋਟਰ ਸੂਚੀ ਵਿੱਚ ਦਰਜ ਹੋਣਾ ਲੋਕਤੰਤਰ ਦੀ ਮਜ਼ਬੂਤੀ ਲਈ ਬਹੁਤ ਮਹੱਤਵਪੂਰਨ ਹੈ। ਉਨ੍ਹਾਂ ਲੋਕਾਂ ਨੂੰ ਆਪਣੇ ਵੋਟਰ ਵੇਰਵਿਆਂ ਦੀ ਜਾਂਚ ਕਰਨ ਅਤੇ ਲੋੜ ਪੈਣ 'ਤੇ ਨਿਰਧਾਰਿਤ ਫਾਰਮਾਂ ਰਾਹੀਂ ਸੋਧ, ਨਾਮ ਦਰਜ ਕਰਵਾਉਣ ਜਾਂ ਹੋਰ ਲੋੜੀਂਦੀਆਂ ਤਬਦੀਲੀਆਂ ਕਰਵਾਉਣ ਲਈ ਵੀ ਪ੍ਰੇਰਿਤ ਕੀਤਾ। ਜ਼ਿਲ੍ਹਾ ਚੋਣ ਅਫ਼ਸਰ ਨੇ ਦੱਸਿਆ ਕਿ ਇਸ ਅਭਿਆਸ ਦਾ ਮੁੱਖ ਉਦੇਸ਼ ਮੌਜੂਦਾ ਵੋਟਰਾਂ ਦਾ ਸਾਲ 2003 ਦੀ ਵੋਟਰ ਸੂਚੀ ਨਾਲ ਮਿਲਾਣ ਕਰਨਾ ਹੈ। ਡਾ. ਹਿਮਾਂਸ਼ੂ ਅਗਰਵਾਲ ਨੇ ਕਿਹਾ ਕਿ ਇਨ੍ਹਾਂ ਕੈਂਪਾਂ ਦੌਰਾਨ ਵੋਟਰ ਰਜਿਸਟ੍ਰੇਸ਼ਨ ਅਤੇ ਚੋਣਾਂ 'ਚ ਭਾਗੀਦਾਰੀ ਪ੍ਰਤੀ ਨੌਜਵਾਨਾਂ ਵਿੱਚ ਜਾਗਰੂਕਤਾ ਪੈਦਾ ਕਰਨ 'ਤੇ ਵੀ ਵਿਸ਼ੇਸ਼ ਜ਼ੋਰ ਦਿੱਤਾ ਗਿਆ ਹੈ।ਇਸ ਮੌਕੇ ਚੋਣ ਤਹਿਸੀਲਦਾਰ ਵਿਜੇ ਚੌਧਰੀ ਅਤੇ ਹੋਰ ਅਧਿਕਾਰੀ ਵੀ ਹਾਜ਼ਰ ਸਨ।

## ਸੜਕ ਹਾਦਸੇ 'ਚ ਆਟੋ ਚਾਲਕ ਸਮੇਤ ਸਵਾਰੀਆਂ ਜ਼ਖਮੀ

ਪਟਿਆਲਾ, 7 ਜੂਨ (ਵਿਨੋਦ ਸ਼ਰਮਾ) : ਥਾਣਾ ਅਨਾਜ ਮੰਡੀ ਪੁਲਿਸ ਕੋਲ ਨਿੱਕੂ ਖਾਨ ਪੁੱਤਰ ਨਜ਼ੀਰ ਖਾਨ ਵਾਸੀ ਪਿੰਡ ਚਲੈਲਾ ਨੇ ਕਥਿਤ ਦੋਸ਼ੀ ਗੱਡੀ ਦੇ ਡਰਾਇਵਰ ਗੁਰਪ੍ਰੀਤ ਸਿੰਘ ਵਾਸੀ ਪਿੰਡ ਖਾਨਪੁਰ ਥਾਣਾ ਬੰਗਾ ਨਵਾਂ ਸ਼ਹਿਰ ਵਿਰੁੱਧ ਸ਼ਿਕਾਇਤ ਦਰਜ ਕਰਵਾਈ ਹੈ। ਸ਼ਿਕਾਇਤਕਰਤਾ ਨੇ ਪੁਲਿਸ ਨੂੰ ਦੱਸਿਆ ਕਿ ਉਹ ਆਪਣੇ ਆਟੋ ਰਿਕਸ਼ਾ 'ਤੇ ਪਿੰਡ ਚਲੈਲਾ ਤੋਂ ਪੰਜ ਸਵਾਰੀਆਂ ਲੈ ਕੇ ਪਟਿਆਲਾ ਨੂੰ ਜਾ ਰਿਹਾ ਸੀ, ਜਦੋਂ ਮੁਦਈ ਪਿੰਡ ਹਸਨਪੁਰ ਪਾਸ ਪੁੱਜਾ ਤਾਂ ਕਥਿਤ ਦੋਸ਼ੀ ਡਰਾਇਵਰ ਨੇ ਆਪਣੀ ਗੱਡੀ ਬੜੀ ਤੇਜ਼ੀ ਤੇ ਲਾਪ੍ਰਵਾਹੀ ਦੇ ਨਾਲ ਲਿਆ ਕੇ ਉਸ ਦੇ ਆਟੋ ਵਿੱਚ ਮਾਰੀ ਜੋ ਐਕਸੀਡੈਂਟ ਵਿੱਚ ਉਸ ਸਮੇਤ ਸਵਾਰੀਆਂ ਦੇ ਕਾਫੀ ਸੱਟਾਂ ਲੱਗੀਆਂ ਤੇ ਆਟੋ ਦਾ ਕਾਫੀ ਨੁਕਸਾਨ ਹੋ ਗਿਆ। ਪੁਲਿਸ ਨੇ ਮਾਮਲਾ ਦਰਜ ਕਰ ਲਿਆ ਹੈ।

## ਵੋਟਰ ਸੂਚੀਆਂ ਦੀ ਸ਼ੁੱਧਤਾ ਲਈ ਜ਼ਿਲ੍ਹਾ ਪ੍ਰਸ਼ਾਸਨ ਦਾ ਵਿਸ਼ੇਸ਼ ਅਭਿਆਨ, 400 ਪੋਲਿੰਗ ਬੂਥਾਂ 'ਤੇ ਲਗਾਏ ਮੈਪਿੰਗ ਕੈਂਪ

ਮਲੇਰਕੋਟਲਾ, 7 ਜੂਨ (ਬਲਜੀਤ ਸਿੰਘ ਟਿੱਬਾ) : ਭਾਰਤ ਚੋਣ ਕਮਿਸ਼ਨ ਵੱਲੋਂ ਵੋਟਰ ਸੂਚੀਆਂ ਦੀ ਸਪੈਸ਼ਲ ਇੰਟੈਂਸਿਵ ਰਿਵੀਜ਼ਨ (ਐੱਸ.ਆਈ.ਆਰ.)-2026 ਤਹਿਤ ਚਲਾਈ ਜਾ ਰਹੀ ਮੁਹਿੰਮ ਨੂੰ ਸਫਲਤਾਪੂਰਵਕ ਨੇਪਰੇ ਚਾੜ੍ਹਨ ਲਈ ਜ਼ਿਲ੍ਹਾ ਚੋਣ ਅਫ਼ਸਰ-ਕਮ-ਡਿਪਟੀ ਕਮਿਸ਼ਨਰ ਸ੍ਰੀ ਵਿਰਾਜ ਐਸ. ਤਿੜਕੇ ਦੀ ਅਗਵਾਈ ਹੇਠ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਵਿਸ਼ੇਸ਼ ਉਪਰਾਲੇ ਕੀਤੇ ਜਾ ਰਹੇ ਹਨ। ਇਸੇ ਤਹਿਤ ਅੱਜ ਜ਼ਿਲ੍ਹੇ ਦੇ ਸਮੂਹ 400 ਪੋਲਿੰਗ ਬੂਥਾਂ 'ਤੇ ਵਿਸ਼ੇਸ਼ ਮੈਪਿੰਗ ਕੈਂਪ ਲਗਾਏ ਗਏ, ਜਿੱਥੇ ਵੋਟਰਾਂ ਨੂੰ ਮੈਪਿੰਗ ਪ੍ਰਕਿਰਿਆ ਨਾਲ ਜੋੜਨ ਅਤੇ ਵੋਟਰ ਸੂਚੀਆਂ ਦੀ ਸ਼ੁੱਧਤਾ ਯਕੀਨੀ ਬਣਾਉਣ ਲਈ ਸਹੂਲਤਾਂ ਪ੍ਰਦਾਨ ਕੀਤੀਆਂ ਗਈਆਂ। ਚੋਣ ਤਹਿਸੀਲਦਾਰ ਬ੍ਰਿਜ ਮੋਹਨ ਨੇ ਵੱਖ-ਵੱਖ ਪੋਲਿੰਗ ਬੂਥਾਂ ਦਾ ਦੌਰਾ ਕਰਕੇ ਮੈਪਿੰਗ ਕਾਰਜ ਦੀ ਪ੍ਰਗਤੀ ਦਾ ਜਾਇਜ਼ਾ ਲਿਆ। ਇਸ ਦੌਰਾਨ ਉਨ੍ਹਾਂ ਬੂਥ ਲੈਵਲ ਅਫ਼ਸਰਾਂ (ਬੀ.ਐਲ.ਓਜ਼) ਨੂੰ ਹਦਾਇਤ ਕੀਤੀ ਕਿ ਹਰੇਕ ਯੋਗ ਵੋਟਰ ਤੱਕ ਪਹੁੰਚ ਬਣਾਈ ਜਾਵੇ ਅਤੇ ਮੈਪਿੰਗ ਕਾਰਜ ਨੂੰ ਨਿਰਧਾਰਿਤ ਸਮੇਂ ਅੰਦਰ ਮੁਕੰਮਲ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਸਹੀ ਅਤੇ ਅੱਪਡੇਟ ਵੋਟਰ ਸੂਚੀਆਂ



ਲੋਕਤੰਤਰ ਦੀ ਮਜ਼ਬੂਤੀ ਲਈ ਬੇਹੱਦ ਜ਼ਰੂਰੀ ਹਨ। ਉਨ੍ਹਾਂ ਜਾਣਕਾਰੀ ਦਿੰਦਿਆਂ ਦੱਸਿਆ ਕਿ ਜ਼ਿਲ੍ਹਾ ਮਾਲੇਰਕੋਟਲਾ ਦੇ ਕੁੱਲ 3,25,391 ਰਜਿਸਟਰਡ ਵੋਟਰਾਂ ਵਿੱਚੋਂ 2,91,694 ਵੋਟਰਾਂ ਦੀ ਮੈਪਿੰਗ ਸਫਲਤਾਪੂਰਵਕ ਕੀਤੀ ਜਾ ਚੁੱਕੀ ਹੈ, ਜੋ ਕਿ ਕੁੱਲ ਵੋਟਰਾਂ ਦਾ 90 ਫੀਸਦੀ ਬਣਦਾ ਹੈ। ਉਨ੍ਹਾਂ ਇਸ ਮਹੱਤਵਪੂਰਨ ਕਾਰਜ ਵਿੱਚ ਯੋਗਦਾਨ ਪਾਉਣ ਵਾਲੇ ਬੂਥ ਲੈਵਲ ਅਫ਼ਸਰਾਂ, ਬੂਥ ਲੈਵਲ ਏਜੰਟਾਂ (ਬੀ.ਐਲ.ਏਜ਼) ਅਤੇ ਹੋਰ ਸਬੰਧਤ ਧਿਰਾਂ ਦੀ ਸ਼ਲਾਘਾ ਕੀਤੀ। ਚੋਣ ਤਹਿਸੀਲਦਾਰ ਨੇ ਇਹ ਵੀ ਦੱਸਿਆ ਕਿ ਵੋਟਰਾਂ ਦੀ ਸਹੂਲਤ ਲਈ ਜ਼ਿਲ੍ਹਾ ਚੋਣ ਦਫ਼ਤਰ, ਮਾਲੇਰਕੋਟਲਾ ਵਿਖੇ ਇੱਕ ਵਿਸ਼ੇਸ਼ ਹੈਲਪ ਡੈਸਕ ਸਥਾਪਿਤ ਕੀਤਾ ਗਿਆ ਹੈ। ਇਸ ਹੈਲਪ ਡੈਸਕ ਰਾਹੀਂ ਵੋਟਰ ਸੂਚੀਆਂ ਨਾਲ ਸਬੰਧਤ ਦਾਅਵਿਆਂ, ਇਤਰਾਜ਼ਾਂ, ਨਾਮ ਦਰਜ ਕਰਵਾਉਣ, ਸੋਧ ਅਤੇ ਹੋਰ ਲੋੜੀਂਦੀ ਜਾਣਕਾਰੀ ਬਾਰੇ ਮਾਰਗਦਰਸ਼ਨ ਦਿੱਤਾ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਸੋਧੇ ਹੋਏ ਪ੍ਰੋਗਰਾਮ ਅਨੁਸਾਰ ਵੋਟਰ ਸੂਚੀ ਦੇ ਖਰੜੇ ਦਾ ਪ੍ਰਕਾਸ਼ਨ 03 ਅਗਸਤ 2026 ਨੂੰ ਕੀਤਾ ਜਾਵੇਗਾ। ਇਸ ਤੋਂ ਬਾਅਦ ਦਾਅਵਿਆਂ ਅਤੇ ਇਤਰਾਜ਼ਾਂ ਦੀ ਮਿਆਦ 03 ਅਗਸਤ ਤੋਂ 02 ਸਤੰਬਰ 2026 ਤੱਕ ਰਹੇਗੀ, ਜਦਕਿ ਇਨ੍ਹਾਂ ਦੇ ਨਿਪਟਾਰੇ ਦੀ ਪ੍ਰਕਿਰਿਆ 28 ਸਤੰਬਰ 2026 ਤੱਕ ਜਾਰੀ ਰਹੇਗੀ।

## ਭਗਵੰਤ ਮਾਨ ਸਰਕਾਰ ਦੀ 'ਮੁੱਖ ਮੰਤਰੀ ਸਿਹਤ ਯੋਜਨਾ' ਨੇ ਮਾਸਟਰਸ਼ੈਫ ਇੰਡੀਆ ਦੀ ਪ੍ਰਤੀਯੋਗੀ ਹਰਮਨਪ੍ਰੀਤ ਕੌਰ ਨੂੰ ਸਾਲਾਂ ਪੁਰਾਣੀ ਬਿਮਾਰੀ ਤੇ ਇਲਾਜ ਦੇ ਵਧ ਰਹੇ ਖਰਚਿਆਂ ਤੋਂ ਦਿੱਤੀ ਰਾਹਤ

ਪਟਿਆਲਾ, 7 ਜੂਨ (ਚ.ਨ.ਸ.) : ਭਗਵੰਤ ਮਾਨ ਸਰਕਾਰ ਦੀ 'ਮੁੱਖ ਮੰਤਰੀ ਸਿਹਤ ਯੋਜਨਾ' ਨੇ ਪਟਿਆਲਾ ਦੀ 51 ਸਾਲਾ ਉਦਮੀ ਅਤੇ ਮਾਸਟਰਸ਼ੈਫ ਇੰਡੀਆ ਸੀਜ਼ਨ-6 ਦੇ ਟਾਪ-20 ਪ੍ਰਤੀਯੋਗੀਆਂ ਵਿੱਚ ਆਪਣੀ ਥਾਂ ਬਣਾਉਣ ਵਾਲੀ ਹਰਮਨਪ੍ਰੀਤ ਕੌਰ ਨੂੰ ਵੱਡੀ ਰਾਹਤ ਪ੍ਰਦਾਨ ਕੀਤੀ ਹੈ। ਹਰਮਨਪ੍ਰੀਤ ਪਿਛਲੇ ਕਰੀਬ ਇੱਕ ਦਹਾਕੇ ਤੋਂ ਬ੍ਰੇਨ ਹੈਮਰੇਜ ਨਾਲ ਜੁੜੀਆਂ ਪੇਚੀਦਗੀਆਂ,ਜਿਵੇਂ ਕਰੋਨਿਕ ਬਲੀਡਿੰਗ , ਡਾਇਬਟੀਜ਼ ਅਤੇ ਸੋਰਾਇਸਿਸ ਸਮੇਤ ਕਈ ਗੰਭੀਰ ਸਿਹਤ ਸਮੱਸਿਆਵਾਂ ਨਾਲ ਜੂਝ ਰਹੀ ਸੀ। ਕਰੀਬ ਦੋ ਸਾਲਾਂ ਤੋਂ, ਮਾਂਹਵਾਰੀ ਦੌਰਾਨ ਬਹੁਤ ਜ਼ਿਆਦਾ ਖ਼ੂਨ ਵਹਿਣ ਦੀ ਸਮੱਸਿਆ ਤੋਂ ਪੀੜਤ ਹਰਮਨਪ੍ਰੀਤ ਨੂੰ 30 ਅਪ੍ਰੈਲ 2026 ਨੂੰ ਰਾਜਿੰਦਰਾ ਹਸਪਤਾਲ, ਪਟਿਆਲਾ ਵਿੱਚ ਦਾਖ਼ਲ ਕਰਵਾਇਆ ਗਿਆ ਸੀ। 2 ਮਈ ਨੂੰ ਉਸਦਾ ਸਫ਼ਲ ਲੈਪ੍ਰੋਸਕੋਪਿਕ ਆਪ੍ਰੇਸ਼ਨ ਕੀਤਾ ਗਿਆ। ਹਰਮਨਪ੍ਰੀਤ ਨੇ ਕਿਹਾ ਕਿ ਮੁੱਖ ਮੰਤਰੀ ਸਿਹਤ ਯੋਜਨਾ ਨੇ ਨਾ ਸਿਰਫ਼ ਉਸਦੇ ਇਲਾਜ ਦਾ ਆਰਥਿਕ ਬੋਝ ਘਟਾਇਆ, ਸਗੋਂ ਉਸਨੂੰ ਸਮੇਂ ਸਿਰ ਮਿਆਰੀ ਸਿਹਤ ਸੇਵਾਵਾਂ ਵੀ ਉਪਲੱਬਧ ਕਰਵਾਈਆਂ। ਹਰਮਨਪ੍ਰੀਤ ਦੀਆਂ ਸਿਹਤ ਸੰਬੰਧੀ ਸਮੱਸਿਆਵਾਂ ਸਾਲ 2011 ਵਿੱਚ ਹੋਏ ਬ੍ਰੇਨ ਹੈਮਰੇਜ ਤੋਂ ਬਾਅਦ ਸ਼ੁਰੂ ਹੋਈਆਂ, ਜਿਸ ਕਾਰਨ ਉਸਨੂੰ ਨਿਊਰੋਲੋਜੀਕਲ ਪੇਚੀਦਗੀਆਂ ਦਾ ਸਾਹਮਣਾ ਕਰਨਾ ਪਿਆ। ਲੰਬੇ ਸਮੇਂ ਤੱਕ ਚੱਲੀ ਬੀਮਾਰੀ ਦਾ ਅਸਰ ਪਰਿਵਾਰ ਦੀ ਆਰਥਿਕ ਹਾਲਤ 'ਤੇ ਵੀ ਪਿਆ। ਉਸਦੀ ਦੇਖਭਾਲ ਲਈ ਉਸਦੇ ਪਤੀ ਨੂੰ ਨਿੱਜੀ ਖੇਤਰ ਦੀ ਵਧੀਆ ਨੌਕਰੀ ਛੱਡਣੀ ਪਈ,ਉੱਤੋਂ ਇਲਾਜ ਦਾ ਖ਼ਰਚਾ ਲਗਾਤਾਰ ਵਧਦਾ ਰਿਹਾ। ਕੁੱਝ ਸਾਲਾਂ ਬਾਅਦ, ਸਾਲ 2025 ਵਿੱਚ, ਪੇਰੀਮੇਨੋਪੌਜ਼ ਦੌਰਾਨ ਉਹ ਲੰਬੇ ਸਮੇਂ ਤੱਕ ਲਗਾਤਾਰ ਖੂਨ ਵਹਿਣ ਦੀ ਸਮੱਸਿਆ ਤੋਂ ਪੀੜਤ ਹੋ ਗਈ। ਉਸਦੇ ਗੰਭੀਰ ਮੈਡੀਕਲ ਪਿਛੋਕੜ ਕਾਰਨ ਐਨੇਸਥੀਸੀਆ ਨਾਲ ਜੁੜੇ ਕਿਸੇ ਵੀ ਆਪ੍ਰੇਸ਼ਨ ਵਿੱਚ ਜੋਖ਼ਮ ਬਹੁਤ ਵੱਧ ਸਨ । ਸਾਲ 2020 ਅਤੇ 2024 ਵਿੱਚ



ਮਿਰੇਨਾ ਇਨਸਰਸ਼ਨ ਸਮੇਤ ਕਈ ਇਲਾਜ ਕਰਵਾਉਣ ਦੇ ਬਾਵਜੂਦ ਉਸਦੀ ਸਮੱਸਿਆ ਜਾਰੀ ਰਹੀ ਅਤੇ ਕਰੀਬ ਦੋ ਸਾਲਾਂ ਤੱਕ ਲਗਾਤਾਰ ਉਹ ਕਰੋਨਿਕ ਬਲੀਡਿੰਗ ਦੀ ਸ਼ਿਕਾਰ ਰਹੀ । ਇਸ ਸਬੰਧੀ ਜਾਣਕਾਰੀ ਦਿੰਦਿਆਂ ਸਰਕਾਰੀ ਮੈਡੀਕਲ ਕਾਲਜ ਅਤੇ ਰਾਜਿੰਦਰਾ ਹਸਪਤਾਲ ਦੇ ਪ੍ਰਸੂਤੀ ਅਤੇ ਗਾਇਨੀ ਵਿਭਾਗ ਦੀ ਪ੍ਰੋਫੈਸਰ ਡਾ. ਪ੍ਰੀਤ ਕਮਲ ਸਿਬੀਆ ਨੇ ਕਿਹਾ, ਹਰਮਨਪ੍ਰੀਤ ਜੋ ਮੀਨੋਪੌਜ਼ ਦੇ ਪੜਾਅ ਵੱਲ ਵਧ ਰਹੀ ਸੀ, ਪਿਛਲੇ ਕਰੀਬ ਦਸ ਸਾਲਾਂ ਤੋਂ ਬਹੁਤ ਜ਼ਿਆਦਾ ਮਾਹਵਾਰੀ ਖ਼ੂਨ ਵਹਿਣ ਦੀ ਸਮੱਸਿਆ ਨਾਲ ਪੀੜਤ ਸੀ। ਇਸਦੇ ਨਾਲ ਹੀ ਉਸਨੂੰ ਹਾਈਪਰਟੈਂਨਸ਼ਨ, ਟਾਈਪ-2 ਡਾਇਬਟੀਜ਼, ਹਾਈਪੋਥਾਇਰਾਇਡਿਜ਼ਮ, ਸੋਰਾਇਸਿਸ ਅਤੇ ਨਿਊਰੋਲੋਜੀਕਲ ਪੇਚੀਦਗੀਆਂ ਸਮੇਤ ਕਈ ਹੋਰ ਸਿਹਤ ਸਮੱਸਿਆਵਾਂ ਵੀ ਸਨ। ਡਾ. ਸਿਬੀਆ ਨੇ ਅੱਗੇ ਦੱਸਿਆ,ਉਸਦੇ ਗਰਭਾਸ਼ਯ ਵਿੱਚ ਇੱਕ ਵੱਡਾ ਫਾਈਬਰਾਇਡ ਸੀ ਅਤੇ ਪਹਿਲਾਂ ਵੀ ਲੰਬੇ ਸਮੇਂ ਤੱਕ ਦਵਾਈਆਂ ਰਾਹੀਂ ਇਲਾਜ ਕੀਤਾ ਗਿਆ ਸੀ, ਪਰ ਉਮੀਦ ਅਨੁਸਾਰ ਸਫ਼ਲਤਾ ਨਹੀਂ ਮਿਲੀ। ਬਾਰੀਕੀ ਨਾਲ ਜਾਂਚ ਕਰਨ ਤੋਂ ਬਾਅਦ ਸਾਡੀ ਟੀਮ ਨੇ ਉਸਦਾ ਟੋਟਲ ਲੈਪ੍ਰੋਸਕੋਪਿਕ ਹਿਸਟਰੇਕਟੋਮੀ ਆਪ੍ਰੇਸ਼ਨ ਕੀਤਾ। ਆਪ੍ਰੇਸ਼ਨ ਸਫ਼ਲ ਰਿਹਾ, ਉਸਦੀ ਆਪ੍ਰੇਸ਼ਨ ਤੋਂ ਬਾਅਦ ਦੀ ਸਿਹਤਯਾਬੀ ਸੁਚਾਰੂ ਢੰਗ ਨਾਲ ਹੋਈ ਅਤੇ ਉਸਨੂੰ ਤਸੱਲੀਬਖ਼ਸ਼ ਹਾਲਤ ਵਿੱਚ ਹਸਪਤਾਲ ਤੋਂ ਛੁੱਟੀ ਦੇ ਦਿੱਤੀ ਗਈ। ਕੈਸ਼ਲੈੱਸ ਇਲਾਜ ਅਤੇ ਸਮੇਂ ਸਿਰ ਮਿਲੀ ਸਿਹਤ ਸਹਾਇਤਾ ਲਈ ਧੰਨਵਾਦ ਪ੍ਰਗਟ ਕਰਦਿਆਂ ਹਰਮਨਪ੍ਰੀਤ ਨੇ ਕਿਹਾ ਕਿ ਇਸ ਤਜਰਬੇ ਨੇ ਜਨਤਕ ਸੇਵਾਵਾਂ ਪ੍ਰਤੀ ਉਸਦਾ ਵਿਸ਼ਵਾਸ ਮੁੜ ਸਥਾਪਿਤ ਕੀਤਾ ਹੈ ਅਤੇ ਸਰਕਾਰ ਉੱਤੇ ਉਸਦਾ ਭਰੋਸਾ ਹੋਰ ਮਜ਼ਬੂਤ ਹੋਇਆ ਹੈ। ਉਸਨੇ ਕਿਹਾ,ਮੇਰੇ ਵਰਗੇ ਲਾਭਪਾਤਰੀ ਇਸ ਗੱਲ ਦੀ ਪ੍ਰਤੱਖ ਉਦਾਹਰਣ ਹਨ ਕਿ ਕਿਫ਼ਾਇਤੀ ਅਤੇ ਸੌਖੀ ਪਹੁੰਚ ਵਾਲੀਆਂ ਸਿਹਤ ਸੇਵਾਵਾਂ ਆਮ ਲੋਕਾਂ, ਖ਼ਾਸ ਕਰਕੇ ਲੰਬੇ ਸਮੇਂ ਤੋਂ ਗੰਭੀਰ ਬੀਮਾਰੀਆਂ ਨਾਲ ਜੂਝ ਰਹੇ ਮਰੀਜ਼ਾਂ ਦੀ ਜ਼ਿੰਦਗੀ ਵਿੱਚ ਕਿੰਨਾ ਵੱਡਾ ਬਦਲਾਅ ਲਿਆ ਸਕਦੀਆਂ ਹਨ।

## ਬਾਬਾ ਪ੍ਰੇਮ ਨਾਥ ਮੁੰਦਰਾਂ ਵਾਲਿਆਂ ਦੀ ਯਾਦ 'ਚ ਸਾਲਾਨਾ ਸਮਾਗਮ

ਘਨੌਰ, 7 ਜੂਨ (ਰਾਜਿੰਦਰ ਸਿੰਘ ਕੰਬੋਜ) : ਪਿੰਡ ਘੜਾਮਾਂ ਵਿਖੇ ਬਾਬਾ ਪ੍ਰੇਮ ਨਾਥ ਮੁੰਦਰਾਂ ਵਾਲਿਆਂ ਦੀ ਯਾਦ ਵਿੱਚ ਸਾਲਾਨਾ ਸਮਾਗਮ ਕਰਵਾਇਆ ਗਿਆ। ਇਸ ਮੌਕੇ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ 35 ਪਾਠਾਂ ਦੀ ਲੜੀ ਦੇ ਭੋਗ ਪਾਏ ਗਏ। ਇਸ ਉਪਰੰਤ ਕੀਰਤਨ ਦਰਬਾਰ ਕਰਵਾਇਆ ਗਿਆ ਜਿਸ ਵਿੱਚ ਸਿੱਖ ਪੰਥ ਦੇ ਉੱਘੇ ਰਾਗੀ ਢਾਡੀ ਕਥਾ ਅਤੇ ਕਵੀਸ਼ਰੀਆਂ ਨੇ ਆਪਣੇ ਗੁਰ ਜਸ ਰਾਹੀ ਸਮਾਗਮ ਵਿੱਚ ਪਹੁੰਚੀ ਸੰਗਤਾਂ ਨੂੰ ਗੁਰੂ ਚਰਨਾਂ ਨਾਲ ਜੋੜਿਆ। ਇਸ ਮੌਕੇ ਉਹਨਾਂ ਨੌਜਵਾਨਾਂ ਨੂੰ ਭੈੜੀਆਂ ਕੁਰੀਤੀਆਂ ਤੋਂ ਬਚਣ ਲਈ ਅੰਮ੍ਰਿਤਧਾਰੀ ਹੋਣ ਦੀ ਅਪੀਲ ਕੀਤੀ ਤਾਂ ਜੋ ਭੈੜੀਆਂ ਕੁਰੀਤੀਆਂ ਤੋਂ ਬਚਿਆ ਜਾ ਸਕੇ ਸਮਾਗਮ ਵਿੱਚ ਪਹੁੰਚੇ ਕਥਾ ਕੀਰਤਨੀਆਂ, ਰਾਗੀ, ਢਾਡੀਆਂ ਨੂੰ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਬੰਸ ਸਿੰਘ, ਸਾਬਕਾ ਸਰਪੰਚ ਜਰਨੈਲ ਸਿੰਘ, ਪ੍ਰੀਤਮ ਸਿੰਘ ਅਤੇ ਹੋਰ ਅਹੁਦੇਦਾਰਾਂ ਵੱਲੋਂ ਸਿਰਪਾਓ ਦੇ ਕੇ ਸਨਮਾਨਿਤ ਵੀ ਕੀਤਾ ਗਿਆ। ਇਸ ਮੌਕੇ ਧਰਮ ਸਿੰਘ ਫੌਜੀ, ਜਸਮੇਰ ਸਿੰਘ, ਬਲਵਿੰਦਰ ਸਿੰਘ, ਸੋਨੂ ਵਰਮਾ, ਡਾ ਬਲਿਹਾਰ ਸਿੰਘ, ਟੋਨੀ ਤੋਂ ਇਲਾਵਾ ਇਲਾਕੇ ਦੀ ਹਜ਼ਾਰਾਂ ਦੀ ਤਾਦਾਦ ਵਿੱਚ ਸੰਗਤਾਂ ਨੇ ਹਾਜ਼ਰੀ ਭਰੀ। ਇਸ ਉਪਰੰਤ ਜਲੇਬੀਆਂ ਅਤੇ ਹੋਰ ਵੱਖ -ਵੱਖ ਪਕਵਾਨਾਂ ਦਾ ਲੰਗਰ ਅਤੁੱਟ ਵਰਤਾਇਆ ਗਿਆ।

## ਜਨਹਿਤ ਸੰਮਤੀ ਨੇ ਮੈਡੀਕਲ ਚੈੱਕਅਪ ਕੈਂਪ ਲਗਾਇਆ

ਪਟਿਆਲਾ, 7 ਜੂਨ (ਅਮਰਜੀਤ) : ਸੰਸਥਾ ਜਨਹਿਤ ਸਮਿਤੀ ਪਟਿਆਲਾ ਵੱਲੋਂ ਬਾਰਾਦਰੀ ਗਾਰਡਨ ਵਿਖੇ ਬਹੁਤ ਵੱਡਾ ਮੈਡੀਕਲ ਚੈਕਅਪ ਕੈਂਪ ਲਗਾਇਆ ਗਿਆ। ਇਸ ਮੈਡੀਕਲ ਚੈਕਅਪ ਕੈਂਪ ਦੇ ਵਿੱਚ ਵਿਸ਼ੇਸ਼ ਤੌਰ 'ਤੇ ਸਹਾਰਾ ਮਲਟੀਪੈਸ਼ੈਲਟੀ ਹਸਪਤਾਲ ਪਟਿਆਲਾ ਦੀ ਟੀਮ ਪਹੁੰਚੀ । ਕੈਂਪ ਨੂੰ ਲਗਵਾਉਣ ਦੇ ਵਿੱਚ ਫਿਟਨੈਸ ਕਲੱਬ ਪਟਿਆਲਾ ਦੀ ਟੀਮ ਅਤੇ ਸਿੰਮੀ ਭੰਗੜਾ ਅਕੈਡਮੀ ਵੱਲੋਂ ਵਿਸ਼ੇਸ਼ ਸਹਿਯੋਗ ਦਿੱਤਾ ਗਿਆ। ਇਸ ਕੈਂਪ ਦੇ ਵਿੱਚ ਡਾਕਟਰ ਅਸ਼ੋਕ ਜੋਸ਼ੀ ਦੀ ਟੀਮ ਦੇ ਮਾਹਿਰ ਡਾਕਟਰਾਂ ਵੱਲੋਂ ਲੋਕਾਂ ਦੀ ਸਿਹਤ ਦੀ ਜਾਂਚ ਕੀਤੀ ਗਈ । ਇਸ ਦੇ ਨਾਲ ਹੀ ਖ਼ੂਨ ਦੇ ਟੈਸਟ, ਸ਼ੂਗਰ ਬਲੱਡ ਟੈਸਟ, ਬਲੱਡ ਪ੍ਰੈਸ਼ਰ ਅਤੇ ਰਜਿੰਦਰਾ ਹਸਪਤਾਲ ਦੀ ਟੀਮ ਵੱਲੋਂ ਅੱਖਾਂ ਦੀ ਮੁਫਤ ਜਾਂਚ ਵੀ ਕੀਤੀ



ਗਈ। ਇਸ ਮੌਕੇ ਵਿਸ਼ੇਸ਼ ਤੌਰ 'ਤੇ ਡਾਕਟਰ ਅਸ਼ੋਕ ਜੋਸ਼ੀ ਨੇ ਦੱਸਿਆ ਕਿ ਸਾਨੂੰ ਆਪਣੀ ਨਿਯਮਤ ਜਾਂਚ ਕਰਵਾਉਣੀ ਚਾਹੀਦੀ ਹੈ, ਤਾਂ ਜੋ ਸਰੀਰ ਦੇ ਵਿੱਚ ਹੋ ਰਹੀਆਂ ਅਲਾਮਤਾਂ ਬਾਰੇ ਪਤਾ ਲੱਗ ਸਕੇ। ਇਸ ਮੌਕੇ ਡਾ. ਪੁਰਸ਼ੋਤਮ ਸਿੰਗਲਾ ਨੇ ਕਿਹਾ ਕਿ ਅੱਜ ਲੋਕਾਂ ਨੂੰ ਸਿਹਤ ਸੰਭਾਲ ਬਾਰੇ ਜਾਗਰੂਕ ਕਰਨ ਦੀ ਲੋੜ ਹੈ, ਤਾਂ ਜੋ ਅਸੀਂ ਬਿਮਾਰੀਆਂ ਤੋਂ ਬਚ ਸਕੀਏ ਉਹਨਾਂ ਵੱਲੋਂ ਸਿਹਤ ਨੂੰ ਤੰਦਰੁਸਤ ਰੱਖਣ ਲਈ ਨਿਯਮਤ ਰੂਪ ਦੇ ਵਿੱਚ ਸੈਰ, ਚੰਗਾ ਖਾਣ ਪੀਣ ਅਤੇ ਬੰਦ ਪੈਕਟ ਖਾਣਾ ਖਾਣ ਤੋਂ ਗੁਰੇਜ ਕਰਨ ਲਈ ਦੱਸਿਆ ਗਿਆ। ਇਸ ਮੌਕੇ ਸੰਸਥਾ ਦੇ ਜੁਆਇੰਟ ਸਕੱਤਰ ਜਗਤਾਰ ਸਿੰਘ ਜੱਗੀ ਵੱਲੋਂ ਸੰਸਥਾ ਦੇ ਕੰਮਾਂ ਬਾਰੇ ਦੱਸਦਿਆਂ ਕਿਹਾ ਗਿਆ ਕਿ ਸੰਸਥਾ ਹਰੇਕ ਫੀਲਡ ਦੇ ਵਿੱਚ ਸੇਵਾ ਲਈ ਤਤਪਰ ਹੈ।ਉਹਨਾਂ ਲੋਕਾਂ ਨੂੰ ਅਪੀਲ ਕੀਤੀ ਕਿ ਆਓ ਤੁਸੀਂ ਸੰਸਥਾ ਦੇ ਮੈਂਬਰ ਬਣੋ ਅਤੇ ਆਪਾਂ ਰਲ ਮਿਲ ਕੇ ਲੋਕਾਂ ਦੀ ਸੇਵਾ ਕਰੀਏ। ਇਸ ਮੌਕੇ ਚਮਨ ਲਾਲ ਗਰਗ ਵੱਲੋਂ ਦੱਸਿਆ ਗਿਆ ਕਿ ਅਸੀਂ ਹਰੇਕ ਮਹੀਨੇ ਚਾਰ ਵਾਰ ਮੈਡੀਕਲ ਚੈਕ ਅਪ ਕੈਂਪ ਲਵਾਉਂਦੇ ਹਾਂ । ਇਸ ਮੌਕੇ ਸੰਸਥਾ ਦੇ ਫਾਊਂਡਰ ਪਰਿਵਾਰ ਵਿੱਚੋਂ ਅਨਿਲ ਭਾਰਤੀ ਨੇ ਕਿਹਾ ਕਿ ਸਾਨੂੰ ਸਾਰਿਆਂ ਨੂੰ ਸੇਵਾ ਕਰਨੀ ਚਾਹੀਦੀ ਹੈ ਅਤੇ ਸੰਸਥਾ ਜਨ ਹਿਤਸਮਿਤੀ ਦੇ ਮੈਂਬਰ ਬਣਨਾ ਚਾਹੀਦਾ ਹੈ,ਤਾਂ ਜੋ ਸਮਾਜ ਦੇ ਵਿੱਚ ਲੋਕਾਂ ਦੀ ਮਦਦ ਕੀਤੀ ਜਾ ਸਕੇ। ਇਸ ਮੌਕੇ ਪਹੁੰਚੀਆਂ ਵਿੱਚ ਡਾਕਟਰ ਰਕੇਸ਼ ਚਿਲਾਨਾ,ਹੈਪੀ ਵਰਮਾ, ਜਗਜੀਤ ਸਿੰਘ, ਰਣਜੀਤ ਸਿੰਘ, ਸਿਮੀ ਭਾਟੀਆ, ਡਾਕਟਰ ਸਨਮੀਤ ,ਡਾ. ਰਣਜੀਤ , ਫਿਟਨੈਸ ਕਲੱਬ ਤੋਂ ਹੈਪੀ ਵਰਮਾ, ਤਰਨਜੋਤ ਸਿੰਘ, ਸਤੀਸ਼ ਜੋਸ਼ੀ, ਗਗਨਦੀਪ ਸਿੰਘ ,ਜੀ ਐਸ ਗਰੇਵਾਲ, ਜੀਐਸ ਉਬਰਾਏ,ਵਿਸ਼ੇਸ਼ ਤੌਰ 'ਤੇ ਸ਼ਾਮਿਲ ਹੋਏ।

## ਰਿੰਕੂ ਸ਼ਰਮਾ ਨੂੰ ਸਦਮਾ, ਪਿਤਾ ਦਾ ਦੇਹਾਂਤ

ਘਨੌਰ, 7 ਜੂਨ (ਰਾਜਿੰਦਰ ਸਿੰਘ ਕੰਬੋਜ): ਪਿੰਡ ਸੋਗਲਪੁਰ ਦੇ ਵਸਨੀਕ ਅਤੇ ਘਨੌਰ ਦੇ ਪ੍ਰਸਿੱਧ ਕਾਰੋਬਾਰੀ ਰਿੰਕੂ ਸ਼ਰਮਾ (ਕਰਿਆਨਾ ਸਟੋਰ) ਨੂੰ ਉਸ ਸਮੇਂ ਡੂੰਘਾ ਸਦਮਾ ਪਹੁੰਚਿਆ ਜਦੋਂ ਉਨ੍ਹਾਂ ਦੇ ਪਿਤਾ ਸ਼ਿਆਮ ਲਾਲ (68) ਦਾ ਦਿਲ ਦਾ ਦੌਰਾ ਪੈਣ ਕਾਰਨ ਅਚਾਨਕ ਦੇਹਾਂਤ ਹੋ ਗਿਆ। ਉਨ੍ਹਾਂ ਦੇ ਅਕਾਲ ਚਲਾਣੇ ਨਾਲ ਪਰਿਵਾਰ ਹੀ ਨਹੀਂ ਸਗੋਂ ਪਿੰਡ ਸੋਗਲਪੁਰ ਵਿੱਚ ਸੋਗ ਦੀ ਲਹਿਰ ਦੌੜ ਗਈ।ਉਨ੍ਹਾਂ ਦੇ ਦੇਹਾਂਤ ਦੀ ਖ਼ਬਰ ਮਿਲਦੇ ਹੀ ਵੱਡੀ ਗਿਣਤੀ ਵਿੱਚ ਰਿਸ਼ਤੇਦਾਰਾਂ, ਦੋਸਤਾਂ, ਸਮਾਜਿਕ, ਧਾਰਮਿਕ ਅਤੇ ਰਾਜਨੀਤਿਕ ਆਗੂਆਂ ਨੇ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ ਅਤੇ ਵਿਛੜੀ ਰੂਹ ਦੀ ਸ਼ਾਂਤੀ ਲਈ ਅਰਦਾਸ ਕੀਤੀ। ਇਸ ਦੁੱਖ ਦੀ ਘੜੀ ਵਿੱਚ ਠੇਕੇਦਾਰ ਜਸਬੀਰ ਕੁਮਾਰ ਸੋਗਲਪੁਰ, ਯਾਦਵਿੰਦਰ ਸ਼ਰਮਾ, ਕਿਸਾਨ ਆਗੂ ਪਵਨ ਕੁਮਾਰ ਸੋਗਲਪੁਰ, ਲਵਲੀ ਕਰਿਆਨਾ ਸਟੋਰ ਦੇ ਵਿਸ਼ਾਲ ਗੋਇਲ, ਰਾਜੀਵ ਕੁਮਾਰ ਸਿਰਕੱਪੜਾ, ਮੀਡੀਆ ਵੈਲਫੇਅਰ ਪ੍ਰੈੱਸ ਕਲੱਬ ਕਲੱਬ ਦੇ ਪ੍ਰਧਾਨ ਰਾਜਿੰਦਰ ਸਿੰਘ ਮੋਹੀ ਅਤੇ ਪ੍ਰੈੱਸ ਕਲੱਬ ਘਨੌਰ ਦੇ ਪ੍ਰਧਾਨ ਸਰਦਾਰਾ ਸਿੰਘ ਲਾਛੜੂ, ਸਾਬਕਾ ਪ੍ਰਧਾਨ ਭਾਗ ਸਿੰਘ ਅੰਟਾਲ, ਪੱਤਰਕਾਰ ਅਭਿਸ਼ੇਕ ਸੂਦ, ਮੀਤ ਪ੍ਰਧਾਨ ਓਮਕਾਰ ਸ਼ਰਮਾ , ਕਰਮਵੀਰ ਸਿੰਘ ਮਰਦਾਂਪੁਰ ਸਮੇਤ ਇਲਾਕੇ ਦੀਆਂ ਅਨੇਕਾਂ ਉੱਘੀਆਂ ਸ਼ਖ਼ਸੀਅਤਾਂ ਨੇ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ।ਉਨ੍ਹਾਂ ਪਰਮਾਤਮਾ ਅੱਗੇ ਅਰਦਾਸ ਕੀਤੀ ਕਿ ਵਿਛੜੀ ਰੂਹ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਬਖ਼ਸ਼ੇ ਅਤੇ ਪਰਿਵਾਰ ਨੂੰ ਇਹ ਅਸਹਿ ਦੁੱਖ ਸਹਿਣ ਦਾ ਬਲ ਪ੍ਰਦਾਨ ਕਰੇ।



## ਮਹਿੰਦਰ ਕੌਰ ਨਮਿੱਤ ਅੰਤਿਮ ਅਰਦਾਸ ਮੌਕੇ ਸ਼ਰਧਾ ਦੇ ਫੁੱਲ ਭੇਟ

### ਕਹੂਟਾ ਪੋਠੋਹਾਰ ਬਿਰਾਦਰੀ ਵੱਲੋਂ ਪਰਿਵਾਰ ਨੂੰ ਦਸਤਾਰ ਭੇਟ



ਪਟਿਆਲਾ, 7 ਜੂਨ (ਅਮਰਜੀਤ ਸਿੰਘ) : ਕਹੂਟਾ ਪੋਠੋਹਾਰ ਬਿਰਾਦਰੀ ਪਟਿਆਲਾ ਦੇ ਸਰਗਰਮ ਮੈਂਬਰ ਪਰਮਜੀਤ ਸਿੰਘ ਦੀ ਪਤਨੀ ਸਰਦਾਰਨੀ ਮਹਿੰਦਰ ਕੌਰ, ਜੋ ਕਿ ਬੀਤੇ ਦਿਨੀਂ ਅਕਾਲ ਚਲਾਣਾ ਕਰ ਗਏ ਸਨ। ਉਨ੍ਹਾਂ ਦੀ ਨਮਿੱਤ ਅੰਤਿਮ ਅਰਦਾਸ ਗੁਰਦੁਆਰਾ ਸਤਿਸੰਗ ਭਵਨ ਨਿਊ ਮੇਹਰ ਸਿੰਘ ਕਲੋਨੀ ਵਿਖੇ ਹੋਈ। ਇਸ ਮੌਕੇ ਰਾਗੀ ਸਿੰਘਾਂ ਵੱਲੋਂ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ ਗਿਆ। ਉਚੇਚੇ ਤੌਰ 'ਤੇ ਆਈਆਂ ਹੋਈਆਂ ਸੰਗਤਾਂ ਨਾਲ ਕਹੂਟਾ ਪੋਠੋਹਾਰ ਪਟਿਆਲਾ ਦੇ ਪ੍ਰਧਾਨ ਜਸਬੀਰ ਸਿੰਘ ਸੇਠੀ ਅਤੇ ਸਮੂਹ ਅਹੁਦੇਦਾਰਾਂ ਵੱਲੋਂ ਅੰਤਿਮ ਅਰਦਾਸ ਮੌਕੇ ਪਗੜੀ ਭੇਟ ਕੀਤੀ ਗਈ। ਇਸ ਮੌਕੇ ਚੜ੍ਹਦੀਕਲਾ ਗਰੁੱਪ ਵੱਲੋਂ ਪਹੁੰਚੇ ਸ.ਹਰਪ੍ਰੀਤ ਸਿੰਘ ਦਰਦੀ ਸਮੂਹ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ। ਇਸ ਮੌਕੇ ਰਾਜਨੀਤਕ ਅਤੇ ਧਾਰਮਿਕ ਤੇ ਪਟਿਆਲਾ ਸ਼ਹਿਰ ਦੀਆਂ ਸਮਾਜ ਸੇਵੀ ਸੰਸਥਾਵਾਂ ਨੇ ਸ਼ਰਧਾ ਦੇ ਫੁੱਲ ਭੇਟ ਕੀਤੇ। ਦੱਸ ਦੇਈਏ ਪਰਮਜੀਤ ਸਿੰਘ ਬਤੌਰ ਪਾਵਰਕਾਮ ਵਿੱਚ ਚੰਗੀਆਂ ਸੇਵਾਵਾਂ ਨਿਭਾਅ ਕੇ ਰਿਟਾਇਰ ਹੋ ਚੁੱਕੇ ਹਨ। ਉਨ੍ਹਾਂ ਦੀ ਧਰਮ ਪਤਨੀ ਜੋ ਕਿ ਐਨਆਈਐਸ ਵਿਖੇ ਸੇਵਾ ਨਿਭਾਅ ਰਹੇ ਸਨ। ਇਸ ਦੇ ਚਲਦਿਆਂ ਪੂਰਾ ਪਰਿਵਾਰ ਸਮਾਜਿਕ ਤੇ ਧਾਰਮਿਕ ਖੇਤਰ ਵਿਚ ਚੰਗਾ ਕਾਰਜ ਕਰ ਰਿਹਾ ਹੈ।

## ਇਮਾਮਬਾੜਾ ਸ਼ੇਖ ਬੂਟਾ ਵਿਖੇ ਈਦ-ਏ-ਗਦੀਰ ਦਾ ਸਮਾਗਮ ਕਰਵਾਇਆ

ਮਲੇਰਕੋਟਲਾ, 7 ਜੂਨ (ਅਸ਼ਰਫ ਅਨਸਾਰੀ) : ਇਮਾਮਬਾੜਾ ਸ਼ੇਖ ਬੂਟਾ ਮਲੇਰਕੋਟਲਾ ਵਿਖੇ ਈਦ-ਏ-ਗਦੀਰ ਦੇ ਮੌਕੇ 'ਤੇ ਇੱਕ ਵਿਸ਼ੇਸ਼ ਧਾਰਮਿਕ ਸਮਾਗਮ ਕਰਵਾਇਆ ਗਿਆ, ਜਿਸ ਵਿੱਚ ਸ਼ੀਆ ਅਹਲ-ਏ-ਬੈਤ ਦੇ ਵੱਡੀ ਗਿਣਤੀ ਵਿੱਚ ਸ਼ਰਧਾਲੂਆਂ ਨੇ ਸ਼ਮੂਲੀਅਤ ਕੀਤੀ। ਇਸ ਮੌਕੇ ਮੌਲਾਨਾ ਸਈਦ ਆਜ਼ਮ ਅਲੀ ਰਿਜ਼ਵੀ ਨੇ ਈਦ-ਏ-ਗਦੀਰ ਦੀ ਅਹਿਮੀਅਤ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ। ਉਨ੍ਹਾਂ ਦੱਸਿਆ ਕਿ ਹਜ਼ਰਤ ਮੁਹੰਮਦ ਮੁਸਤਫਾ (ਸ.ਅ.ਵ.) ਨੇ ਆਪਣੇ ਆਖਰੀ ਹੱਜ ਤੋਂ ਵਾਪਸੀ ਦੌਰਾਨ ਗਦੀਰ-ਏ-ਖੁਮ ਦੇ ਮੈਦਾਨ ਵਿੱਚ ਹਜ਼ਰਤ ਅਲੀ (ਅ.ਸ.) ਦੀ ਵਿਲਾਇਤ ਦਾ ਐਲਾਨ ਕੀਤਾ ਸੀ। ਉਨ੍ਹਾਂ ਕਿਹਾ



ਕਿ ਨਬੀ-ਏ-ਕਰੀਮ (ਸ.ਅ.ਵ.) ਨੇ ਫਰਮਾਇਆ ਸੀ, 'ਜਿਸ ਦਾ ਮੈਂ ਮੌਲਾ ਹਾਂ, ਉਸ ਦਾ ਅਲੀ ਵੀ ਮੌਲਾ ਹੈ। ਸਮਾਗਮ ਦੌਰਾਨ ਇਮਾਮਬਾੜੇ ਦੇ ਮੁਤਵੱਲੀ ਅਜ਼ਾਦਾਰ ਹੁਸੈਨ ਅਤੇ ਪੰਜਾਬ ਵਕਫ਼ ਬੋਰਡ ਦੇ ਸਾਬਕਾ ਮੈਂਬਰ ਅਜ਼ਾਦਾਰ ਹੁਸੈਨ ਨੇ ਹਾਜ਼ਰੀਨਾਂ ਨੂੰ ਈਦ-ਏ-ਗਦੀਰ ਦੀਆਂ ਮੁਬਾਰਕਾਂ ਦਿੱਤੀਆਂ ਅਤੇ ਇਸ ਦਿਨ ਦੀ ਮਹੱਤਤਾ ਉੱਤੇ ਚਾਨਣਾ ਪਾਇਆ। ਸਾਬਕਾ ਪ੍ਰਧਾਨ ਇਮਾਮਬਾੜਾ ਸ਼ੇਖ ਬੂਟਾ ਅਤੇ ਸਮਾਨਾ ਦਰਗਾਹ ਦੇ ਸਾਬਕਾ ਜਨਰਲ ਸਕੱਤਰ ਸ਼ੇਖ ਕਰਾਰ ਹੁਸੈਨ ਨੇ ਆਪਣੇ ਸੰਬੋਧਨ ਵਿੱਚ ਹਜ਼ਰਤ ਅਲੀ (ਅ.ਸ.) ਦੀ ਸਾਦਗੀ, ਇਨਸਾਫ਼ ਅਤੇ ਉੱਚੇ ਚਰਿੱਤਰ ਬਾਰੇ ਵਿਚਾਰ ਸਾਂਝੇ ਕੀਤੇ। ਉਨ੍ਹਾਂ ਕਿਹਾ ਕਿ ਸਾਨੂੰ ਹਜ਼ਰਤ ਅਲੀ (ਅ.ਸ.) ਦੀ ਜ਼ਿੰਦਗੀ ਤੋਂ ਸਿੱਖ ਲੈ ਕੇ ਆਪਣੇ ਜੀਵਨ ਨੂੰ ਉਨ੍ਹਾਂ ਦੇ ਆਦਰਸ਼ਾਂ ਅਨੁਸਾਰ ਢਾਲਣਾ ਚਾਹੀਦਾ ਹੈ। ਉਨ੍ਹਾਂ ਇਹ ਵੀ ਕਿਹਾ ਕਿ ਜੇਕਰ ਉਮਤ-ਏ-ਮੁਸਲਿਮਾ ਈਦ-ਏ-ਗਦੀਰ ਦੇ ਸੰਦੇਸ਼ ਨੂੰ ਸਮਝ ਲਵੇ ਤਾਂ ਕਈ ਗੁਮਰਾਹੀਆਂ ਤੋਂ ਬਚਿਆ ਜਾ ਸਕਦਾ ਹੈ। ਇਸ ਮੌਕੇ ਸ਼ਾਇਰਾਂ ਨੇ ਹਜ਼ਰਤ ਅਲੀ (ਅ.ਸ.), ਨਬੀ-ਏ-ਕਰੀਮ (ਸ.ਅ.ਵ.) ਅਤੇ ਅੱਲ੍ਹਾ ਦੀ ਸ਼ਾਨ ਵਿੱਚ ਆਪਣਾ ਕਲਾਮ ਪੇਸ਼ ਕੀਤਾ। ਸਮਾਗਮ ਦੇ ਅੰਤ ਵਿੱਚ ਸਾਰੇ ਹਾਜ਼ਰੀਨਾਂ ਨੇ ਇੱਕ-ਦੂਜੇ ਨੂੰ ਈਦ-ਏ-ਗਦੀਰ ਦੀਆਂ ਮੁਬਾਰਕਾਂ ਦਿੱਤੀਆਂ ਅਤੇ ਮੂੰਹ ਮਿੱਠਾ ਕਰਵਾਇਆ।